ਕੈਨੇਡੀਅਨ ਪੰਜਾਬ ਟਾਈਮਜ਼

ਸੱਚ ਅਤੇ ਨਿਰਪੱਖ ਸੋਚ

CANADIAN PUNJAB TIMES

Funded by the Government of Canada | Financé par le gouvernement du Canada | Canada

SINCE : 2007

: www.thepunjabtimes.ca
: canadianpunjabtimes@gmail.com

Vol - 18 | 20 December, 2024 | C | ੬ ਪੋਹ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes



New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.



ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4


# ਬੀ.ਸੀ. ਸੂਬੇ ਦਾ ਕਰਜ਼ਾ ਵਿੱਤੀ ਸਾਲ ਦੇ ਅੰਤ ਤੱਕ 130 ਬਿਲੀਅਨ ਡਾਲਰ ਹੋਣ ਦੀ ਸੰਭਾਵਨਾ

## ਬ੍ਰਿਟਿਸ਼ ਕੋਲੰਬੀਆ ਦਾ ਵਿੱਤੀ ਖ਼ਰਚਾ 9.4 ਬਿਲੀਅਨ ਡਾਲਰ ਤੱਕ ਵਧਿਆ



ਵਿੱਤੀ ਮੰਤਰੀ ਬ੍ਰੈਂਡਾ ਬੇਲੀ

ਵੈਨਕੂਵਰ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਨਵੀਂ ਵਿੱਤੀ ਮੰਤਰੀ ਬ੍ਰੈਂਡਾ ਬੇਲੀ ਦਾ ਕਹਿਣਾ ਹੈ ਕਿ ਸੂਬੇ ਦੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਾਰਨ ਇਸ ਸਾਲ ਦਾ ਰਿਕਾਰਡ ਖ਼ਰਚਾ ਵਧਿਆ ਹੈ, ਜਿਸਦਾ ਅੰਦਾਜ਼ਾ 9.4 ਬਿਲੀਅਨ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ 2024-2025 ਦੇ ਲਈ ਸਰਕਾਰ ਵਲੋਂ ਦਿੱਤੇ ਪਿਛਲੇ ਵੇਰਵਿਆਂ ਅਨੁਸਾਰ 8.9 ਬਿਲੀਅਨ ਡਾਲਰ ਦੇ ਅੰਦਾਜੇ ਤੋਂ 429 ਮਿਲੀਅਨ ਡਾਲਰ ਵਧ ਗਿਆ ਹੈ, ਜੋ ਮੁੱਖ ਤੌਰ 'ਤੇ ਘੱਟ ਆਮਦਨੀ ਕਾਰਨ ਹੈ। ਬੇਲੀ ਨੇ ਮੰਗਲਵਾਰ ਨੂੰ ਕਿਹਾ ਕਿ ਖ਼ਰਚਾ ਵਧਣ ਦੇ ਬਾਵਜੂਦ ਸੂਬੇ ਦੀ ਸਰਕਾਰ ਦੀ ਯੋਜਨਾ ਵਿੱਚ ਕੋਈ ਤਬਦੀਲੀ ਨਹੀਂ ਆਏਗੀ ਅਤੇ ਉਹ "ਸਮਾਰਟ ਅਤੇ ਟਾਰਗਟਡ ਨਿਵੇਸ਼" ਕਰਕੇ ਆਰਥਿਕਤਾ ਨੂੰ ਵਧਾਉਣ ਦੀ ਕੋਸ਼ਿਸ਼ ਜਾਰੀ ਰੱਖੇਗੀ, ਨਾ ਕਿ ਸੇਵਾਵਾਂ ਵਿੱਚ ਕਟੌਤੀ ਕਰਨ ਸਬੰਧੀ ਕੋਈ ਵਿਉਂਤਬੰਦੀ ਕਰਨਗੇ। ਉਨ੍ਹਾਂ ਕਿਹਾ, "ਮੇਰੀ ਸੋਚ ਹੈ ਕਿ ਤੁਸੀਂ ਖਾਲੀ ਪਿਆਲੇ ਤੋਂ ਪੀ ਸਕਦੇ • ਬਾਕੀ ਸਫ਼ਾ 31 'ਤੇ

# ਸਰੀ ਸਿਟੀ ਕੌਂਸਲ ਜਨਵਰੀ ਵਿੱਚ ਆਪਣੀਆਂ ਤਨਖ਼ਾਹ 'ਚ 8 ਫ਼ੀਸਦੀ ਵਾਧੇ ਲਈ ਕਰੇਗੀ ਵੋਟ




**ਸਰੀ, (ਸਿਮਰਨਜੀਤ ਸਿੰਘ):** ਸਰੀ ਸਿਟੀ ਕੌਂਸਲ ਨਵੇਂ ਸਾਲ ਵਿੱਚ ਆਪਣੀਆਂ ਤਨਖ਼ਾਹ 'ਚ 8 ਫੀਸਦੀ ਵਾਧੇ ਲਈ ਵੋਟਿੰਗ ਕਰਵਾਈ ਜਾਵੇਗੀ ਪਰ ਇਸ ਦੇ ਵਿਰੋਧ ਵਿੱਚ ਸਿਰਫ਼ ਦੋ ਹੀ ਕੌਂਸਲਰਾਂ ਨੇ ਅਵਾਜ਼ ਉਠਾਈ ਹੈ। ਸਰੀ ਸਿਟੀ ਕੌਂਸਲ ਦੇ ਦੋ ਮੈਂਬਰਾਂ ਨੇ ਕਿਹਾ ਹੈ ਕਿ ਉਹ ਆਪਣੇ ਲਈ ਨਵੇਂ ਸਾਲ ਵਿੱਚ ਅੱਠ ਫੀਸਦੀ ਤਨਖਾਹ ਵਾਧੇ ਦੇ ਖਿਲਾਫ ਵੋਟ ਕਰਨਗੇ। ਇਹ ਵਾਧਾ, ਜੇ ਮਨਜ਼ੂਰ ਹੋ ਜਾਂਦਾ ਹੈ, ਤਾਂ ਕੌਂਸਲ ਦੇ ਮੈਂਬਰਾਂ ਦੀ ਤਨਖਾਹ ਵਿੱਚ ਮਹੱਤਵਪੂਰਨ ਵਾਧਾ ਹੋਵੇਗਾ।

ਸਰੀ ਸਿਟੀ ਦੀ ਇੱਕ ਰਿਪੋਰਟ ਮੁਤਾਬਕ, ਇਹ ਤਨਖਾਹ ਵਾਧਾ ਸਿਰਫ਼ ਸਰੀ ਹੀ ਨਹੀਂ, ਸਗੋਂ ਕੈਨੇਡਾ ਦੇ ਹੋਰ 12 ਹੋਰ ਮਿਲਦੇ-ਜੁਲਦੇ ਆਕਾਰ ਦੇ ਸ਼ਹਿਰਾਂ ਵਿਚ ਸਿਟੀ ਕੌਂਸਲ ਵਲੋਂ ਵੀ ਕੀਤਾ ਜਾ ਰਿਹਾ ਹੈ।

ਜੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਮਿਲਦੀ ਹੈ, ਤਾਂ ਮੇਅਰ ਬ੍ਰੈਂਡਾ ਲੌਕ ਦੀ ਵਰਤਮਾਨ ਤਨਖਾਹ ਵਿੱਚ $13,000 ਤੋਂ ਵੱਧ ਦਾ ਵਾਧਾ ਹੋਵੇਗਾ, ਜਿਸ ਨਾਲ ਉਹਦੀ ਸਾਲਾਨਾ ਆਮਦਨੀ $185,000 ਦੇ ਨੇੜੇ ਪਹੁੰਚ ਜਾਵੇਗੀ। ਕੌਂਸਲਰਾਂ ਨੂੰ ਵੀ $7,000 ਦਾ ਵਾਧਾ ਮਿਲੇਗਾ, ਜਿਸ ਨਾਲ ਉਹਦੀ ਤਨਖਾਹ ਵਧ ਕੇ $94,000 ਤੋਂ ਥੋੜ੍ਹੀ ਜ਼ਿਆਦਾ ਹੋ ਜਾਵੇਗੀ, ਇਸ ਤੋਂ ਇਲਾਵਾ ਵਾਧੂ ਖਰਚਿਆਂ ਲਈ ਭੱਤੇ ਅਲੱਗ ਤੋਂ ਦਿੱਤੇ ਜਾਣਗੇ।

ਸਰੀ ਸਿਟੀ ਕੌਂਸਲਰ ਲਿੰਡਾ ਐਨਿਸ ਨੇ ਇਸ ਮਤੇ ਦੇ ਖਿਲਾਫ ਆਪਣਾ ਸਪੱਸ਼ਟ ਮਤ ਪ੍ਰਗਟ ਕੀਤਾ। ਉਨ੍ਹਾਂ ਕਿਹਾ "ਸਾਨੂੰ ਟੈਕਸ ਭਰਨ ਵਾਲੇ ਲੋਕਾਂ ਦੇ ਪੈਸਿਆਂ ਨਾਲ ਜ਼ਿੰਮੇਵਾਰੀ ਵਾਲਾ • ਬਾਕੀ ਸਫ਼ਾ 31 'ਤੇ


ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY



HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8



KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com



S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC



JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com



Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC
778-600-0810 2644 Cyril St Abbotsford BC



IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey



PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655



ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ

ਵਲੋਂ

ਸਾਹਿਬਜ਼ਾਦਿਆਂ ਦੀ ਯਾਦ ਵਿੱਚ

ਵਿਸ਼ੇਸ਼ ਸੈਮੀਨਾਰ

ਮਿਤੀ

22 ਦਸੰਬਰ 2024 ਦਿਨ ਐਤਵਾਰ

ਸਮਾਂ

01:00 ਤੋਂ 4:00 ਵਜੇ ਤੱਕ

ਸਥਾਨ

ਗਰੈਂਡ ਤਾਜ ਬੈਂਕੁਇਟ ਹਾਲ

8388-128 ਸਟ੍ਰੀਟ, ਸਰੀ ਬੀ.ਸੀ.

ਹਰ ਸਾਲ ਦੀ ਤਰ੍ਹਾਂ ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ ਵੈਨਕੂਵਰ ਵਲੋਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਪਰਪਿਤ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਸ਼ਾਮਲ ਹੋ ਕੇ ਧੰਨਵਾਦੀ ਬਣਾਓ ਜੀ!

ਚਾਹ-ਪਾਣੀ ਦਾ ਵੀ ਪ੍ਰਬੰਧ ਹੋਵੇਗਾ।

ਬੁਲਾਰੇ


ਭਾਈ ਸ਼ਿਵਤੇਗ ਸਿੰਘ


ਭਾਈ ਪਰਮਜੀਤ ਸਿੰਘ ਉੱਤਰਾਖੰਡ


ਭਾਈ ਜਸਬੀਰ ਸਿੰਘ

ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ

ਡਾ. ਜਗਜੀਤ ਸਿੰਘ : 778-802-4304
ਕੇਸਰ ਸਿੰਘ ਅਠਵਾਲ : 778-858-3607
ਜਸਬੀਰ ਸਿੰਘ : 604-723-5844
ਮਨਜੀਤ ਸਿੰਘ : 604-842-9958
ਸਤਨਾਮ ਸਿੰਘ : 604-307-3800


# ਐਡਮਿੰਟਨ ਵਿੱਚ ਮਾਰੇ ਗਏ ਹਰਸ਼ਦੀਪ ਸਿੰਘ ਨੂੰ ਦਿੱਤਾ ਗਿਆ ਗਾਰਡ ਆਫ਼ ਆਨਰ ਦਾ ਸਨਮਾਨ

## ਸੁਰੱਖਿਆ ਗਾਰਡ ਦੀ ਡਿਊਟੀ ਕਰਦੇ ਸਮੇਂ ਬਦਮਾਸ਼ਾਂ ਨੇ ਮਾਰੀ ਸੀ ਗੋਲੀ



ਐਡਮਿੰਟਨ : 6 ਦਸੰਬਰ ਨੂੰ 20 ਸਾਲਾ ਪੰਜਾਬੀ ਵਿਦਿਆਰਥੀ ਹਰਸ਼ਦੀਪ ਸਿੰਘ ਦੀ ਐਡਮਿੰਟਨ 'ਚ ਸੁਰੱਖਿਆ ਗਾਰਡ ਵਜੋਂ ਡਿਊਟੀ ਕਰਦੇ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਹ ਦਰਦਨਾਕ ਹਾਦਸਾ ਐਡਮਿੰਟਨ ਦੀ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਹੋਇਆ, ਜਿੱਥੇ ਹਰਸ਼ਦੀਪ ਸਿੰਘ ਸੁਰੱਖਿਆ ਗਾਰਡ ਵਜੋਂ ਡਿਊਟੀ ਕਰ ਰਿਹਾ ਸੀ। ਉਸ ਦੀ ਹੱਤਿਆ ਤੋਂ ਬਾਅਦ ਕੈਨੇਡਾ ਦੀ ਸਰਕਾਰ ਨੇ ਉਸਨੂੰ ਡਿਊਟੀ ਦੇ ਦੌਰਾਨ ਹੋਈ ਹੱਤਿਆ ਦੇ ਲਈ "ਗਾਰਡ ਆਫ਼ ਆਨਰ" ਦੇ ਕੇ ਉਸ ਦੀ ਸ਼ਹਾਦਤ ਨੂੰ ਸਨਮਾਨ ਦਿੱਤਾ ਹੈ।

ਹਰਸ਼ਦੀਪ ਸਿੰਘ, ਜੋ ਕਿ ਨੌਰਕੈਸਟ ਕਾਲਜ ਦਾ ਅੰਤਰਰਾਸ਼ਟਰੀ ਵਿਦਿਆਰਥੀ ਸੀ, ਸਿਰਫ਼ ਤਿੰਨ ਦਿਨ ਪਹਿਲਾਂ ਹੀ ਆਪਣੇ ਨਵੇਂ ਕੰਮ 'ਤੇ ਤਾਇਨਾਤ ਹੋਇਆ ਸੀ। ਉਸ ਦੀ ਹੱਤਿਆ ਦੀ ਖਬਰ ਨੇ ਨਾ ਸਿਰਫ਼ ਪੰਜਾਬੀ ਕਮਿਊਨਿਟੀ ਨੂੰ ਗਹਿਰਾ ਸਦਮਾ ਪਹੁੰਚਾਇਆ, ਸਗੋਂ ਪੂਰੇ ਕੈਨੇਡਾ ਵਿੱਚ ਇਸ ਨਫਰਤੀ ਹਮਲੇ ਦੀ ਭਾਰੀ ਨਿੰਦਾ ਕੀਤੀ ਗਈ।

ਪੁਲਿਸ ਦੇ ਮੁਤਾਬਕ, ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਹਰਸ਼ਦੀਪ ਸਿੰਘ ਨੇ ਅਪਾਰਟਮੈਂਟ ਦੀ ਬਿਲਡਿੰਗ ਦੇ ਬਾਹਰ ਕੁਝ ਲੋਕਾਂ ਵਿਚਾਲੇ ਹੋ ਰਹੀ ਝੜਪ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਸੁਰੱਖਿਆ ਗਾਰਡ ਦੇ ਤੌਰ 'ਤੇ ਆਪਣੀ ਡਿਊਟੀ ਨਿਭਾ ਰਿਹਾ ਹਰਸ਼ਦੀਪ ਨੇ ਸਿਰਫ਼ ਲੜਾਈ ਨੂੰ ਰੋਕਣ ਲਈ ਦਖਲ ਦਿੱਤਾ ਸੀ। ਪਰ ਇਹ ਦਖਲਅੰਦਾਜ਼ੀ ਉਸਦੀ ਜਾਨ ਲੈ ਬੈਠੀ।

ਸਰਕਾਰ ਅਤੇ ਪੁਲਿਸ ਦੇ ਅਧਿਕਾਰੀਆਂ ਨੇ ਇਸ ਹਮਲੇ ਨੂੰ ਇੱਕ ਭਾਰੀ ਚੁਣੌਤੀ ਵਾਲੀ ਵਾਰਦਾਤ ਮੰਨਿਆ। ਐਡਮਿੰਟਨ ਪੁਲਿਸ ਨੇ ਘਟਨਾ ਦੇ ਦੌਰਾਨ ਸੀਸੀਟੀਵੀ ਰਿਕਾਰਡਿੰਗ ਤੋਂ ਇਸ ਹਮਲੇ ਦੀ ਪੂਰੀ ਤਸਵੀਰ ਤਿਆਰ ਕੀਤੀ। ਸੀਸੀਟੀਵੀ ਵੀਡੀਓ ਵਿੱਚ ਹਮਲਾਵਰ ਨੂੰ ਪੀੜਤਾ ਨੂੰ ਪੌੜੀਆਂ ਤੋਂ ਸੁੱਟਦੇ ਹੋਏ ਅਤੇ ਫਿਰ ਉਸਨੂੰ ਪਿੱਠ 'ਤੇ ਗੋਲੀ ਮਾਰਦੇ ਹੋਏ ਵਖਾਈ ਦਿੱਤਾ ਗਿਆ।

ਜਾਂਚ ਅਧਿਕਾਰੀਆਂ ਦੇ ਅਨੁਸਾਰ, ਹਮਲਾਵਰ ਇੱਕ ਕੈਨੇਡੀਅਨ ਨਾਗਰਿਕ ਸੀ ਜੋ ਉਸ ਸਮੇਂ ਹਮਲਾ ਕਰਨ ਵਿੱਚ ਮੋਹਰੀ ਸੀ। ਹਰਸ਼ਦੀਪ ਸਿੰਘ ਨੇ ਆਪਣੀ ਸੁਰੱਖਿਆ ਡਿਊਟੀ ਨਿਭਾਉਂਦੇ ਹੋਏ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਸ ਹਮਲਾਵਰ ਨੇ ਹਰਸ਼ਦੀਪ ਸਿੰਘ 'ਤੇ ਗੋਲੀ ਚਲਾ ਦਿੱਤੀ।

# ਸਰੀ ਵਿੱਚ ਦਿਨ-ਦਿਹਾੜੇ ਚਾਕੂ ਨਾਲ 23 ਸਾਲਾ ਪੰਜਾਬਣ ਦੀ ਕੀਤੀ ਹੱਤਿਆ

ਸਰੀ (ਪਰਮਜੀਤ ਸਿੰਘ): ਸਰੀ ਦੇ 147 ਸਟਰੀਟ ਅਤੇ 108ਏ ਐਵੇਨਿਊ ਨੇੜੇ 14 ਦਸੰਬਰ ਨੂੰ ਤੜਕੇ 3 ਵਜੇ ਇੱਕ ਘਰ ਅੰਦਰ ਹੋਈ ਛੁਰੇਬਾਜ਼ੀ ਦੀ ਘਟਨਾ ਨੇ ਸਥਾਨਕ ਲੋਕਾਂ 'ਚ ਸਹਿਮ ਦਾ ਮਹੌਲ ਪੈਦਾ ਕਰ ਦਿੱਤਾ ਹੈ। ਇਸ ਘਟਨਾ ਵਿੱਚ ਜਾਨ ਗੁਆਉਣ ਵਾਲੀ ਲੜਕੀ ਦੀ ਪਛਾਣ 23 ਸਾਲਾ ਸਿਮਰਨ ਕੌਰ ਵਜੋਂ ਹੋਈ ਹੈ। ਸਿਮਰਨ ਹਰਿਆਣਾ ਦੇ ਪਿਹੋਵਾ ਨੇੜਲੇ ਪਿੰਡ ਠਸਕਾ ਮਿਰਾਂਜੀ ਦੀ ਰਹਿਣ ਵਾਲੀ ਸੀ ਅਤੇ ਮਈ 2023 ਵਿੱਚ ਇੱਕ ਅੰਤਰਰਾਸ਼ਟਰੀ ਵਿਦਿਆਰਥਣ ਵਜੋਂ ਕੈਨੇਡਾ ਆਈ ਸੀ।



ਪੁਲਿਸ ਅਨੁਸਾਰ, ਕੁਝ ਹਮਲਾਵਰ ਕਿਰਾਏ ਦੇ ਘਰ ਵਿੱਚ ਵੜੇ ਅਤੇ ਦੋ ਵਿਦਿਆਰਥਣਾਂ ਉੱਤੇ ਤਿੱਖੇ ਹਥਿਆਰਾਂ ਨਾਲ ਹਮਲਾ ਕੀਤਾ। ਸਿਮਰਨਜੀਤ ਕੌਰ ਨੂੰ ਗੰਭੀਰ ਚੋਟਾਂ ਆਈਆਂ, ਅਤੇ ਉਸ ਦੀ ਮੌਤ ਘਟਨਾ ਸਥਾਨ 'ਤੇ ਹੀ ਹੋ ਗਈ। ਦੂਜੀ ਵਿਦਿਆਰਥਣ, ਜਿਸ ਦੀ ਪਛਾਣ ਅਜੇ ਨਹੀਂ ਹੋ ਸਕੀ, ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਹੈ। ਹਮਲਾਵਰ ਬਾਰੇ ਪੁਲਿਸ ਕੋਲ ਹਾਲੇ ਕੋਈ ਸੁਰਾਗ ਨਹੀਂ ਹੈ ਪਰ ਮਾਮਲੇ ਦੀ ਜਾਂਚ ਇਨਟਿਗ੍ਰੇਟਿਡ ਹੋਮਿਸਾਈਡ ਇਨਵੈਸਟੀਗੇਸ਼ਨ ਟੀਮ (ਆਈਹਿੱਟ) ਦੇ ਹਵਾਲੇ ਕਰ ਦਿੱਤੀ ਗਈ ਹੈ।

ਸਿਮਰਨ ਦੇ ਪਿਤਾ ਸ. ਬਗੀਚਾ ਸਿੰਘ ਹਰਿਆਣਾ ਵਿੱਚ ਇੱਕ ਪ੍ਰਾਈਵੇਟ ਸਕੂਲ ਦੀ ਬੱਸ ਚਲਾਉਂਦੇ ਹਨ। ਸਿਮਰਨ ਦਾ ਇੱਕ ਛੋਟਾ ਭਰਾ ਵੀ ਹੈ, ਜੋ 10ਵੀਂ ਜਮਾਤ ਦੇ ਬਾਅਦ ਅਮਰੀਕਾ ਚਲਾ ਗਿਆ ਸੀ। ਸਿਮਰਨ ਕੈਨੇਡਾ 'ਚ ਉੱਚ-ਸਿੱਖਿਆ ਪ੍ਰਾਪਤ ਕਰਨ ਅਤੇ ਪਰਿਵਾਰ ਦੀ ਮਾਲੀ ਹਾਲਤ ਨੂੰ ਸੁਧਾਰਨਾ ਦਾ ਸੁਪਨਾ ਲੈ ਕੇ ਆਈ ਸੀ।

ਸਥਾਨਕ ਭਾਈਚਾਰਾ ਇਸ ਘਟਨਾ ਨਾਲ ਗਹਿਰੇ ਦੁਖ ਵਿੱਚ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੁਰੱਖਿਆ ਇੱਕ ਵੱਡਾ ਮਸਲਾ ਬਣਦਾ ਜਾ ਰਿਹਾ ਹੈ। ਸਿਮਰਨ ਕੌਰ ਦੀ ਮੌਤ ਨੇ ਸਥਾਨਕ ਪੰਜਾਬ ਅਤੇ ਹਰਿਆਣਾ ਦੇ ਵਾਸੀਆਂ ਨੂੰ ਸਰੁੱਖਿਆ ਨੂੰ ਲੈ ਕੇ ਡੂੰਘਾ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਹੈ। ਸਥਾਨਕ ਭਾਈਚਾਰੇ ਵਲੋਂ ਇਸ ਮਾਮਲੇ 'ਚ ਸਰਕਾਰ ਤੋਂ ਸਖਤ ਕਦਮ ਚੁੱਕਣ ਦੀ ਮੰਗ ਕੀਤੀ ਹੈ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

ਸਿਮਰਨਜੀਤ ਦੇ ਪਿੰਡ ਦੇ ਸਾਬਕਾ ਸਰਪੰਚ ਦਿਲਬਾਗ ਸਿੰਘ ਗੋਰਾਇਆ ਨੇ ਕਿਹਾ, "ਇਹ ਘਟਨਾ ਸਿਰਫ਼ ਉਸਦੇ ਪਰਿਵਾਰ ਲਈ ਨਹੀਂ ਸਗੋਂ ਪੂਰੇ ਪਿੰਡ ਲਈ ਦਿਲ ਦਹਲਾ ਦੇਣ ਵਾਲੀ ਹੈ। ਅਸੀਂ ਕੈਨੇਡਾ ਦੇ ਸਮਾਜਿਕ ਅਤੇ ਧਾਰਮਿਕ ਸੰਗਠਨਾਂ ਨਾਲ ਸੰਪਰਕ ਕਰ ਰਹੇ ਹਾਂ ਤਾਂ ਜੋ ਸਿਮਰਨਜੀਤ ਦੀ ਦੇਹ ਨੂੰ ਭਾਰਤ ਲਿਆਂਦਾ ਜਾ ਸਕੇ।"

ਪੁਲਿਸ ਵੱਲੋਂ ਹਮਲਾਵਰ ਦੀ ਪਛਾਣ ਅਤੇ ਮਕਸਦ ਬਾਰੇ ਜਾਣਕਾਰੀ ਲੱਭਣ ਲਈ ਜਾਂਚ ਕੀਤੀ ਜਾ ਰਹੀ ਹੈ ਅਤੇ ਜਨਤਾ ਨੂੰ ਵੀ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਮਾਮਲੇ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ।

## ਬੀ.ਸੀ. ਖਾਲਸਾ ਦਰਬਾਰ ਸੁਸਾਇਟੀ, ਵੈਨਕੂਵਰ ਵਲੋਂ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਮਾਗਮ 20 ਦਸੰਬਰ ਤੋਂ



ਸਰੀ, : ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਵਲੋਂ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਖਾਲਸਾ ਦਰਬਾਰ ਵਿਖੇ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਗੁਰਦੁਆਰਾ ਖਾਲਸਾ ਦਰਬਾਰ ਦੇ ਮੁੱਖ ਸੇਵਾਦਾਰ ਅਮਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ 20 ਦਸੰਬਰ ਸ਼ੁਕਰਵਾਰ ਨੂੰ ਆਰੰਭ ਕਰਵਾਏ ਜਾ ਰਹੇ ਹਨ ਅਤੇ 22 ਦਸੰਬਰ ਐਤਵਾਰ ਨੂੰ ਸਵੇਰੇ 9:00 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਬਾਅਦ ਦੁਪਹਿਰ 1:00 ਵਜੇ ਤੱਕ ਗੁਰਮਤਿ ਦੀਵਾਨ ਸਜਣਗੇ ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਤੋਂ ਇਲਾਵਾ ਕਥਾ ਵਾਚਕ ਗੁਰੂ ਇਤਿਹਾਸ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਉਣਗੇ। ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਹੈ ਕਿ ਉਪਰੋਕਤ ਸਮਾਗਮਾਂ ਵਿੱਚ ਹਾਜ਼ਰੀਆਂ ਜ਼ਰੂਰ ਭਰੋ। ਇਨ੍ਹਾਂ ਧਾਰਮਿਕ ਸਮਾਗਮਾਂ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਸਰੀ ਨੂੰ 2028 ਤੱਕ 53,111 ਨਵੀਆਂ ਰਿਹਾਇਸ਼ਾਂ ਦੀ ਜ਼ਰੂਰਤ



ਸਰੀ, (ਸਿਮਰਨਜੀਤ ਸਿੰਘ): ਇੱਕ ਨਵੀਂ ਰਿਪੋਰਟ ਮੁਤਾਬਕ, ਸਰੀ ਨੂੰ 2043 ਤੱਕ 169,221 ਨਵੀਆਂ ਰਿਹਾਇਸ਼ਾਂ ਦੀ ਜਰੂਰਤ ਹੋਵੇਗੀ, ਜਿਨ੍ਹਾਂ ਵਿੱਚੋਂ 53,111 ਰਿਹਾਇਸ਼ਾਂ 2028 ਤੱਕ ਜ਼ਰੂਰੀ ਹਨ। ਇਹ ਜਾਣਕਾਰੀ ਇੱਕ ਸੂਬਾਈ ਸਰਕਾਰ ਦੀ ਰਿਪੋਰਟ ਵਿੱਚ ਦਿੱਤੀ ਗਈ ਹੈ ਜੋ ਬੀਤੇ ਦਿਨੀਂ ਸਰੀ ਕੌਂਸਲ ਦੇ ਸਾਹਮਣੇ ਪੇਸ਼ ਕੀਤੀ ਗਈ ਸੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਰੀ ਦੀ ਵਧਦੀ ਅਬਾਦੀ ਅਤੇ ਰਿਹਾਇਸ਼ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਟੀਚੇ ਮਿੱਥੇ ਗਏ ਹਨ। ਰਿਪੋਰਟ ਦੇ ਅਨੁਸਾਰ, 2028 ਤੱਕ 2,633 ਨਵੀਆਂ ਰਿਹਾਇਸ਼ਾਂ ਦੀ ਲੋੜ ਹੋਵੇਗੀ ਤਾਂ ਜੋ ਸ਼ਹਿਰ ਵਿੱਚ "ਅਤਿ ਸਖਤ ਰਿਹਾਇਸ਼ ਦੀ ਘਾਟ" ਨੂੰ ਘੱਟ ਕੀਤਾ ਜਾ ਸਕੇ। ਇਸ ਨੂੰ ਉਸ ਸਮੂਹ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਆਪਣੇ ਕੁੱਲ ਪ੍ਰੀ-ਟੈਕਸ ਆਮਦਨ ਦਾ ਅੱਧਾ ਹਿੱਸਾ ਰਿਹਾਇਸ਼ ਦੇ ਖਰਚੇ 'ਤੇ ਖਰਚ ਕਰ ਰਹੇ ਹਨ, ਇਸ ਵਿੱਚ ਕਿਰਾਏਦਾਰ ਅਤੇ ਮੋਰਟਗੇਜ ਵਾਲੇ ਮਾਲਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ, 2043 ਤੱਕ ਇਹ ਗਿਣਤੀ 10,533 ਰਿਹਾਇਸ਼ਾਂ ਤੱਕ ਪਹੁੰਚ ਜਾਵੇਗੀ। ਜਦੋਂ ਕਿ 2028 ਤੱਕ ਬੇਘਰ ਲੋਕਾਂ ਲਈ 1,229 ਰਿਹਾਇਸ਼ਾਂ ਦੀ ਲੋੜ ਹੋਵੇਗੀ, 2043 ਤੱਕ ਇਸ ਦੀ ਗਿਣਤੀ 2,458 ਹੋ ਜਾਵੇਗੀ। ਇਸ ਰਿਪੋਰਟ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ 2006 ਤੋਂ ਹੁਣ ਤੱਕ "ਕੰਪਲੈਕਟ ਰਿਹਾਇਸ਼ੀ ਵਾਤਾਵਰਨ" ਕਾਰਨ ਜੋ ਘਰ ਨਹੀਂ ਬਣ ਸਕੇ, ਉਨ੍ਹਾਂ ਲਈ 2028 ਤੱਕ 3,212 ਨਵੀਆਂ ਰਿਹਾਇਸ਼ਾਂ ਦੀ ਲੋੜ ਹੋਵੇਗੀ, ਅਤੇ 2043 ਤੱਕ ਇਹ ਗਿਣਤੀ 12,847 ਤੱਕ ਪਹੁੰਚ ਜਾਵੇਗੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਬਾਦੀ ਵਿੱਚ ਵਾਧੇ ਲਈ 2028 ਤੱਕ 38,744 ਰਿਹਾਇਸ਼ਾਂ ਦੀ ਲੋੜ ਹੋਵੇਗੀ, ਅਤੇ 2043 ਤੱਕ ਇਹ ਗਿਣਤੀ 114,209 ਤੱਕ ਪਹੁੰਚ ਜਾਵੇਗੀ। This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ
604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.




Honourable
HARJIT
SAJJAN
Member of Parliament, Vancouver South

6406 Victoria Drive
Vancouver,
British Columbia, V5P 3X7
Telephone: 604-775-5323
E-mail : Harjit.sajjan@parl.gc.ca

# ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਦੇ ਅਸਤੀਫ਼ਾ ਤੋਂ ਬਾਅਦ ਟਰੂਡੋ ਸਰਕਾਰ ਦੀਆਂ ਚੁਣੌਤੀਆਂ ਵਧੀਆਂ

**ਸਰੀ, (ਸਿਮਰਨਜੀਤ ਸਿੰਘ):** ਇਸ ਹਫ਼ਤੇ ਦੇ ਸ਼ੁਰੂ ਹੁੰਦੇ ਹੀ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਕੈਬਿਨੇਟ ਤੋਂ ਅਸਤੀਫ਼ਾ ਦੇ ਕੇ ਕੈਨੇਡਾ ਦੀ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ। ਇਹ ਅਸਤੀਫ਼ਾ ਉਦੋਂ ਆਇਆ ਹੈ, ਜਦੋਂ ਫ਼ੈਡਰਲ ਸਰਕਾਰ ਫ਼ੌਲ ਇਕਨੌਮਿਕ ਸਟੇਟਮੈਂਟ ਜਾਰੀ ਕਰਨ ਵਾਲੀ ਸੀ। ਫ੍ਰੀਲੈਂਡ ਦੇ ਇਸ ਫੈਸਲੇ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੀਡਰਸ਼ਿਪ ਅਤੇ ਸਰਕਾਰ ਦੇ ਏਜੰਡੇ ਬਾਰੇ ਨਵਾਂ ਚਰਚਾ ਛੇੜ ਦਿੱਤਾ ਹੈ।

ਕ੍ਰਿਸਟੀਆ ਫ੍ਰੀਲੈਂਡ ਨੇ ਟਰੂਡੋ ਦੇ ਨਾਮ ਇਕ ਖੁੱਲ੍ਹਾ ਪੱਤਰ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ, ਜਿਸ ਵਿੱਚ ਉਹਨਾਂ ਕਿਹਾ ਕਿ ਸ਼ੁੱਕਰਵਾਰ ਨੂੰ ਟਰੂਡੋ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਮਿਹਨਤ ਨਾਲ ਕੀਤੇ ਕੰਮ ਬਾਵਜੂਦ ਵੀ ਉਹਨਾਂ ਨੂੰ ਵਿੱਤ ਮੰਤਰੀ ਵਜੋਂ ਨਹੀਂ ਰੱਖਣਾ ਚਾਹੁੰਦੇ। ਉਨ੍ਹਾਂ ਨੂੰ ਕੈਬਿਨੇਟ ਵਿੱਚ ਹੋਰ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ।

ਫ੍ਰੀਲੈਂਡ ਨੇ ਪੱਤਰ ਵਿੱਚ ਲਿਖਿਆ, "ਸੋਚਣ ਤੋਂ ਬਾਅਦ, ਮੈਂ ਇਹ ਫੈਸਲਾ ਕੀਤਾ ਕਿ ਕੈਬਿਨੇਟ ਤੋਂ ਅਸਤੀਫ਼ਾ ਦੇਣਾ ਮੇਰੇ ਲਈ ਸਭ ਤੋਂ ਇਮਾਨਦਾਰ ਅਤੇ ਸਹੀ ਰਸਤਾ ਹੈ।"

ਉਨ੍ਹਾਂ ਨੇ ਅਸਤੀਫ਼ੇ ਦੇ ਮੱਦੇਨਜ਼ਰ ਕੈਨੇਡਾ ਦੇ ਆਰਥਿਕ ਹਾਲਾਤਾਂ ਬਾਰੇ ਵੀ ਗਹਿਰਾਈ ਨਾਲ ਵਿਚਾਰ ਕੀਤਾ। ਉਹਨਾਂ ਆਪਣੇ ਪੱਤਰ ਵਿੱਚ ਇਸ਼ਾਰਾ ਕੀਤਾ ਕਿ ਉਹ ਮਹਿੰਗੀਆਂ ਸਰਕਾਰੀ ਚਾਲਾਂ ਨਾਲ ਸਹਿਮਤ ਨਹੀਂ ਹਨ।

ਫ੍ਰੀਲੈਂਡ ਦਾ ਅਸਤੀਫ਼ਾ ਟਰੂਡੋ ਸਰਕਾਰ ਲਈ ਵੱਡਾ ਸਿਆਸੀ ਝਟਕਾ ਸਾਬਤ ਹੋ ਸਕਦਾ ਹੈ। ਟਰੂਡੋ ਦੀ ਲੀਡਰਸ਼ਿਪ ਪਹਿਲਾਂ ਹੀ ਚੋਣਾਂ ਵਿੱਚ ਹਾਰ ਅਤੇ ਪਾਰਟੀ ਦੇ ਕਈ ਐਮਪੀਜ਼ ਵੱਲੋਂ ਉਨ੍ਹਾਂ ਤੋਂ ਲੀਡਰਸ਼ਿਪ ਛੱਡਣ ਦੀ ਮੰਗ



ਕਾਰਨ ਨਿਸ਼ਾਨੇ 'ਤੇ ਹੈ। ਲੰਘੀਆਂ ਗਰਮੀਆਂ ਦੌਰਾਨ ਟੋਰਾਂਟੋ ਅਤੇ ਮੌਂਟਰੀਅਲ ਦੀਆਂ ਦੋ ਰਾਈਡਿੰਗਜ਼ ਦੀਆਂ ਜ਼ਿਮਨੀ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਹਾਰ ਹੋਈ ਸੀ। ਇਹ ਸਦਕਾ ਲਿਬਰਲ ਪਾਰਟੀ ਦੇ ਅੰਦਰ ਬਗ਼ਾਵਤ ਨੂੰ ਹੋਰ ਵਧਾਵਾ ਮਿਲਿਆ। 25 ਐਮਪੀਜ਼ ਨੇ ਟਰੂਡੋ ਨੂੰ ਪੱਤਰ ਲਿਖਕੇ ਉਹਨਾਂ ਨੂੰ ਅਸਤੀਫ਼ਾ ਦੇਣ ਦੀ ਮੰਗ ਕੀਤੀ ਸੀ।

ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਨੇ ਕਿਹਾ ਕਿ ਫ੍ਰੀਲੈਂਡ ਦਾ ਅਸਤੀਫ਼ਾ ਇਹ ਦਰਸਾਉਂਦਾ ਹੈ ਕਿ ਟਰੂਡੋ "ਨਿਯੰਤਰਣ ਗੁਆ ਚੁੱਕੇ ਹਨ।" ਪੌਲੀਐਵ ਨੇ ਫੈਡਰਲ ਚੋਣਾਂ ਦੀ ਮੰਗ ਕੀਤੀ, ਕਹਿੰਦਿਆਂ ਕਿ ਕੈਨੇਡੀਅਨਾਂ ਨੂੰ ਹੁਣ ਆਪਣਾ ਅਗਲਾ ਪ੍ਰਧਾਨ ਮੰਤਰੀ ਚੁਣਨ ਦਾ ਹੱਕ ਮਿਲਣਾ ਚਾਹੀਦਾ ਹੈ।

ਬਲੌਕ ਕਿਊਬੈਕਵਾ ਦੇ ਲੀਡਰ, ਈਵ-ਫ੍ਰੈਂਸੁਆ ਬਲੌਂਸ਼ੇ ਨੇ ਵੀ ਚੋਣਾਂ ਦੀ ਮੰਗ ਕਰਦਿਆਂ ਕਿਹਾ ਕਿ ਟਰੂਡੋ ਸਰਕਾਰ ਆਪਣਾ ਜਵਾਬ ਦੇਣ ਸਮਰਥ ਨਹੀਂ ਰਹੀ। ਐਨਡੀਪੀ ਲੀਡਰ ਜਗਮੀਤ ਸਿੰਘ ਨੇ ਟਰੂਡੋ ਤੋਂ ਅਸਤੀਫ਼ੇ ਦੀ ਮੰਗ ਕੀਤੀ। ਹਾਲਾਂਕਿ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਹਰੇਕ ਵਿਕਲਪ 'ਤੇ ਵਿਚਾਰ ਕਰੇਗੀ।

ਫ੍ਰੀਲੈਂਡ ਨੇ ਪੱਤਰ ਵਿੱਚ ਸਪੱਸ਼ਟ ਕੀਤਾ ਕਿ ਉਹ ਲਿਬਰਲ ਪਾਰਟੀ ਨਾਲ ਜੁੜੇ ਰਹਿਣਗੇ ਅਤੇ ਅਗਲੀਆਂ ਚੋਣਾਂ ਵਿੱਚ ਲੜਨ ਦੀ ਯੋਜਨਾ ਰੱਖਦੇ ਹਨ। ਉਨ੍ਹਾਂ ਦੇ ਅਸਤੀਫ਼ੇ ਦਾ ਅਸਰ ਸਿਰਫ਼ ਟਰੂਡੋ ਦੀ ਸਰਕਾਰ 'ਤੇ ਹੀ ਨਹੀਂ, ਬਲਕਿ ਪਾਰਟੀ ਦੇ ਅੰਦਰੂਨੀ ਹਾਲਾਤਾਂ 'ਤੇ ਵੀ ਹੋਵੇਗਾ।

ਫ੍ਰੀਲੈਂਡ ਦੇ ਇਸ ਚੌਕਾਣੇ ਵਾਲੇ ਫੈਸਲੇ ਨੇ ਸਿਆਸੀ ਵਰਗਾਂ ਵਿੱਚ ਚਰਚਾ ਛੇੜ ਦਿੱਤੀ ਹੈ। ਕੀ ਟਰੂਡੋ ਅੱਗੇ ਆਉਣ ਵਾਲੀਆਂ ਚੋਣਾਂ ਲਈ ਆਪਣੀ ਪਾਰਟੀ ਨੂੰ ਇਕੱਠਾ ਕਰ ਸਕਣਗੇ ਜਾਂ ਨਵਾਂ ਆਗੂ ਆਉਣ ਦੀ ਲੋੜ ਹੈ? ਇਹ ਪ੍ਰਸ਼ਨ ਹੁਣ ਟਰੂਡੋ ਅਤੇ ਉਨ੍ਹਾਂ ਦੀ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਬਣ ਚੁੱਕੇ ਹਨ। This report was written by Simranjit Singh as part of the Local Journalism Initiative.

# ਕਿਊਬੈਕ ਵਿਚ 2035 ਤੋਂ ਨਵੇਂ ਗੈਸ ਵਾਲੀਆਂ ਗੱਡੀਆਂ ਦੀ ਵਿਕਰੀ 'ਤੇ ਲੱਗੀ ਪਾਬੰਦੀ

**ਸਰੀ, (ਸਿਮਰਨਜੀਤ ਸਿੰਘ):** ਕਿਊਬੈਕ ਸਰਕਾਰ ਨੇ 2035 ਤੋਂ ਨਵੇਂ ਗੈਸ ਨਾਲ ਚਲਣ ਵਾਲੀਆਂ ਗੱਡੀਆਂ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਲਈ ਨਵੇਂ ਨਿਯਮਾਂ ਨੂੰ ਮੰਜ਼ੂਰੀ ਦੇ ਦਿੱਤੀ ਹੈ। ਇਹ ਨਿਯਮ ਸੋਮਵਾਰ ਨੂੰ ਅਪਨਾਏ ਗਏ, ਜਿਨ੍ਹਾਂ ਦਾ ਲਾਗੂ ਹੋਣਾ ਸੂਬੇ ਦੇ ਯਾਤਰਾ ਨੈੱਟਵਰਕ ਨੂੰ ਬਿਜਲੀਕਰਣ ਦੀ ਯੋਜਨਾ ਦਾ ਹਿੱਸਾ ਹੈ।

ਇਹ ਪਾਬੰਦੀ ਸਾਰੇ "ਹਲਕੇ ਵਜਨ ਵਾਲੀਆਂ ਗੱਡੀਆਂ" 'ਤੇ ਲਾਗੂ ਹੋਵੇਗੀ, ਜਿਸ ਵਿੱਚ ਕਾਰਾਂ, ਹਲਕੇ ਟਰੱਕ, ਪਿਕਅੱਪ ਟਰੱਕ, ਅਤੇ ਜਿਆਦਾਤਰ ਐਸਯੂਵੀ ਸ਼ਾਮਲ ਹਨ। ਕਿਊਬੈਕ ਸਰਕਾਰ ਨੇ ਗੱਡੀਆਂ ਦੇ ਵਜਨ ਦੀ ਹੱਦ 4,536 ਕਿਲੋਗ੍ਰਾਮ ਤੱਕ ਰੱਖੀ ਹੈ। 1 ਜਨਵਰੀ, 2034 ਤੋਂ 2035 ਮਾਡਲ ਦੇ ਕੋਈ ਵੀ ਨਵੇਂ ਜਾਂ ਵਰਤੇ ਹੋਏ ਗੈਸ ਨਾਲ ਚਲਣ ਵਾਲੇ ਵਾਹਨ ਵੇਚਣ 'ਤੇ ਪਾਬੰਦੀ ਹੋਵੇਗੀ। ਇਸ ਵਿੱਚ ਹਾਈਬ੍ਰਿਡ ਅਤੇ ਪਲਗ-ਇਨ ਹਾਈਬ੍ਰਿਡ ਵਾਹਨ ਵੀ ਸ਼ਾਮਲ ਹਨ। 31 ਦਸੰਬਰ, 2035



ਤੋਂ 2034 ਜਾਂ ਇਸ ਤੋਂ ਪਹਿਲਾਂ ਦੇ ਮਾਡਲ ਵਾਲੇ ਸਾਰੇ ਨਵੇਂ ਗੈਸ ਨਾਲ ਚਲਣ ਵਾਲੇ ਵਾਹਨਾਂ ਦੀ ਵਿਕਰੀ ਜਾਂ ਕਿਰਾਏ 'ਤੇ ਦੇਣ 'ਤੇ ਪੂਰੀ ਤਰ੍ਹਾਂ ਰੋਕ ਲੱਗ ਜਾਏਗੀ। ਜੋ ਵਾਹਨ 2034 ਜਾਂ ਇਸ ਤੋਂ ਪਹਿਲਾਂ ਰਜਿਸਟਰ ਹੋ ਚੁੱਕੇ ਹਨ, ਉਹ ਕਿਊਬੈਕ ਦੇ ਰੋਡਵੇਅਜ਼ 'ਤੇ ਚੱਲਦੇ ਰਹਿਣਗੇ ਅਤੇ ਉਨ੍ਹਾਂ ਨੂੰ ਫਿਰ ਤੋਂ ਵਿਕਰੀ ਲਈ ਪੇਸ਼ ਕੀਤਾ ਜਾ ਸਕੇਗਾ। ਕਈ ਕਿਸਮ ਦੇ ਵਾਹਨਾਂ ਨੂੰ ਇਸ ਨਿਯਮ ਤੋਂ ਬਾਹਰ ਰੱਖਿਆ ਗਿਆ ਹੈ ਜਿਵੇਂ ਕਿ ਮੋਪੇਡ, ਮੋਟਰਸਾਈਕਲ, ਅਤੇ ਐਮਰਜੈਂਸੀ ਵਾਹਨ। ਛੋਟੇ ਸਮੇਂ ਦੇ ਕਿਰਾਏ ਲਈ ਵਰਤੇ ਜਾਣ ਵਾਲੇ ਵਾਹਨਾਂ 'ਤੇ ਵੀ ਇਹ ਨਿਯਮ ਲਾਗੂ ਨਹੀਂ ਹੋਵੇਗਾ। ਸਰਕਾਰ ਦਾ ਕਹਿਣਾ ਹੈ ਕਿ ਇਹ ਨਵੇਂ ਨਿਯਮ ਕਿਊਬੈਕ ਦੇ ਯਾਤਰਾ ਨੈੱਟਵਰਕ ਦੇ ਬਿਜਲੀਕਰਣ ਵਿੱਚ ਮਦਦ ਕਰਨਗੇ। This report was written by Simranjit Singh as part of the Local Journalism Initiative.







# ਕੈਨੇਡਾ ਪੋਸਟ ਦੀ ਹੜਤਾਲ ਖ਼ਤਮ, ਡਾਕ ਸੇਵਾਵਾਂ ਮੁੜ ਸ਼ੁਰੂ ਪਰ ਦੇਰੀ ਹੋਣ ਦੀ ਚੇਤਾਵਨੀ ਜਾਰੀ

## ਸੇਵਾਵਾਂ ਪੂਰੀ ਤਰ੍ਹਾਂ ਆਮ ਹੋਣ ਲਈ ਲੱਗ ਸਕਦਾ ਹੈ ਜਨਵਰੀ ਤੱਕ ਦਾ ਸਮਾਂ

**ਔਟਵਾ (ਸਿਮਰਨਜੀਤ ਸਿੰਘ):** ਕੈਨੇਡਾ ਪੋਸਟ ਦੇ ਹਜ਼ਾਰਾਂ ਕਮਚਾਰੀਆਂ ਨੇ ਮੰਗਲਵਾਰ ਨੂੰ ਆਪਣਾ ਕੰਮ ਮੁੜ ਸ਼ੁਰੂ ਕਰ ਦਿੱਤਾ, ਪਰ ਡਾਕ ਸੇਵਾਵਾਂ ਵਿੱਚ ਹੋਈਆਂ ਰੁਕਾਵਟਾਂ ਦੇ ਕਾਰਨ, ਸੇਵਾਵਾਂ ਪੂਰੀ ਤਰ੍ਹਾਂ ਪਹਿਲਾਂ ਦੀ ਤਰ੍ਹਾਂ ਹੋਣ ਵਿੱਚ ਅਜੇ ਕੁਝ ਹਫ਼ਤਿਆਂ ਦਾ ਸਮਾਂ ਲੱਗਣ ਦੀ ਸੰਭਾਵਨਾ ਹੈ। ਦਸੰਬਰ ਦੇ ਸ਼ੁਰੂਆਤ ਤੋਂ ਚੱਲ ਰਹੀ ਹੜਤਾਲ ਤੋਂ ਬਾਅਦ ਮੰਗਲਵਾਰ ਸਵੇਰੇ 8 ਵਜੇ ਤੋਂ ਸਾਰੇ ਸੂਬਿਆਂ ਵਿੱਚ ਡਾਕ ਸੇਵਾਵਾਂ ਫਿਰ ਸ਼ੁਰੂ ਹੋ ਗਈਆਂ।

ਕੈਨੇਡਾ ਪੋਸਟ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਹੜਤਾਲ ਦੌਰਾਨ ਰੁਕੀ ਹੋਈ ਡਾਕ ਅਤੇ ਪਾਰਸਲਾਂ ਨੂੰ "ਜੋ ਪਹਿਲਾ ਆਏ ਹੋ ਪਹਿਲਾਂ ਭੇਜੇ ਜਾਣਗੇ" ਦੇ ਅਧਾਰ 'ਤੇ ਵੰਡਿਆ ਜਾਵੇਗਾ। ਕਮਰਸ਼ੀਅਲ ਡਾਕ 19 ਦਸੰਬਰ ਤੋਂ ਸਵੀਕਾਰ ਕੀਤੀ ਜਾਵੇਗੀ, ਜਦਕਿ ਅੰਤਰਰਾਸ਼ਟਰੀ ਡਾਕ 23 ਦਸੰਬਰ ਤੋਂ ਸਵੀਕਾਰਣ ਦੀ ਯੋਜਨਾ ਹੈ।

ਕੰਪਨੀ ਨੇ ਚੇਤਾਵਨੀ ਦਿੱਤੀ ਹੈ ਕਿ ਸੇਵਾਵਾਂ ਵਿੱਚ ਪੂਰਾ ਸਧਾਰਨ ਸਥਿਤੀ ਵਿਚ ਲਿਆਉਣ ਵਿੱਚ 2024 ਦੇ ਬਾਕੀ ਮਹੀਨਿਆਂ ਅਤੇ 2025 ਦੇ ਜਨਵਰੀ ਤੱਕ ਦਾ ਸਮਾਂ ਲੱਗ ਸਕਦਾ ਹੈ।



ਲੇਬਰ ਮੰਤਰੀ ਸਟੀਵਨ ਮੈਕਕਿਨਨ ਦੀ ਬੇਨਤੀ 'ਤੇ ਕੈਨੇਡਾ ਇੰਡਸਟਰੀਅਲ ਰਿਲੇਸ਼ਨਜ਼ ਬੋਰਡ ਨੇ ਕਮਚਾਰੀਆਂ ਨੂੰ ਆਪਣੀ ਡਿਊਟੀ 'ਤੇ ਵਾਪਸ ਜਾਣ ਦਾ ਹੁਕਮ ਜਾਰੀ ਕੀਤਾ। ਐਤਵਾਰ ਨੂੰ ਦਿੱਤੇ ਗਏ ਫੈਸਲੇ ਵਿੱਚ, CIRB ਨੇ ਸਪੱਸ਼ਟ ਕੀਤਾ ਕਿ ਕੈਨੇਡਾ ਪੋਸਟ ਅਤੇ ਕੈਨੇਡਾ ਯੂਨੀਅਨ ਆਫ ਪੋਸਟਲ ਵਰਕਰਜ਼ (CUPW) ਵਿਚਾਲੇ ਵਰਤਮਾਨ ਵਰ੍ਹੇ ਦੇ ਅੰਤ ਤੱਕ ਸੌਦਾ ਹੋਣ ਦੀ ਸੰਭਾਵਨਾ ਨਹੀਂ ਸੀ।

CUPW ਨੇ ਇਸ ਫੈਸਲੇ ਨੂੰ "ਨਿਰਾਸ਼ਜਨਕ" ਦੱਸਿਆ ਅਤੇ ਸਰਕਾਰ ਦੇ ਦਖਲ 'ਤੇ ਪ੍ਰਸ਼ਨ ਚੁੱਕੇ ਹਨ।

ਇਸ ਦੇ ਬਾਵਜੂਦ, ਯੂਨੀਅਨ ਨੇ ਆਪਣੇ ਮੈਂਬਰਾਂ ਨੂੰ ਮੰਗਲਵਾਰ ਨੂੰ ਨਿਰਧਾਰਿਤ ਸ਼ਿਫਟਾਂ 'ਤੇ ਵਾਪਸ ਜਾਣ ਲਈ ਕਿਹਾ ਹੈ। "ਕਾਨੂੰਨੀ ਹੜਤਾਲ ਸਵੇਰੇ 8 ਵਜੇ ਖਤਮ ਹੋ ਗਈ, ਪਰ ਸੰਘਰਸ਼ ਜਾਰੀ ਹੈ," ਛੂਵਾਂ ਨੇ ਸੋਮਵਾਰ ਨੂੰ ਦਿੱਤੇ ਬਿਆਨ ਵਿੱਚ ਕਿਹਾ।

CIRB ਦੇ ਹੁਕਮ ਅਨੁਸਾਰ, ਮੌਜੂਦਾ ਕਲੈਕਟਿਵ ਅਗ੍ਰੀਮੈਂਟ ਦੀ ਮਿਆਦ ਮਈ 2025 ਤੱਕ ਵਧਾਈ ਜਾਵੇਗੀ। ਇਸ ਤੋਂ ਇਲਾਵਾ, ਕੈਨੇਡਾ ਪੋਸਟ ਆਪਣੇ ਕਮਚਾਰੀਆਂ ਨੂੰ 5 ਫੀਸਦੀ ਤਨਖਾਹ ਵਾਧਾ ਦੇਵੇਗੀ, ਜੋ ਕਿ ਪਿਛਲੇ ਕਲੈਕਟਿਵ ਅਗ੍ਰੀਮੈਂਟ ਦੇ ਖਤਮ ਹੋਣ ਦੇ ਤੁਰੰਤ ਬਾਅਦ ਲਾਗੂ ਕੀਤਾ ਜਾਵੇਗਾ। ਇਹ ਵਾਧਾ ਦਿਹਾਤੀ ਅਤੇ ਉਪਨਗਰੀ ਡਾਕ ਕੈਰੀਅਰ ਯੂਨਿਟ (RSMC) ਲਈ 31 ਦਸੰਬਰ 2023 ਤੋਂ ਅਤੇ ਸ਼ਹਿਰੀ ਯੂਨਿਟ ਲਈ 31 ਜਨਵਰੀ 2024 ਤੋਂ ਹੋਵੇਗਾ।

ਲੇਬਰ ਮੰਤਰੀ ਸਟੀਵਨ ਮੈਕਕਿਨਨ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਇੰਡਸਟਰੀਅਲ ਇੰਕੁਆਈਰੀ ਕਮਿਸ਼ਨ ਕਈ ਸੰਗਠਨਾਤਮਿਕ ਮੁੱਦਿਆਂ ਦੀ ਜਾਂਚ ਕਰੇਗਾ। ਇਸ ਦਾ ਅੰਤਿਮ ਰਿਪੋਰਟ 15 ਮਈ 2025 ਨੂੰ ਜਾਰੀ ਕੀਤੀ ਜਾਵੇਗੀ, ਜਿਸ ਦੇ ਆਧਾਰ 'ਤੇ ਦੋਵੇਂ ਪੱਖ ਕਲੈਕਟਿਵ ਅਗ੍ਰੀਮੈਂਟ ਦੇ ਨਵੇਂ ਮਸੌਦੇ 'ਤੇ ਗੱਲਬਾਤ ਕਰ ਸਕਣਗੇ। This report was written by Simranjit Singh as part of the Local Journalism Initiative.

# ਮੈਟਰੋ ਵੈਨਕੂਵਰ ਵਿੱਚ ਈ-ਬਾਈਕ ਦੀ ਵਰਤੋਂ ਵਧਣ ਕਾਰਨ ਨਵੇਂ ਸੁਰੱਖਿਆ ਨਿਯਮ ਬਣਾਉਣ ਦੀ ਮੰਗ ਉੱਠੀ

**ਵੈਨਕੂਵਰ (ਸਿਮਰਨਜੀਤ ਸਿੰਘ):** ਮੈਟਰੋ ਵੈਨਕੂਵਰ ਦੇ ਸਾਈਕਲ ਪੱਥਾਂ 'ਤੇ ਈ-ਬਾਈਕ ਅਤੇ ਹੋਰ ਮਾਈਕ੍ਰੋਮੋਬਿਲਿਟੀ ਡਿਵਾਈਸਾਂ ਦੀ ਵਰਤੋਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਦੇ ਚਲਦੇ ਬ੍ਰਿਟਿਸ਼ ਕੋਲੰਬੀਆ ਵਿੱਚ ਸਾਈਕਲ ਪੱਥਾਂ ਅਤੇ ਨਿਯਮਾਂ ਵਿੱਚ ਵੱਡੇ ਬਦਲਾਵਾਂ ਕਰਨ ਦੀ ਮੰਗ ਉੱਠੀ ਹੈ। ਯੂਬੀਸੀ ਦੀ ਇੱਕ ਰਿਪੋਰਟ, ਜੋ ਕਿ ਟਰਾਂਸਲਿੰਕ ਦੀ ਇੱਕ ਗ੍ਰਾਂਟ ਰਾਹੀਂ ਤਿਆਰ ਕੀਤੀ ਗਈ ਹੈ, ਇਸ ਵੱਧ ਰਹੀ ਵਰਤੋਂ ਅਤੇ ਉਸਦੇ ਪ੍ਰਭਾਵਾਂ 'ਤੇ ਰੌਸ਼ਨੀ ਪਾਉਂਦੀ ਹੈ।

ਰਿਪੋਰਟ ਤੋਂ ਪਤਾ ਲੱਗਾ ਹੈ ਕਿ 2019 ਵਿੱਚ ਸੜਕਾਂ 'ਤੇ ਈ-ਬਾਈਕ ਰਾਈਡਰਾਂ ਦਾ ਅਨੁਪਾਤ 4.5 ਫੀਸਦੀ ਸੀ, ਜੋ 2024 ਵਿੱਚ ਵੱਧ ਕੇ 16.4 ਫੀਸਦੀ ਹੋ ਗਿਆ ਹੈ। ਈ-ਸਕੂਟਰਾਂ ਦੀ ਵਰਤੋਂ ਵੀ ਵਧੀ ਹੈ, ਜੋ 0.4 ਫੀਸਦੀ ਤੋਂ ਵਧ ਕੇ 4.2 ਫੀਸਦੀ ਹੋ ਚੁੱਕੀ ਹੈ। ਇਸਦੇ ਨਾਲ, ਪਾਰੰਪਰਿਕ ਸਾਈਕਲ ਚਲਾਉਣ ਵਾਲਿਆਂ ਦੀ ਗਿਣਤੀ 91 ਫੀਸਦੀ ਤੋਂ ਘਟ ਕੇ 74 ਫੀਸਦੀ ਹੋ ਗਈ ਹੈ । ਯੂਬੀਸੀ ਦੇ ਸਿਵਲ ਇੰਜੀਨੀਅਰਿੰਗ ਅਤੇ ਯੋਜਨਾ ਬਣਾਉਣ ਦੇ ਸਹਾਇਕ ਪ੍ਰੋਫੈਸਰ ਐਲੇਕਸ ਬਿਗੈਜ਼ੀ ਨੇ



ਕਿਹਾ ਕਿ, "ਸਾਈਕਲ ਪੱਥ ਹੋਰ ਤੇਜ਼ ਅਤੇ ਮੋਟਰਾਈਜ਼ਡ ਹੋ ਰਹੇ ਹਨ। ਸਾਨੂੰ ਸਿਰਫ਼ ਈ-ਬਾਈਕ ਨਹੀਂ, ਸਗੋਂ ਈ-ਸਕੂਟਰ, ਈ-ਸਕੇਟਬੋਰਡ ਅਤੇ ਸਵੈ-ਸੰਤੁਲਿਤ ਯੂਨੀਸਾਈਕਲ ਵਰਗੇ ਜ਼ਿਆਦਾ ਤੇਜ਼ ਡਿਵਾਈਸ ਵੀ ਵੇਖਣ ਨੂੰ ਮਿਲ ਰਹੇ ਹਨ। ਇਹ ਸਾਰੇ ਡਿਵਾਈਸ ਹੁਣ ਹੋਰ ਤੇਜ਼ ਚਲ ਰਹੇ ਹਨ।"

ਰਿਪੋਰਟ ਤੋਂ ਪਤਾ ਚਲਿਆ ਹੈ ਕਿ ਮਲਟੀ-ਯੂਜ਼ ਪੱਥਾਂ 'ਤੇ ਗਤੀ ਦੀ ਔਸਤ 11 ਫੀਸਦੀ ਵਧ ਗਈ ਹੈ। ਕੁਝ ਈ-ਡਿਵਾਈਸਾਂ 32 ਕਿਲੋਮੀਟਰ ਪ੍ਰਤੀ ਘੰਟਾ ਦੀ ਔਸਤ ਗਤੀ ਨਾਲ ਚੱਲ ਰਹੀਆਂ ਹਨ, ਜੋ ਪੱਥਾਂ ਲਈ ਦੱਸੇ ਗਏ ਮਿਆਰਕ 20 ਕਿਲੋਮੀਟਰ ਪ੍ਰਤੀ ਘੰਟਾ ਦੇ ਮੁਕਾਬਲੇ ਕਾਫ਼ੀ ਤੇਜ਼ ਹੈ। ਇਹ ਤੇਜ਼ ਗਤੀਆਂ ਨਾ ਸਿਰਫ਼ ਪੈਦਲ ਯਾਤਰੀਆਂ ਲਈ ਪ੍ਰੇਸ਼ਾਨੀਆਂ ਖੜ੍ਹੀਆਂ ਕਰ ਰਹੇ ਹਨ, ਸਗੋਂ ਪੈਦਲ ਯਾਤਰੀਆਂ ਅਤੇ ਮਾਈਕ੍ਰੋਮੋਬਿਲਿਟੀ ਡਿਵਾਈਸਾਂ ਦੇ ਵਿਚਕਾਰ ਟੱਕਰਾਂ ਦੀ ਸੰਭਾਵਨਾ ਵੀ ਵਧਾ ਰਹੇ ਹਨ। This report was written by Simranjit Singh as part of the Local Journalism Initiative.


Guru Nanak's Free Kitchen
LOVE ALL, FEED ALL

ਮੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170



JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਕੈਨੇਡੀਅਨ ਡਾਲਰ ਅਮਰੀਕੀ ਡਾਲਰ ਦੇ ਮੁਕਾਬਲੇ 77 ਸੈਂਟ ਤੋਂ ਵੀ ਹੇਠਾਂ ਲੁੜਕਿਆ

## ਨਵੰਬਰ ਵਿੱਚ ਮਹਿੰਗਾਈ ਦਰ ਘੱਟ ਕੇ 1.9 ਫੀਸਦੀ ਹੋਈ

ਔਟਵਾ (ਸਿਮਰਨਜੀਤ ਸਿੰਘ): ਨਵੰਬਰ 2024 ਵਿੱਚ ਕੈਨੇਡਾ ਦੀ ਮਹਿੰਗਾਈ ਦਰ ਘਟ ਕੇ 1.9 ਫੀਸਦੀ ਹੋ ਗਈ ਹੈ, ਜਿਹੜੀ ਕਿ ਅਕਤੂਬਰ ਵਿੱਚ 2 ਫੀਸਦੀ ਸੀ। ਮੰਗਲਵਾਰ ਨੂੰ ਜਾਰੀ ਹੋਏ ਅੰਕੜਿਆਂ ਵਿੱਚ ਕਿਹਾ ਕਿ ਇਹ ਗਿਰਾਵਟ ਮੁਖਤੌਰ 'ਤੇ ਸੈਰ-ਸਪਾਟਾ ਯੋਜਨਾਵਾਂ ਅਤੇ ਵਿਆਜ਼ ਦਰਾਂ 'ਚ ਹੋਈ ਕਟੌਤੀ ਦੇ ਮਦੇਨਜ਼ਰ ਆਈ ਹੈ।

ਇਸ ਨਾਲ ਸਪੱਸ਼ਟ ਹੈ ਕਿ ਕੈਨੇਡੀਅਨ ਅਰਥਵਿਵਸਥਾ ਅਜੇ ਵੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਬੈਂਕ ਆਫ ਕੈਨੇਡਾ ਵੱਲੋਂ ਮੁੱਖ ਵਿਆਜ ਦਰਾਂ ਨੂੰ ਘਟਾਉਣ ਦੇ ਫੈਸਲੇ ਨਾਲ 2025 ਦੇ ਸ਼ੁਰੂ ਵਿੱਚ ਦੁਬਾਰਾ ਵਿਆਜ਼ ਦਰ 'ਚ ਵਾਧੇ ਦੇ ਵੀ ਕਿਆਸ ਲਗਾਏ ਜਾ ਰਹੇ ਹਨ ।

ਦੂਜੇ ਪਾਸੇ ਕੈਨੇਡੀਅਨ ਡਾਲਰ ਅਮਰੀਕੀ ਡਾਲਰ ਦੇ ਮੁਕਾਬਲੇ 70 ਸੈਂਟ ਤੋਂ ਹੇਠਾਂ ਡਿੱਗ ਗਿਆ, ਜੋ ਕਿ ਮਾਰਚ 2020 ਦੇ ਕੋਵਿਡ-19 ਮਹਾਂਮਾਰੀ ਦੇ ਸ਼ੁਰੂਆਤੀ ਦਿਨਾਂ ਤੋਂ ਬਾਅਦ ਪਹਿਲੀ ਵਾਰ ਹੈ। ਡੋਨਾਲਡ ਟਰੰਪ ਦੇ ਦੁਬਾਰਾ ਚੁਣੇ ਜਾਣ ਨਾਲ ਅਮਰੀਕਾ ਵਿੱਚ ਅਨਿਸ਼ਚਿਤਾ ਵਧੀ ਹੈ, ਜਿਸ ਕਰਕੇ ਨਿਵੇਸ਼ਕ ਪੂੰਜੀ ਅਮਰੀਕੀ ਡਾਲਰ ਵਿੱਚ ਵਧ ਰਹੀ ਹੈ। ਇਸ ਨਾਲ ਕੈਨੇਡੀਅਨ ਡਾਲਰ 'ਤੇ ਦਬਾਅ ਪਿਆ ਹੈ, ਜਿਸ ਕਾਰਨ ਆਮਦਨ ਸਬੰਧੀ ਦਰਮਿਆਨੀ ਦਬਾਅ ਪੈਦਾ ਹੋ ਰਿਹਾ ਹੈ, ਖ਼ਾਸ ਕਰਕੇ ਆਟੋ ਅਤੇ ਕੁਝ ਰੋਜ਼ਾਨਾ ਜ਼ਰੂਰੀ ਸਮਾਨਾਂ ਦੇ



ਕੀਮਤਾਂ 'ਤੇ ਦਬਾਅ ਵੇਖਣ ਨੂੰ ਮਿਲਿਆ ਹੈ। ਨਵੰਬਰ ਵਿੱਚ ਪੈਟ੍ਰੋਲ ਦੀਆਂ ਕੀਮਤਾਂ ਸਥਿਰ ਰਹੀਆਂ, ਜਦਕਿ ਖਾਣ-ਪੀਣ ਦੇ ਸਮਾਨਾਂ ਦੀਆਂ ਕੀਮਤਾਂ ਸਾਲਾਨਾ 2.6 ਫੀਸਦੀ ਦੀ ਦਰ ਨਾਲ ਵਧੀਆਂ। ਇਹ ਅਕਤੂਬਰ ਦੀ ਤੁਲਨਾ ਵਿੱਚ ਹੌਲੀ ਵਾਧਾ ਦਰਸਾਉਂਦੀ ਹੈ।

ਅਕਤੂਬਰ ਦੇ ਮੁਕਾਬਲੇ ਮੌਰਟਗੇਜ਼ ਦੇ ਵਿਆਜ਼ ਦਰਾਂ ਵਿੱਚ ਗਿਰਾਵਟ ਦੀ ਇੱਕ ਵਿਸ਼ੇਸ਼ ਘਟਨਾ ਸਾਹਮਣੇ ਆਈ। ਹਾਲਾਂਕਿ ਵਿਆਜ਼ ਦਰਾਂ ਅਜੇ ਵੀ ਵਧ ਰਹੀਆਂ ਹਨ, ਪਰ ਉਹ ਪਿਛਲੇ ਸਾਲਾਂ ਦੀ ਤੁਲਨਾ ਵਿੱਚ ਘੱਟ ਗਤੀ ਨਾਲ ਵਧ ਰਹੀਆਂ ਹਨ। ਟੋਰਾਂਟੋ ਵਿੱਚ ਹੋਟਲ ਕਮਰੇ ਦੀਆਂ ਕੀਮਤਾਂ ਵਿੱਚ ਵਿਸ਼ਾਲ ਵਾਧਾ ਹੋਇਆ। ਨਵੰਬਰ ਵਿੱਚ ਹੋਟਲ ਕਮਰੇ ਦੀ ਕਿਰਾਏਦਾਰੀ 23.7 ਫੀਸਦੀ ਵਧੀ।

ਬੈਂਕ ਆਫ ਕੈਨੇਡਾ ਨੇ ਪਿਛਲੀਆਂ ਦੋ ਮੀਟਿੰਗਾਂ ਵਿੱਚ 0.50 ਫੀਸਦੀ ਵਿਆਜ਼ ਦਰਾਂ ਘਟਾਈਆਂ ਹਨ। ਪਰ ਗਵਰਨਰ ਟੀਫ ਮੈਕਲੇਮ ਨੇ ਇੱਕ ਸਲੋ ਪੇਸ ਨਾਲ ਅਗਲੀ ਗਤੀਵਿਧੀਆਂ ਦਾ ਸੰਕੇਤ ਦਿੱਤਾ ਹੈ। 29 ਜਨਵਰੀ ਨੂੰ ਅਗਲੀ ਬੈਠਕ ਵਿੱਚ ਵਿਆਜ਼ ਦਰਾਂ ਵਿੱਚ 0.25 ਫੀਸਦੀ ਦੀ ਅਗਲੀ ਕਟੌਤੀ ਦੀ ਉਮੀਦ ਹੈ। ਮੁੱਖ ਅਰਥਸ਼ਾਸਤਰੀ ਡਗਲਸ ਪੋਰਟਰ ਦਾ ਕਹਿਣਾ ਹੈ ਕਿ ਅਗਲੇ ਸਾਲਾਂ ਵਿੱਚ ਦਰਾਂ ਵਿੱਚ ਕਟੌਤੀ ਥੋੜੀ-ਥੋੜੀ ਹੀ ਹੋਣ ਦੀ ਉਮੀਦ ਹੈ।

ਉਧਰ ਫਰਵਰੀ ਵਿਚ ਇਹ ਰਾਹਤ ਖਤਮ ਹੋਣ ਦੇ ਬਾਅਦ ਮਹਿੰਗਾਈ ਫਿਰ ਵਧਣ ਦੇ ਸੰਕੇਤ ਹਨ। This report was written by Simranjit Singh as part of the Local Journalism Initiative.

# ਕੈਨੇਡਾ-ਅਮਰੀਕਾ ਬਾਰਡਰ 'ਤੇ 24 ਘੰਟੇ ਨਿਗਰਾਨੀ ਅਤੇ ਨਵੀਂ ਫੋਰਸ ਦਾ ਗਠਨ

## ਨਸ਼ਿਆਂ ਦੀ ਤਸਕਰੀ ਅਤੇ ਗੈਰਕਾਨੂੰਨੀ ਪ੍ਰਵਾਸ 'ਤੇ ਕਾਰਵਾਈ ਲਈ ਖ਼ਾਸ ਯੋਜਨਾ

ਔਟਵਾ : ਕੈਨੇਡਾ ਅਤੇ ਅਮਰੀਕਾ ਦਰਮਿਆਨ ਬਾਰਡਰ 'ਤੇ ਸੁਰੱਖਿਆ ਸੁਧਾਰਣ ਲਈ ਫੈਡਰਲ ਸਰਕਾਰ ਵੱਲੋਂ ਵੱਡੇ ਐਲਾਨ ਕੀਤੇ ਗਏ ਹਨ। ਇਸ ਦੌਰਾਨ, ਕੈਨੇਡਾ-ਅਮਰੀਕਾ ਬਾਰਡਰ 'ਤੇ 24 ਘੰਟੇ ਨਿਗਰਾਨੀ ਰੱਖਣ ਅਤੇ ਨਵੀਂ ਫੋਰਸ ਗਠਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਕੁਝ ਖਾਸ ਉਦੇਸ਼ਾਂ ਲਈ ਕੀਤੇ ਗਏ ਹਨ ਜਿਵੇਂ ਕਿ ਫੈਂਟਾਨਿਲ ਅਤੇ ਹੋਰ ਨਸ਼ਿਆਂ ਦੀ ਤਸਕਰੀ ਰੋਕਣਾ, ਗੈਰਕਾਨੂੰਨੀ ਪ੍ਰਵਾਸੀਆਂ 'ਤੇ ਨਿਗਰਾਨੀ ਅਤੇ ਵਿਦੇਸ਼ੀ ਦਖ਼ਲਅੰਦਾਜ਼ੀ ਦਾ ਸਮਨਣਾ ਕਰਨਾ।

ਇਹ ਨਵੀਆਂ ਯੋਜਨਾਵਾਂ ਖ਼ਾਸ ਤੌਰ 'ਤੇ ਦੋ ਵੱਡੇ ਮੁੱਦਿਆਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀਆਂ ਗਈਆਂ ਹਨ। ਪਹਿਲਾ ਮੁੱਦਾ ਹੈ ਗੈਰਕਾਨੂੰਨੀ ਪ੍ਰਵਾਸੀਆਂ ਦੇ ਕਾਫੀ ਵਧਦੇ ਮਾਮਲੇ, ਜਿਨ੍ਹਾਂ ਨੂੰ ਰੋਕਣ ਲਈ ਕੈਨੇਡਾ ਸਰਕਾਰ ਵੱਲੋਂ ਕਠੋਰ ਕਦਮ ਉਠਾਏ ਜਾਣਗੇ। ਦੂਜਾ ਮੁੱਦਾ ਹੈ ਫੈਂਟਾਨਿਲ ਅਤੇ ਹੋਰ ਨਸ਼ਿਆਂ ਦੀ ਤਸਕਰੀ, ਜਿਸ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ



ਨੇ ਕੈਨੇਡਾ 'ਤੇ 25 ਫੀ ਸਦੀ ਟੈਕਸ ਲਾਉਣ ਦੀ ਧਮਕੀ ਦਿੱਤੀ ਸੀ।

ਵਿੱਤ ਮੰਤਰੀ ਡੌਮੀਨਿਕ ਲਾਬਲੈਂਕ ਨੇ ਕੈਬਨਿਟ ਮੀਟਿੰਗ ਵਿੱਚ ਇਹ ਜ਼ਾਹਰ ਕੀਤਾ ਕਿ ਕੈਨੇਡਾ-ਅਮਰੀਕਾ ਬਾਰਡਰ ਦੀ ਸੁਰੱਖਿਆ ਲਈ 130 ਕਰੋੜ ਡਾਲਰ ਖਰਚੇ ਜਾਣਗੇ ਅਤੇ ਇਸ ਨਾਲ ਨਾਲ ਡੌਨਲਡ ਟਰੰਪ ਦੀਆਂ ਚਿੰਤਾਵਾਂ ਨੂੰ ਸੁਲਝਾਉਣ ਲਈ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਵੇਗਾ। ਕੈਨੇਡਾ ਵਿੱਚ ਹੋ ਰਹੀ ਨਸ਼ਿਆਂ ਦੀ ਤਸਕਰੀ 'ਤੇ ਨਜ਼ਰ ਰੱਖਣ ਅਤੇ ਇਸ ਨੂੰ ਰੋਕਣ ਲਈ ਕੁਝ ਵੱਡੇ ਪਲਾਨ ਤਿਆਰ ਕੀਤੇ ਗਏ ਹਨ। ਨਵੀਆਂ ਯੋਜਨਾਵਾਂ ਤਹਿਤ ਲਾਅ ਐਨਫੋਰਸਮੈਂਟ ਦੇ ਨਵੇਂ ਤੌਰ ਤਰੀਕੇ ਲਾਗੂ ਕੀਤੇ ਜਾਣਗੇ ਜਿਨ੍ਹਾਂ ਨਾਲ ਇਮੀਗ੍ਰੇਸ਼ਨ ਅਤੇ ਅਸਾਇਲਮ ਸਿਸਟਮ ਨੂੰ ਹੋਰ ਸਖ਼ਤ ਕੀਤਾ ਜਾਵੇਗਾ। ਇਸ ਦੇ ਨਾਲ ਨਾਲ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਵਧੇਰੇ ਫੰਡ ਮਿਲਣਗੇ ਤਾਂ ਜੋ ਨਸ਼ੇ ਫੜਨ ਵਿੱਚ ਮਦਦ ਕਰਨ ਵਾਲੇ ਕੁੱਤਿਆਂ ਨੂੰ ਸਿਖਲਾਈ ਦਿੱਤੀ ਜਾ ਸਕੇ।

ਇੱਕ ਹੋਰ ਮਹੱਤਵਪੂਰਣ ਫੈਸਲਾ ਹੈ, ਜੋ ਕਿ ਨਵੇਂ ਵੱਖਰੇ ਤਰੀਕੇ ਨਾਲ ਕੀਤੇ ਜਾਣਗੇ। ਇਸ ਵਿੱਚ, ਸ਼ੱਕੀ ਅਪਰਾਧਿਕ ਗਿਰੋਹਾਂ ਦੇ ਕਾਰਵਾਈਆਂ 'ਤੇ ਨਜ਼ਰ ਰੱਖੀ ਜਾਵੇਗੀ ਅਤੇ ਨਸ਼ਿਆਂ ਦੇ ਸਰੋਤਾਂ ਦਾ ਪਤਾ ਲਗਾਇਆ ਜਾਵੇਗਾ। ਇਸ ਸਭ ਵਿੱਚ, ਫੈਡਰਲ ਸਰਕਾਰ ਦੀ ਯੋਜਨਾ ਵਿੱਚ ਨਵੀਂ ਫੋਰਸ ਦਾ ਗਠਨ ਸ਼ਾਮਿਲ ਹੈ, ਜਿਸ ਦੇ ਰਾਹੀਂ ਕੈਨੇਡਾ ਅਤੇ ਅਮਰੀਕਾ ਦੀ ਸਹਿਯੋਗ ਨਾਲ ਸੰਯੁਕਤ ਕਾਰਵਾਈ ਕੀਤੀ ਜਾਵੇਗੀ। ਇਸ ਨਵੇਂ ਤੌਰ 'ਤੇ ਨੌਰਥ ਅਮਰੀਕਨ


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

Gaba Tire
All TIRES AVAILABLE (AS, AT & MT)
CAR DETAILING Starting at $100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS 50000 KM WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107 Peardonville Rd
604-897-3235
604-746-4222
www.gabaautodetailing.com

DHESI MEAT SHOP
SERVING THE COMMUNITY FOR OVER 16 YEARS.

FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- **Brar Bhagta Bhai Ka**
  604-751-1113
- **Karamjit Singh Buttar**
  Journalist
- **Simranjit Singh**
  Journalist
- **Dr. Puran Singh**
  Writer
- **Gora Sandhu Khurd**
  News Reporter (Punjab)
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Website :
**www.thepunjabtimes.ca**
E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਔਟਵਾ ਦੀ ਖੂਬਸੂਰਤੀ ਨੂੰ ਨਿਹਾਰਦਿਆਂ



**ਲੇਖਕ : ਹਰਜੀਤ ਸਿੰਘ,**
**ਵਟਸਐਪ: 92177-01415**

ਪਿੱਛੇ ਜਿਹੇ ਮੈਨੂੰ ਕੈਨੇਡਾ ਦੀ ਰਾਜਧਾਨੀ ਔਟਵਾ ਦੇਖਣ ਦਾ ਮੌਕਾ ਮਿਲਿਆ। ਬਰੈਂਪਟਨ ਸ਼ਹਿਰ ਤੋਂ ਔਟਵਾ ਲਗਭਗ 5 ਘੰਟੇ ਦਾ ਰਸਤਾ ਹੈ। ਇਹ ਸਮਾਂ ਵੱਧ ਘੱਟ ਹੋ ਸਕਦਾ ਹੈ ਕਿਉਂਕਿ ਸਮਾਂ ਟਰੈਫਿਕ 'ਤੇ ਨਿਰਭਰ ਕਰਦਾ ਹੈ। ਕੈਨੇਡਾ ਦੀਆਂ ਸੜਕਾਂ ਭਾਵੇਂ 8-10 ਲੇਨ ਹਨ, ਪਰ ਫਿਰ ਵੀ ਜਾਮ ਲੱਗਦਾ ਹੈ। ਟਰੈਫਿਕ ਜੂੰ ਦੀ ਤੋਰ ਚੱਲਦੀ ਹੈ। ਗੂਗਲ ਤੁਹਾਨੂੰ ਰਸ਼ ਬਾਰੇ ਜਾਣਕਾਰੀ ਦਿੰਦਾ ਰਹਿੰਦਾ ਹੈ। ਤੁਸੀਂ ਆਪਣਾ ਰਸਤਾ ਬਦਲ ਸਕਦੇ ਹੋ। ਇਸ ਤੋਂ ਇਲਾਵਾ ਟੌਲ ਟੈਕਸ ਵਾਲੀਆਂ ਸੜਕਾਂ ਵੱਖਰੀਆਂ ਹਨ ਜਿਨ੍ਹਾਂ 'ਤੇ ਭੀੜ ਘੱਟ ਹੁੰਦੀ ਹੈ, ਪਰ ਟੌਲ ਰਹਿਤ ਸੜਕਾਂ ਵੀ ਬਹੁਤ ਵਧੀਆ ਹਨ।

ਕਾਰ ਦੀ ਅਗਲੀ ਸੀਟ 'ਤੇ ਬੈਠੇ ਦਾ ਧਿਆਨ ਕਾਰ ਦੇ ਮੀਟਰ ਵੱਲ ਚਲਾ ਗਿਆ। ਜਿਸ 'ਤੇ ਵੱਧ ਤੋਂ ਵੱਧ ਸਪੀਡ 220 ਲਿਖੀ ਸੀ। ਕਾਰ ਚਲਾ ਰਹੇ ਆਪਣੇ ਜਵਾਈ ਨੂੰ ਪੁੱਛਿਆ ਕਿ ਇੱਥੇ ਕਾਰ ਕਿੰਨੀ ਸਪੀਡ 'ਤੇ ਚੱਲ ਸਕਦੀ ਹੈ। ਉਸ ਨੇ ਤੁਰੰਤ ਉੱਤਰ ਦਿੱਤਾ, ''ਹੁਣੇ ਵੇਖ ਲੈਂਦੇ ਹਾਂ।'' ਇਹ ਆਖ ਕੇ ਉਸ ਨੇ ਰੇਸ 'ਤੇ ਹੋਰ ਦਬਾਅ ਪਾ ਦਿੱਤਾ। ਮੀਟਰ ਦੀ ਸੂਈ ਤੇਜ਼ੀ ਨਾਲ ਅੱਗੇ ਵਧਣ ਲੱਗੀ ਅਤੇ 180 'ਤੇ ਆ ਕੇ ਰੁਕ ਗਈ। ''ਬਸ ਇਸ ਤੋਂ ਅੱਗੇ ਨਹੀਂ ਜਾਂਦੀ।'' ਉਸ ਨੇ ਆਖਿਆ ਅਤੇ ਸਪੀਡ ਘਟਾ ਦਿੱਤੀ। 180 ਦੀ ਸਪੀਡ 'ਤੇ ਕਾਰ ਬਿਲਕੁਲ ਸਹੀ ਚੱਲਦੀ ਰਹੀ। ਇਹ ਟੌਲ ਰਹਿਤ ਸੜਕ ਸੀ। ਤੁਸੀਂ ਸੜਕਾਂ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਸਕਦੇ ਹੋ। ਇਸ ਤੋਂ ਇਲਾਵਾ ਲੋਕ ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹਨ। ਸਿਰਫ਼ ਕੁਝ ਕੁ ਲੋਕਾਂ ਨੂੰ ਛੱਡ ਕੇ।

ਅਸੀਂ ਸ਼ਾਮ ਦੇ ਚਾਰ ਕੁ ਵਜੇ ਔਟਵਾ ਪਹੁੰਚ ਗਏ। ਅਸੀਂ ਅਮਰੀਕਾ ਅਤੇ ਨੇਪਾਲ ਦੀ ਅੰਬੈਸੀ ਅੱਗੋਂ ਲੰਘੇ। ਦੋਵੇਂ ਅੰਬੈਸੀਆਂ ਦੇ ਬਾਹਰ ਕੋਈ ਵੀ ਸਕਿਊਰਿਟੀ ਨਹੀਂ ਸੀ। ਸਕਿਊਰਿਟੀ ਸਾਰੀ ਅੰਦਰ ਹੀ ਹੁੰਦੀ ਹੈ। ਬਾਹਰ ਆਵਾਜਾਈ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਸੀ। ਕੈਨੇਡਾ ਦੀ ਸੰਸਦ ਵੇਖਣ ਦੀ ਇੱਛਾ ਹੋਈ ਤਾਂ ਗੂਗਲ ਨੇ ਦੱਸਿਆ ਕਿ ਸੰਸਦ ਵੇਖਣ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਹੈ। ਇਸ ਲਈ ਸੰਸਦ ਵੇਖਣ ਦਾ ਕੰਮ ਸਵੇਰ 'ਤੇ ਜਾ ਪਿਆ। ਸਾਡਾ ਕਮਰਾ ਹੋਟਲ ਦੀ ਛੇਵੀਂ ਮੰਜ਼ਿਲ 'ਤੇ ਸੀ ਜਿਸ ਕਾਰਨ ਬਾਹਰ ਦਾ ਨਜ਼ਾਰਾ ਵਧੀਆ ਦਿਖਾਈ ਦਿੰਦਾ ਸੀ।

ਔਟਵਾ ਸ਼ਹਿਰ ਮੌਂਟਰੀਅਲ ਸ਼ਹਿਰ ਦੇ ਨੇੜੇ ਅਮਰੀਕਾ ਦੀ ਸਰਹੱਦ 'ਤੇ ਔਟਵਾ ਦਰਿਆ 'ਤੇ ਪੈਂਦਾ ਹੈ। ਦੁਨੀਆ ਭਰ ਦੇ ਲੋਕ ਇੱਥੋਂ ਦੇ ਇਤਿਹਾਸਕ ਸਥਾਨਾਂ, ਕਲਾਕ੍ਰਿਤੀਆਂ ਦਾ ਆਨੰਦ ਲੈਣ ਲਈ ਆਉਂਦੇ ਹਨ। ਔਟਵਾ ਦਿਨ ਅਤੇ ਰਾਤ ਦੋਵੇਂ ਸਮੇਂ ਵੇਖਣ ਵਾਲਾ ਹੁੰਦਾ ਹੈ। ਇਹ ਸ਼ਹਿਰ ਦੂਜੇ ਸ਼ਹਿਰਾਂ ਨਾਲੋਂ ਕੁਝ ਸਸਤਾ ਹੈ। ਇੱਕ ਅਧਿਐਨ ਮੁਤਾਬਿਕ ਔਟਵਾ ਰਹਿਣ ਲਈ ਵਧੀਆ ਸ਼ਹਿਰ ਹੈ। ਇਹ ਅਧਿਐਨ ਲੋਕਾਂ ਦੀ ਆਮਦਨ, ਬੇਰੁਜ਼ਗਾਰੀ ਦੀ ਦਰ, ਮੌਸਮ, ਲੋਕਾਂ ਦੀ ਜੀਵਨਸ਼ੈਲੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ। ਇੱਥੇ ਅੰਗਰੇਜ਼, ਆਇਰਸ਼, ਫਰਾਂਸੀਸੀ ਅਤੇ ਹੁਣ ਭਾਰਤੀ ਵੀ ਵਿਰਲੇ ਮਿਲ ਜਾਣਗੇ। ਇਸ ਸ਼ਹਿਰ ਦੀ ਸਥਾਪਨਾ 1826 ਵਿੱਚ ਹੋਈ ਸੀ। 2023 ਵਿੱਚ ਹੋਏ ਸਰਵੇ ਮੁਤਾਬਿਕ ਇਹ ਸ਼ਹਿਰ ਕੈਨੇਡਾ ਦੇ 10 ਸੁਰੱਖਿਅਤ ਸ਼ਹਿਰਾਂ ਵਿੱਚੋਂ ਇੱਕ ਹੈ। 2021 ਦੀ ਜਨਗਣਨਾ ਅਨੁਸਾਰ ਸ਼ਹਿਰ ਦੀ ਅਬਾਦੀ 10 ਲੱਖ ਤੋਂ ਵੱਧ ਸੀ। ਪਾਰਲੀਮੈਂਟ ਹਿਲ, ਬਾਇਵਾਰਿਡ ਮਾਰਕੀਟ ਅਤੇ ਨੈਸ਼ਨਲ ਗੈਲਰੀ ਵੇਖਣਯੋਗ ਥਾਵਾਂ ਹਨ। ਫਰੈਂਚ ਅਤੇ ਅੰਗਰੇਜ਼ੀ ਦੋਵੇਂ ਸਰਕਾਰੀ ਭਾਸ਼ਾਵਾਂ ਹਨ। ਇਹ ਸ਼ਹਿਰ ਸਾਫ਼ ਸੁਥਰਾ, ਵੱਡੇ ਵੱਡੇ ਦਰੱਖ਼ਤ, ਪਾਰਕ ਅਤੇ ਬੀਚਾਂ ਇਸ ਸ਼ਹਿਰ ਦੀ ਪਛਾਣ ਹਨ।

ਹਨੇਰਾ ਹੁੰਦੇ ਹੀ ਜਗਦੀਆਂ ਬੱਤੀਆਂ ਨੇ ਸ਼ਹਿਰ ਨੂੰ ਹੋਰ ਵੀ ਸੁੰਦਰ ਬਣਾ ਦਿੱਤਾ। ਡਾਊਨ ਟਾਊਨ (ਪੁਰਾਣਾ ਸ਼ਹਿਰ) ਪੁਰਾਣਾ ਹੋਣ ਦੇ ਬਾਵਜੂਦ ਮਾਣ ਨਾਲ ਖੜ੍ਹਾ ਹੈ। ਗੋਰੇ ਇਸ ਗੱਲੋਂ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਨੇ ਆਪਣਾ ਸੱਭਿਆਚਾਰ ਅਤੇ ਇਮਾਰਤਾਂ ਨੂੰ ਸੰਭਾਲ ਕੇ ਰੱਖਿਆ ਹੈ। ਕੈਨੇਡਾ ਦੇ ਮੈਂ ਜਿੰਨੇ ਵੀ ਸ਼ਹਿਰ ਵੇਖੇ, ਹਰ ਸ਼ਹਿਰ ਵਿੱਚ ਡਾਊਨ ਟਾਊਨ ਹੁੰਦਾ ਹੈ। ਕੈਨੇਡਾ ਵਿੱਚ ਸਾਫ਼ ਪਾਣੀ ਦੀਆਂ ਝੀਲਾਂ ਹੋਣ ਦੇ ਬਾਵਜੂਦ ਪਾਣੀ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

ਸਵੇਰੇ ਅਸੀਂ ਕੈਨੇਡਾ ਦੀ ਸੰਸਦ ਵੇਖਣ ਲਈ ਹੋਟਲ ਤੋਂ ਪੈਦਲ ਹੀ ਚੱਲ ਪਏ ਕਿਉਂਕਿ ਪਾਰਕਿੰਗ ਦੀ ਸਹੂਲਤ ਸੰਸਦ ਦੇ ਲਾਗੇ ਨਹੀਂ ਹੈ। ਸੰਸਦ ਦੀਆਂ ਇਮਾਰਤਾਂ ਭਾਵੇਂ ਪੁਰਾਣੀਆਂ ਹਨ, ਪਰ ਵਧੀਆ ਸਾਂਭ ਸੰਭਾਲ ਹੋਣ ਕਾਰਨ ਇਹ ਨਵੀਆਂ ਇਮਾਰਤਾਂ ਨੂੰ ਵੀ ਮਾਤ ਪਾਉਂਦੀਆਂ ਹਨ। ਅੰਦਰ ਜਾਣ ਦੀ ਟਿਕਟ ਮੁਫ਼ਤ ਸੀ, ਪਰ ਟਿਕਟ ਲੈਣੀ ਜ਼ਰੂਰ ਪੈਂਦੀ ਹੈ। ਉਹ ਵੀ ਔਨਲਾਈਨ ਹੀ ਲੈਣੀ ਪੈਂਦੀ ਹੈ। ਸੰਸਦ ਦੀਆਂ ਵੱਖ ਵੱਖ ਇਮਾਰਤਾਂ ਲਈ ਵੱਖ ਵੱਖ ਟਿਕਟਾਂ ਸਨ। ਜਿਵੇਂ ਅਪਰ ਚੈਂਬਰ ਅਤੇ ਲੋਅਰ ਚੈਂਬਰ ਅਤੇ ਸੰਸਦ ਦੀ ਲਾਇਬ੍ਰੇਰੀ ਆਦਿ। ਅੰਦਰ ਜਾਣ ਲਈ ਗਰੁੱਪ ਬਣਾਏ ਜਾਂਦੇ ਹਨ ਜਿਸ ਵਿੱਚ ਮੈਂਬਰਾਂ ਦੀ ਗਿਣਤੀ 15-16 ਤੱਕ ਵੀ ਹੋ ਜਾਂਦੀ ਹੈ ਅਤੇ ਨਾਲ ਇੱਕ ਗਾਈਡ ਵੀ ਦਿੱਤਾ ਜਾਂਦਾ ਹੈ। ਅੰਦਰ ਜਾਣ ਲਈ ਅਸੀਂ ਲਾਈਨ ਵਿੱਚ ਲੱਗ ਗਏ। ਜਦੋਂ ਨੇੜੇ ਪਹੁੰਚੇ ਤਾਂ ਏਅਰਪੋਟ ਵਾਂਗ ਸਕਿਊਰਿਟੀ ਚੈੱਕ ਕੀਤੀ ਜਾ ਰਹੀ ਸੀ। ਸਾਰਾ ਸਾਮਾਨ ਟਰੇਆਂ ਵਿੱਚ ਰੱਖ ਕੇ ਸਕੈਨ ਕੀਤਾ ਜਾ ਰਿਹਾ ਸੀ। ਮੇਰੀ ਪਤਨੀ ਆਖਣ ਲੱਗੀ ਕਿ ਮੈਂ ਤਾਂ ਅੰਦਰ ਨਹੀਂ ਜਾਣਾ।

''ਕਿਉਂ?' ਮੈਂ ਪੁੱਛਿਆ।

''ਮੈਂ ਗਾਤਰਾ ਲਾਹੁਣਾ ਨਹੀਂ ਅਤੇ ਇਨ੍ਹਾਂ ਨੇ ਗਾਤਰੇ ਸਮੇਤ ਜਾਣ ਦੇਣਾ ਨਹੀਂ।'' ਉਸ ਨੇ ਆਖਿਆ।

''ਚੱਲ ਆਪਾਂ ਇਨ੍ਹਾਂ ਨੂੰ ਪੁੱਛ ਲੈਂਦੇ ਹਾਂ।'' ਮੈਂ ਆਖਿਆ। ਜਦੋਂ ਪੁੱਛਿਆ ਤਾਂ ਸਕਿਊਰਿਟੀ ਅਧਿਕਾਰੀ ਦਾ ਜਵਾਬ ਸੀ ਕਿ ਉਹ ਤੁਹਾਡੇ ਧਰਮ ਬਾਰੇ ਜਾਣਦੇ ਹਨ। ਅਸੀਂ ਤੁਹਾਡੇ ਧਾਰਮਿਕ ਚਿੰਨ੍ਹਾਂ ਨੂੰ ਹੱਥ ਵੀ ਨਹੀਂ ਲਗਾਉਣਾ, ਪਰ ਚੈਕਿੰਗ ਜ਼ਰੂਰ ਕਰਨੀ ਹੈ। ਉਨ੍ਹਾਂ ਨੇ ਚੈਕਿੰਗ ਕੀਤੀ ਅਤੇ ਉਹ ਗਾਤਰੇ ਸਮੇਤ ਪਾਰਲੀਮੈਂਟ ਹਾਊਸ ਵਿੱਚ ਦਾਖਲ ਹੋਈ। ਗਾਈਡ ਅੰਦਰ ਪੂਰੀ ਜਾਣਕਾਰੀ ਦੇ ਰਿਹਾ ਸੀ ਜੋ ਫਰੈਂਚ ਬੋਲਦਾ ਸੀ। ਇਸ ਦੀ ਸਾਨੂੰ ਕੁਝ ਵੀ ਸਮਝ ਨਹੀਂ ਸੀ। ਇਸ ਕਰਕੇ ਅਸੀਂ ਨਾਲ ਨਾਲ ਤੁਰੇ ਜਾ ਰਹੇ ਸੀ ਅਤੇ ਜੋ ਕੁਝ ਉੱਥੇ ਅੰਗਰੇਜ਼ੀ ਵਿੱਚ ਲਿਖਿਆ ਸੀ, ਪੜ੍ਹ ਕੇ ਹੀ ਗੁਜ਼ਾਰਾ ਕਰ ਰਹੇ ਸੀ। ਉਸ ਵੇਲੇ ਸੈਸ਼ਨ ਨਹੀਂ ਸੀ ਚੱਲ ਰਿਹਾ, ਪਰ ਸੈਸ਼ਨ ਦੌਰਾਨ ਵੀ ਤੁਸੀਂ ਅੰਦਰ ਜਾ ਸਕਦੇ ਹੋ। ਫਰੈਂਚ ਭਾਸ਼ਾ ਦੀ ਜਾਣਕਾਰੀ ਨਾ ਹੋਣ ਕਾਰਨ ਅਸੀਂ ਕਾਫ਼ੀ ਜਾਣਕਾਰੀ ਤੋਂ ਵਿਰਵੇ ਰਹਿ ਗਏ। ਅੱਧੇ ਕੁ ਘੰਟੇ ਬਾਅਦ ਅਸੀਂ ਪਾਰਲੀਮੈਂਟ ਹਾਊਸ ਵੇਖ ਕੇ ਬਾਹਰ ਆ ਗਏ। ਬਾਕੀ ਇਮਾਰਤਾਂ ਦੇਖਣ ਲਈ ਫਿਰ ਟਿਕਟ ਲੈਣੀ ਪੈਣੀ ਸੀ ਜਿਹੜੀ ਉਸ ਸਮੇਂ ਸੰਭਵ ਨਹੀਂ ਸੀ।

ਫਿਰ ਅਸੀਂ ਅਗਲੇ ਦਿਨ ਸ਼ਹਿਰ ਦੇਖਣ ਤੁਰ ਪਏ। ਰੀਡੋ ਨਹਿਰ 'ਤੇ ਬਣੇ ਪੁਲ ਇਤਿਹਾਸਕ ਮਹੱਤਵ ਰੱਖਦੇ ਹਨ। ਇਹ ਵੇਖਣ ਵਾਲਿਆਂ ਨੂੰ ਮੋਹ ਲੈਂਦੇ ਹਨ। ਇਹ ਅੱਠ ਪੁਲ ਸਿਰਫ਼ ਪੈਦਲ ਨਹਿਰ ਪਾਰ ਕਰਨ ਲਈ ਹੀ ਨਹੀਂ ਸਨ। ਇਹ ਇੰਜੀਨੀਅਰਿੰਗ ਦਾ ਬਹੁਤ ਵਧੀਆ ਅਤੇ ਹੈਰਾਨ ਕਰਨ ਵਾਲਾ ਨਮੂਨਾ ਹੈ। ਲਾਕ (ਪੁਲ) ਰੀਡੋ ਨਹਿਰ ਨੂੰ ਔਟਵਾ ਦਰਿਆ ਨਾਲ ਜੋੜਦੇ ਹਨ। ਲਫਜ਼ 'ਰੀਡੋ' ਫਰੈਂਚ ਭਾਸ਼ਾ ਦਾ ਹੈ। 1824 ਵਿੱਚ ਸੈਮੂਅਲ ਨੇ ਇਸ ਥਾਂ ਦਾ ਸਰਵੇ ਕੀਤਾ ਅਤੇ 1827 ਵਿੱਚ ਜ਼ੋਹਨ ਪੈਨੀਫਾਦਰ ਨੂੰ ਇਹ ਲਾਕ (ਪੁਲ) ਬਣਾਉਣ ਦਾ ਕੰਮ ਦਿੱਤਾ ਗਿਆ। ਇਸ ਉਪਰੰਤ ਸਮੇਂ ਸਮੇ ਇੰਜੀਨੀਅਰ ਇਸ ਵਿੱਚ ਆਪਣਾ ਹਿੱਸਾ ਪਾਉਂਦੇ ਰਹੇ। 1838 ਵਿੱਚ ਮੈਕੇ ਨੇ ਆਪਣੇ ਲਈ ਇੱਕ ਵੱਡਾ ਅਲੀਸ਼ਾਨ ਪੱਥਰਾ ਦਾ ਮਹਿਲ ਬਣਾਇਆ, ਜਿਸ ਨੂੰ ਅੱਜ ਰੀਡੋ ਹਾਲ ਕਿਹਾ ਜਾਂਦਾ ਹੈ। ਇਹ ਕੈਨੇਡਾ ਦੇ ਗਵਰਨਰ ਜਨਰਲ ਦਾ ਘਰ ਹੈ। ਸਤੰਬਰ 1831 ਵਿੱਚ ਪਹਿਲੀ ਸਟੀਮ ਬੋਟ ਇਨ੍ਹਾਂ ਪੁਲਾਂ ਹੇਠੋਂ ਲੰਘੀ ਸੀ। ਸੈਪਰ ਬ੍ਰਿਜ ਬਹੁਤ ਸੋਹਣਾ ਪੁਲ ਹੈ ਜਿਹੜਾ ਸਿਰਫ਼ ਪੱਥਰਾਂ ਦਾ ਹੀ ਬਣਿਆ ਹੋਇਆ ਹੈ। ਇਨ੍ਹਾਂ ਇਮਾਰਤਾਂ ਨੇ ਸਮੇਂ ਸਮੇਂ ਕੁਦਰਤ ਦੀ ਮਾਰ ਝੱਲੀ ਹੈ। ਫਿਰ ਵੀ ਹਿੱਕ ਤਾੜ ਕੇ ਖੜ੍ਹੀਆਂ ਹਨ।

ਅਗਲੇ ਦਿਨ ਅਸੀਂ ਮੌਂਟਰੀਅਲ ਲਈ ਰਵਾਨਾ ਹੋ ਗਏ। ਉੱਥੇ ਲੋਕ ਫਰੈਂਚ ਬੋਲਦੇ ਹਨ। ਸਾਈਨ ਬੋਰਡ ਵੀ ਫਰੈਂਚ ਵਿੱਚ ਹੀ ਹਨ। ਫਰੈਂਚ ਸਰਕਾਰੀ ਭਾਸ਼ਾ ਹੈ। ਜੇਕਰ ਤੁਸੀਂ ਇੱਥੇ ਬਿਜ਼ਨਸ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਫਰੈਂਚ ਭਾਸ਼ਾ ਆਉਣੀ ਜ਼ਰੂਰੀ ਹੈ। ਜਿਸ ਹੋਟਲ ਵਿੱਚ ਅਸੀਂ ਠਹਿਰੇ ਸੀ, ਉੱਥੇ ਮੈਨੂੰ ਕਿਸੇ ਵੀ ਥਾਂ 'ਤੇ ਅੰਗਰੇਜ਼ੀ ਲਿਖੀ ਨਹੀਂ ਮਿਲੀ। ਮੌਂਟਰੀਅਲ ਸ਼ਹਿਰ ਕਿਊਬਕ ਦਾ ਹਿੱਸਾ ਹੈ। 1995 ਵਿੱਚ ਜਨਮਤ ਸੰਗ੍ਰਹਿ ਕਰਵਾਇਆ ਗਿਆ ਜਿਸ ਮੁਤਾਬਿਕ ਇਹ ਫ਼ੈਸਲਾ ਹੋਣਾ ਸੀ ਕਿ ਫਰੈਂਚ ਬੋਲਣ ਵਾਲਾ ਕਿਊਬਿਕ ਆਜ਼ਾਦ ਦੇਸ਼ ਹੋਵੇਗਾ ਬਸ਼ਰਤੇ ਉਹ ਕੈਨੇਡਾ ਨਾਲ ਰਾਜਨੀਤਕ ਅਤੇ ਵਿੱਤੀ ਸਮਝੌਤਾ ਕਰੇ। ਇਸ ਜਨਮਤ ਸੰਗ੍ਰਹਿ ਵਿੱਚ 93,52 ਪ੍ਰਤੀਸ਼ਤ ਲੋਕਾਂ ਨੇ ਵੋਟ ਪਾਈ। 50,58 ਲੋਕਾਂ ਨੇ ਵਿਰੋਧ ਵਿੱਚ ਅਤੇ 49,42 ਪ੍ਰਤੀਸ਼ਤ ਲੋਕਾਂ ਨੇ ਹੱਕ ਵਿੱਚ ਵੋਟ ਪਾਈ। ਇੱਕ ਪ੍ਰਤੀਸ਼ਤ ਵੋਟਾਂ ਦੇ ਫ਼ਰਕ ਨਾਲ ਇਹ ਜਨਮਤ ਸੰਗ੍ਰਹਿ ਫੇਲ੍ਹ ਹੋ ਗਿਆ।

ਅਸੀਂ ਇੱਥੇ ਓਲਡ ਪੋਰਟ ਵੇਖਣ ਦਾ ਵੀ ਫ਼ੈਸਲਾ ਕੀਤਾ। ਅਸੀਂ ਟਿਕਟਾਂ ਲਈਆਂ ਅਤੇ ਫੈਰੀ ਵਿੱਚ ਬੈਠ ਗਏ। ਭਾਵੇਂ ਥੋੜ੍ਹਾ ਥੋੜ੍ਹਾ ਮੀਂਹ ਪੈ ਰਿਹਾ ਸੀ ਅਤੇ ਠੰਢ ਵੀ ਕਾਫ਼ੀ ਸੀ। ਫਿਰ ਵੀ ਅਸੀਂ ਫੈਰੀ ਦੀ ਛੱਤ 'ਤੇ ਜਾ ਕੇ ਆਲੇ ਦੁਆਲੇ ਦਾ ਆਨੰਦ ਮਾਣਿਆ। ਪੰਦਰਾਂ ਕੁ ਮਿੰਟਾਂ ਵਿੱਚ ਓਲਡ ਪੋਰਟ 'ਤੇ ਪਹੁੰਚ ਗਏ। ਇੱਥੋਂ ਦਾ ਚਰਚ ਬੁਹਤ ਪੁਰਾਣਾ ਅਤੇ ਮਸ਼ਹੂਰ ਹੈ। ਇਹ ਚਰਚ ਪੁਰਾਣੇ ਖੰਡਰਾਂ 'ਤੇ 1771 ਵਿੱਚ ਬਣਾਇਆ ਗਿਆ ਸੀ। ਇਸ ਚਰਚ ਨੂੰ ਵੇਖ ਕੇ ਦੱਖਣੀ ਭਾਰਤ ਦੇ ਪੁਰਾਣੇ ਮੰਦਰ ਯਾਦ ਆ ਗਏ। ਇਸ ਨੂੰ ਰਾਸ਼ਟਰੀ ਇਤਿਹਾਸਕ ਸਥਾਨ ਦਾ ਨਾਂ ਦਿੱਤਾ ਗਿਆ ਹੈ। ਇਹ ਇਤਿਹਾਸਕ, ਧਾਰਮਿਕ ਅਤੇ ਕਲਾ ਦਾ ਨਮੂਨਾ ਹੈ। ਲੋਕ ਇਸ ਦਾ ਪੂਰਾ ਮਾਣ ਸਤਿਕਾਰ ਕਰਦੇ ਹਨ। ਉਹ ਬਾਹਰੋਂ ਹੱਥ ਜੋੜ ਕੇ ਮੱਥਾ ਟੇਕਦੇ ਹਨ ਅਤੇ ਅੱਗੇ ਜਾਂਦੇ ਹਨ। ਮੱਥਾ ਟੇਕਣ ਲਈ ਭਾਵੇਂ ਡਰੈੱਸ ਕੋਡ ਨਹੀਂ ਹੈ, ਪਰ ਫਿਰ ਵੀ ਧਰਮ ਦਾ ਸਤਿਕਾਰ ਕਰਦੇ ਹੋਏ ਪੂਰੇ ਕੱਪੜਿਆਂ ਨੂੰ ਚੰਗਾ ਸਮਝਿਆ ਜਾਂਦਾ ਹੈ। ਕਿਸੇ ਵੀ ਸ਼ਹਿਰ ਭਾਵੇਂ ਉਹ ਛੋਟਾ ਹੋਵੇ ਜਾਂ ਵੱਡਾ, ਉਸ ਦੇ ਸੱਭਿਆਚਾਰ, ਲੋਕਾਂ ਅਤੇ ਇਤਿਹਾਸ ਬਾਰੇ ਜਾਣਨ ਲਈ ਤੁਹਾਨੂੰ ਲੰਬਾ ਸਮਾਂ ਚਾਹੀਦਾ ਹੈ। ਕੁਝ ਘੰਟਿਆਂ ਜਾਂ ਇੱਕ-ਦੋ ਦਿਨ ਵਿੱਚ ਤਾਂ ਤੁਹਾਨੂੰ ਸਿਰਫ਼ ਓਪਰੀ ਜਿਹੀ ਜਾਣਕਾਰੀ ਹੀ ਮਿਲਦੀ ਹੈ।

# ਜੌਰਜੀਆ ਵਿੱਚ 11 ਪੰਜਾਬੀਆਂ ਸਮੇਤ 12 ਲੋਕਾਂ ਦੀ ਮੌਤ



ਜੌਰਜੀਆ : ਜੌਰਜੀਆ ਦੇ 1 ਰੈਸਟੋਰੈਂਟ ਵਿੱਚ 11 ਪੰਜਾਬੀਆਂ ਸਮੇਤ ਕੁੱਲ 12 ਲੋਕਾਂ ਮ੍ਰਿਤ ਪਾਏ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਇਹ ਹਾਦਸਾ ਗੁਡੌਰੀ ਦੇ ਇੱਕ ਪਹਾੜੀ ਰਿਸੋਰਟ ਵਿੱਚ ਵਾਪਰਿਆ। ਜੌਰਜੀਆ ਦੇ ਟਬਿਲਿਸੀ ਸਥਿਤ ਭਾਰਤੀ ਦੂਤਾਵਾਸ ਨੇ ਇਸ ਦੁਖਦ ਘਟਨਾ ਦੀ ਪੁਸ਼ਟੀ ਕੀਤੀ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ।

ਭਾਰਤੀ ਦੂਤਾਵਾਸ ਅਨੁਸਾਰ, ਮ੍ਰਿਤਕ ਸਾਰੇ ਰੈਸਟੋਰੈਂਟ ਦੇ ਕਰਮਚਾਰੀ ਸਨ। ਸਥਾਨਕ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸ਼ੁਰੂਆਤੀ ਰਿਪੋਰਟਾਂ ਅਨੁਸਾਰ ਇਹ ਮੌਤਾਂ ਕਾਰਬਨ ਮੋਨੋਕਸਾਈਡ ਦੇ ਕਾਰਨ ਹੋਈਆਂ ਹਨ। ਰੈਸਟੋਰੈਂਟ ਦੇ ਦੂਜੇ ਮੰਜ਼ਲ ਦੇ ਆਰਾਮ ਖੇਤਰ ਵਿੱਚ ਇਹ ਸਾਰੇ ਮ੍ਰਿਤਕ ਪਾਏ ਗਏ। ਪੁਲਿਸ ਨੇ ਜੌਰਜੀਆ ਦੇ ਫੌਜਦਾਰੀ ਕੋਡ ਦੇ ਆਰਟਿਕਲ 116 ਅਨੁਸਾਰ, ਜੋ ਲਾਪਰਵਾਹੀ ਨਾਲ ਮੌਤ ਦੇ ਮਾਮਲਿਆਂ ਨਾਲ ਸੰਬੰਧਤ ਹੈ, ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਰੰਭਿਕ ਜਾਂਚ ਅਨੁਸਾਰ, ਇੱਕ ਜਨਰੇਟਰ ਜਿਸਨੂੰ ਬੰਦ ਕਮਰੇ ਵਿੱਚ ਰੱਖਿਆ ਗਿਆ ਸੀ, ਘਟਨਾ ਦਾ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ। ਇਹ ਜਨਰੇਟਰ 13 ਦਸੰਬਰ ਨੂੰ ਚਲਾਇਆ ਗਿਆ ਸੀ, ਜਦੋਂ ਬਿਜਲੀ ਸਪਲਾਈ ਰੁਕੀ ਹੋਈ ਸੀ। ਬੰਦ ਜਗ੍ਹਾ ਵਿੱਚ ਜਨਰੇਟਰ ਚਲਾਉਣ ਕਰਕੇ ਹੋ ਸਕਦਾ ਹੈ ਕਿ ਜ਼ਹਿਰੀਲੀ ਗੈਸ ਫੈਲਣ ਕਾਰਨ ਇਹ ਮੌਤਾਂ ਹੋਈਆਂ।

ਜੌਰਜੀਆ ਦੇ ਅੰਦਰੂਨੀ ਮਾਮਲਿਆਂ ਦੀ ਮੰਤਰਾਲਾ ਨੇ ਕਿਹਾ ਕਿ ਮੌਤਾਂ ਦੇ ਕਾਰਣ ਦਾ ਅਸਲ ਪਤਾ ਲਗਾਉਣ ਲਈ ਫੌਰੈਂਸਿਕ ਪਰੀਖਿਆ ਵੀ ਕੀਤੀ ਜਾਵੇਗੀ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ, ਇਹ ਮੌਤਾਂ ਸਾਫ਼ ਤੌਰ ਤੇ ਜਹਿਰਲੇਪਣ ਕਾਰਨ ਹੋਈਆਂ ਹਨ। ਹਾਲਾਂਕਿ, ਅਧਿਕਾਰੀਆਂ ਨੂੰ ਹਿੰਸਾ ਜਾਂ ਕੋਈ ਹੋਰ ਘਟਨਾ ਦੇ ਨਿਸ਼ਾਨ ਨਹੀਂ ਮਿਲੇ। ਪੁਲਿਸ ਨੇ ਮਾਮਲੇ ਦੀ ਜਾਂਚ ਕਰਨ ਲਈ ਮੌਕੇ ਤੋਂ ਸਬੂਤ ਇਕੱਠੇ ਕਰਨ ਸ਼ੁਰੂ ਕਰ ਦਿੱਤੇ ਹਨ। ਜਨਰੇਟਰ ਦੀ ਅਵਸਥਾ ਅਤੇ ਇਸ ਦੀ ਸਥਾਪਨਾ ਦੇ ਸਬੰਧ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ। ਜੇਕਰ ਜਾਂਚ ਵਿੱਚ ਲਾਪਰਵਾਹੀ ਦਾ ਸਬੂਤ ਮਿਲਦਾ ਹੈ ਤਾਂ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।

# ਵਿਸਕਾਂਸਿਨ ਦੇ ਪ੍ਰਾਈਵੇਟ ਸਕੂਲ 'ਚ ਹੋਈ ਗੋਲੀਬਾਰੀ, 3 ਮੌਤਾਂ ਅਤੇ ਕਈ ਜ਼ਖ਼ਮੀ



ਵਾਸ਼ਿੰਗਟਨ : ਬੀਤੇ ਦਿਨੀਂ ਅਮਰੀਕਾ ਦੇ ਸੂਬੇ ਵਿਸਕਾਂਸਿਨ ਦੇ ਇਕ ਪ੍ਰਾਈਵੇਟ ਸਕੂਲ 'ਚ 15 ਸਾਲਾ ਵਿਦਿਆਰਥੀ ਨੈਟਲੀ ਰਪਨੋ ਦੁਆਰਾ ਕੀਤੀ ਗਈ ਗੋਲੀਬਾਰੀ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ, ਜਿਸ ਵਿੱਚ ਸ਼ੂਟਰ ਖੁਦ ਵੀ ਸ਼ਾਮਲ ਹੈ। ਇਸ ਘਟਨਾ ਵਿੱਚ ਕਈ ਹੋਰ ਵਿਦਿਆਰਥੀ ਅਤੇ ਸਟਾਫ ਮੈਂਬਰ ਵੀ ਜ਼ਖ਼ਮੀ ਹੋਏ ਹਨ।

ਇਹ ਹਾਦਸਾ ਮੈਡਿਸਨ ਦੇ ਅਬੰਡੈਂਟ ਲਾਈਫ ਕ੍ਰਿਸਚਨ ਸਕੂਲ ਵਿੱਚ ਵਾਪਰਿਆ, ਜੋ ਕਿ ਕੇ-12 ਤੱਕ ਦੀ ਪੜ੍ਹਾਈ ਵਾਲਾ ਸਕੂਲ ਹੈ ਅਤੇ ਇਸ ਵਿੱਚ ਲਗਭਗ 390 ਵਿਦਿਆਰਥੀ ਹਨ। ਮੈਡਿਸਨ ਪੁਲਿਸ ਮੁਖੀ ਸ਼ੌਨ ਬਾਰਨਸ ਨੇ ਪੁਸ਼ਟੀ ਕੀਤੀ ਕਿ ਇਹ ਹਮਲਾਵਰ ਸਕੂਲ ਦੀ ਵਿਦਿਆਰਥਣ ਸੀ। ਹਮਲੇ ਦੇ ਦੌਰਾਨ ਸੱਤ ਲੋਕ ਜ਼ਖ਼ਮੀ ਹੋਏ।

ਪੁਲਿਸ ਮੁਖੀ ਨੇ ਦੱਸਿਆ ਕਿ ਗੋਲੀਬਾਰੀ ਸਿਰਫ਼ ਇੱਕ ਖੇਤਰ ਵਿੱਚ ਹੀ ਹੋਈ ਅਤੇ ਸ਼ੂਟਰ ਨੇ ਖੁਦ ਨੂੰ ਵੀ ਗੋਲੀ ਮਾਰ ਲਈ।

ਮੈਡਿਸਨ ਪੁਲਿਸ ਨੇ ਦੱਸਿਆ ਕਿ ਸਵੇਰ 11 ਵਜੇ ਤੋਂ ਪਹਿਲਾਂ ਘਟਨਾ ਦੀ ਸੂਚਨਾ ਮਿਲੀ। ਸਟਾਫ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਜਗ੍ਹਾ 'ਤੇ ਲਿਜਾਇਆ ਗਿਆ। ਇਸ ਹਮਲੇ ਨੂੰ ਦੇਖਦੇ ਹੋਏ ਵਿਸਕਾਂਸਿਨ ਦੇ ਗਵਰਨਰ ਟੋਨੀ ਏਵਰਸ ਨੇ ਕਿਹਾ, "ਸਾਡੇ ਵਿਚਕਾਰ ਇੱਕ ਵੱਡਾ ਦੁੱਖ ਦਾ ਦਿਨ ਹੈ। ਅਸੀਂ ਇਸ ਘਟਨਾ ਤੋਂ ਬਹੁਤ ਹੈਰਾਨ ਅਤੇ ਦੁਖੀ ਹਾਂ। ਸਾਡੀਆਂ ਦੁਆਂ ਇਸ ਸਕੂਲ ਦੀ ਪੂਰੀ ਕਮਿਊਨਿਟੀ ਨਾਲ ਹਨ।" ਵਾਈਟ ਹਾਊਸ ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਰਾਸ਼ਟਰਪਤੀ ਜੋ ਬਾਈਡਨ ਨੂੰ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਥਾਨਕ ਅਧਿਕਾਰੀਆਂ ਦੀ ਸਹਾਇਤਾ ਲਈ ਕੇਂਦਰੀ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ।

ਇਹ ਹਮਲਾ ਅਮਰੀਕਾ ਵਿੱਚ ਹਾਲੀ ਦੀਆਂ ਸਕੂਲ ਗੋਲੀਬਾਰੀਆਂ ਦੀ ਲੜੀ ਵਿੱਚ ਇਕ ਹੋਰ ਵੱਡੀ ਘਟਨਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਵਿੱਚ ਡਰ ਪੈਦਾ ਕੀਤਾ ਹੈ। 2020 ਅਤੇ 2021 ਵਿੱਚ ਵੀ ਸਕੂਲ 'ਚ ਹੋਈ ਗੋਲੀਬਾਰੀ ਨਾਲ ਕਈ ਬੱਚਿਆਂ ਦੀ ਮੌਤ ਹੋਈ ਸੀ।

ਇਹ ਘਟਨਾ ਦੁਆਰਾ ਇੱਕ ਵਾਰ ਫਿਰ ਅਮਰੀਕਾ ਵਿੱਚ ਹਥਿਆਰਾਂ 'ਤੇ ਕਾਬੂ ਪਾਉਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਹਾਲਾਂਕਿ, ਕਈ ਦੇਸ਼ਾਂ ਵਿੱਚ ਹੋਈ ਅਜਿਹੀਆਂ ਘਟਨਾਵਾਂ ਦੇ ਬਾਵਜੂਦ, ਅਮਰੀਕੀ ਰਾਸ਼ਟਰ ਪੱਧਰੀ ਕਾਨੂੰਨਾਂ ਵਿੱਚ ਕੋਈ ਵੱਡੇ ਬਦਲਾਅ ਨਹੀਂ ਹੋਏ।

# ਨਿਊਯਾਰਕ ਦੇ ਮੇਅਰ ਦਾ ਬਿਆਨ : ਅਪਰਾਧਿਕ ਪਿਛੋਕੜ ਵਾਲੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਚਾਹੀਦਾ

**ਨਿਊਯਾਰਕ, (ਰਾਜ ਗੋਗਨਾ):** ਨਿਊਯਾਰਕ ਰਾਜ ਦੇ ਮੇਅਰ ਨੇ ਟਰੰਪ ਦੇ ਸਮਰਥਨ 'ਚ ਕਿਹਾ ਕਿ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਡਿਪੋਰਟ ਕੀਤਾ ਜਾਵੇ, ਇਕੱਲੇ ਨਿਊਯਾਰਕ 'ਚ ਅਜਿਹੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ 58 ਹਜ਼ਾਰ ਦੇ ਕਰੀਬ ਹੈ। ਸਾਢੇ ਛੇ ਲੱਖ ਤੋਂ ਵੱਧ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਆਬਾਦੀ ਵਾਲੇ ਨਿਊਯਾਰਕ ਸ਼ਹਿਰ ਦੇ ਮੇਅਰ ਨੇ ਡੋਨਾਲਡ ਟਰੰਪ ਦੀ ਸਮੂਹਿਕ ਦੇਸ਼ ਨਿਕਾਲੇ ਦੀ ਨੀਤੀ ਨਾਲ ਆਪਣੀ ਸਹਿਮਤੀ ਪ੍ਰਗਟਾਈ ਹੈ।ਇਕ ਪਾਸੇ ਜਦੋਂ ਅਮਰੀਕਾ ਦੇ ਲਗਭਗ ਸਾਰੇ ਡੈਮੋਕਰੇਟਿਕ ਸ਼ਹਿਰ ਅਤੇ ਰਾਜ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੇ ਵਿਰੁੱਧ ਹਨ, ਉਥੇ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਵੀ ਉਨ੍ਹਾਂ ਤੋਂ ਵੱਖਰਾ ਰੁਖ ਅਖਤਿਆਰ ਕਰਦੇ ਹੋਏ ਗੈਰ-ਦਸਤਾਵੇਜ਼ ਪ੍ਰਵਾਸੀਆਂ ਨੂੰ ਮਿਲਣ ਦੀ ਤਿਆਰੀ ਦਿਖਾਉਂਦੇ ਹੋਏ ਚਿਤਾਵਨੀ ਦਿੱਤੀ ਹੈ। ਟਰੰਪ ਦੇ ਸਰਹੱਦੀ ਜ਼ਾਰ ਟੌਮ ਹੋਮਨ ਨਾਲ ਐਰਿਕ ਐਡਮਜ਼ ਨੇ ਇਸ ਮਾਮਲੇ 'ਤੇ ਪਹਿਲਾਂ ਤੋਂ ਆਪਣਾ ਰੁਖ ਸਪੱਸ਼ਟ ਨਹੀਂ ਕੀਤਾ ਸੀ ਅਤੇ ਉਹ ਅਜਿਹਾ ਕੰਮ ਕਰ ਰਿਹਾ ਸੀ ਜਿਵੇਂ ਉਸ ਦਾ ਇਕ ਹੱਥ ਦੁੱਧ ਵਿੱਚ ਅਤੇ ਇਕ ਹੱਥ ਦਹੀ ਵਿਚ ਹੋਵੇ। ਐਰਿਕ ਐਡਮਜ਼, ਜੋ ਭ੍ਰਿਸ਼ਟਾਚਾਰ ਦੇ ਸੰਘੀ ਦੋਸ਼ਾਂ ਦਾ ਸਾਹਮਣਾ ਵੀ ਕਰ ਰਿਹਾ ਹੈ ਅਤੇ ਕਦੇ ਵਿਵਾਦਾਂ ਦਾ ਵਿਸ਼ਾ ਵੀ ਰਿਹਾ ਸੀ, ਨੇ ਹੁਣ ਕਿਹਾ ਹੈ ਕਿ ਅਪਰਾਧ ਕਰਦੇ ਫੜੇ ਗਏ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾ ਸਿਰਫ ਨਿਊਯਾਰਕ, ਸਗੋਂ ਅਮਰੀਕਾ ਤੋਂ ਵੀ ਡਿਪੋਰਟ ਕਰਨਾ ਹੋਵੇਗਾ।ਆਪਣੇ ਸਟੈਂਡ ਨੂੰ ਹੋਰ ਸਪੱਸ਼ਟ ਕਰਦੇ ਹੋਏ ਐਰਿਕ ਐਡਮਜ਼ ਨੇ ਕਿਹਾ ਕਿ ਲੁਟੇਰੇ, ਪੁਲਿਸ ਸ਼ੂਟਰ ਅਤੇ ਇੱਥੋ ਦੇ ਨਿਰਦੋਸ਼ ਲੋਕਾਂ ਨੂੰ ਅਪੰਗ ਕਰਨ ਵਾਲੇ ਵੀ ਅਮਰੀਕਾ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਅਜਿਹੇ ਲੋਕਾਂ ਲਈ ਇੱਥੋ ਕੋਈ ਥਾਂ ਨਹੀਂ ਹੈ।ਐਰਿਕ ਐਡਮਜ਼ ਨੇ ਆਪਣੇ ਸਾਥੀ ਡੈਮੋਕ੍ਰੇਟਿਕ ਮੇਅਰਾਂ ਨੂੰ ਵੀ ਇਸ ਮੁੱਦੇ 'ਤੇ ਆਪਣੇ ਆਪ ਨੂੰ ਸਹਿਮਤ ਹੋਣ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਉਹ ਟਰੰਪ ਪ੍ਰਸ਼ਾਸਨ ਨੂੰ ਉਨ੍ਹਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵੀ ਦੇਸ਼ ਨਿਕਾਲਾ ਦੇਣ ਵਿੱਚ ਮਦਦ ਕਰਨਗੇ ਜਿੰਨਾਂ ਤੇ ਅਪਰਾਧ ਸਾਬਤ ਹੋਏ ਹਨ ਜਾਂ ਦੋਸ਼ੀ ਹਨ।ਐਰਿਕ ਐਡਮਸ ਨੇ ਬਰਾਕ ਓਬਾਮਾ ਅਤੇ ਹਿਲੇਰੀ ਕਲਿੰਟਨ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਦੋਹਾਂ ਨੇਤਾਵਾਂ ਨੇ ਵੀ ਅਮਰੀਕਾ ਵਿਚ ਅਪਰਾਧ ਕਰਨ ਵਾਲੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਰਵੱਈਆ ਅਪਣਾਇਆ।ਉਸ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕੀਆਂ ਨੇ ਡੋਨਾਲਡ ਟਰੰਪ ਨੂੰ ਉਸ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੇ ਆਧਾਰ 'ਤੇ ਹੀ ਵੋਟਾਂ ਦਿੱਤੀਆ ਹਨ। ਅਤੇ ਹੁਣ ਉਸ ਦਾ ਫਰਜ਼ ਬਣਦਾ ਹੈ ਕਿ ਉਹ ਸਰਹੱਦੀ ਸੰਕਟ ਦੇ ਨਾਲ-ਨਾਲ ਪ੍ਰਵਾਸੀ ਸੰਕਟ ਨੂੰ ਹੱਲ ਕਰਨ ਲਈ ਆਉਣ ਵਾਲੀ ਸਰਕਾਰ ਨਾਲ ਕੰਮ ਕਰੇ।ਉਨ੍ਹਾਂ ਕਿਹਾ ਕਿ ਜਦੋਂ ਅਮਰੀਕਾ ਦੇ ਲੋਕਾਂ ਨੇ ਸਪੱਸ਼ਟ ਤੌਰ 'ਤੇ ਵੋਟਾਂ ਪਾ ਕੇ ਆਪਣਾ ਸੰਦੇਸ਼ ਸੁਣਾ ਦਿੱਤਾ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਅਮਰੀਕੀ ਅਖ਼ਬਾਰ ਨਿਊਯਾਰਕ ਪੋਸਟ ਦੀ ਰਿਪੋਰਟ ਦੇ ਮੁਤਾਬਕ ਇਸ ਸਮੇਂ ਸਿਰਫ ਨਿਊਯਾਰਕ ਸ਼ਹਿਰ 'ਚ ਹੀ ਲਗਭਗ 58 ਹਜ਼ਾਰ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀ ਅਪਰਾਧ ਕਰਨ ਦੇ ਦੋਸ਼ੀ ਹਨ ਜਾਂ ਉਨ੍ਹਾਂ 'ਤੇ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ।ਐਰਿਕ ਐਡਮਜ਼ ਨੇ ਆਪਣਾ ਪੱਖ ਸਾਫ਼ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ 58 ਹਜ਼ਾਰ ਲੋਕਾਂ ਨੂੰ ਦੇਸ਼ ਨਿਕਾਲਾ ਦੇਣ 'ਤੇ ਉਨ੍ਹਾਂ ਨੂੰ ਕੋਈ ਵੀ ਇਤਰਾਜ਼ ਨਹੀਂ ਹੈ। ਜ਼ਿਕਰਯੋਗ ਹੈ ਕਿ ਬਿਡੇਨ ਦੇ ਕਾਰਜਕਾਲ ਦੌਰਾਨ ਨਿਊਯਾਰਕ ਨੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਬਚਾਉਣ ਲਈ 6.4 ਅਰਬ ਡਾਲਰ ਖਰਚ ਕੀਤੇ ਸਨ।ਐਰਿਕ ਐਡਮਜ਼ ਨੇ ਪਹਿਲਾਂ ਬਿਡੇਨ ਦੀ ਇਮੀਗ੍ਰੇਸ਼ਨ ਨੀਤੀ ਦੀ ਆਲੋਚਨਾ ਕੀਤੀ ਸੀ, ਇਹ ਦਲੀਲ ਦਿੱਤੀ ਸੀ ਕਿ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ 6.4 ਬਿਲੀਅਨ ਡਾਲਰ ਖਰਚ ਕਰਨ ਦੀ ਬਜਾਏ, ਉਹ ਨਿਊਯਾਰਕ ਸਿਟੀ ਵਿੱਚ ਇੱਕ ਹਜ਼ਾਰ ਵਾਧੂ ਪੁਲਿਸ ਅਫਸਰਾਂ ਨੂੰ ਨਿਯੁਕਤ ਕਰ ਸਕਦਾ ਸੀ, ਜਿਵੇਂ ਹੀ ਡੋਨਾਲਡ ਟਰੰਪ ਨੇ ਅਹੁਦਾ ਸੰਭਾਲਿਆ ਹੈ, ਉਹ ਸਾਰੇ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਚਾਹੁੰਦਾ ਹੈ ਜੋ ਵਰਤਮਾਨ ਵਿੱਚ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਜੋ ਭਵਿੱਖ ਵਿੱਚ ਕੋਈ ਵੀ ਅਪਰਾਧ ਕਰਦੇ ਫੜੇ ਗਏ ਹਨ, ਜਿਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।ਜ਼ਿਕਰਯੋਗ ਹੈ ਕਿ ਸਿਗਰੇਟ ਜਾਂ ਬੀਅਰ ਵੇਚਦੇ ਜਾਂ ਟ੍ਰੈਫਿਕ ਸਿਗਨਲ ਤੋ ਛਾਲ ਮਾਰਦੇ ਫੜੇ ਗਏ ਪ੍ਰਵਾਸੀ ਨਾਬਾਲਗਾਂ ਨੂੰ ਅਮਰੀਕੀ ਗ੍ਰੀਨ ਕਾਰਡ ਜਾਂ ਨਾਗਰਿਕਤਾ ਹਾਸਲ ਕਰਨ 'ਚ ਵੀ ਮੁਸ਼ਕਲ ਆਉਂਦੀ ਹੈ, ਜਦਕਿ ਟਰੰਪ ਦੇ ਦੂਜੇ ਕਾਰਜਕਾਲ 'ਚ ਜੇਕਰ ਕੋਈ ਗੈਰ-ਕਾਨੂੰਨੀ ਪ੍ਰਵਾਸੀ ਅਜਿਹਾ ਆਮ ਅਪਰਾਧ ਕਰਦਾ ਫੜਿਆ ਜਾਂਦਾ ਹੈ। , ਉਸ ਨੂੰ ਸਿੱਧੇ ਡਿਪੋਰਟ ਕਰਨਾ ਪੈ ਸਕਦਾ ਹੈ।ਨਿਊਯਾਰਕ ਪੋਸਟ ਨੇ ਨਿਊਯਾਰਕ ਸਿਟੀ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਖਿਲਾਫ 58,000 ਕੇਸਾਂ ਦੀ ਸੁਣਵਾਈ ਜਾਂ ਮੁਕੰਮਲ ਹੋਣ ਦੀ ਗੱਲ ਕੀਤੀ, ਇਸ ਲਈ ਇਹ ਸਪੱਸ਼ਟ ਹੈ ਕਿ ਬਹੁਤ ਸਾਰੇ ਲੋਕ ਇੱਕ ਸਧਾਰਨ ਅਪਰਾਧ ਲਈ ਵੀ ਪੁਲਿਸ ਦੁਆਰਾ ਫੜੇ ਗਏ ਹੋਣਗੇ।ਹਾਲਾਂਕਿ ਪਰਵਾਸੀਆਂ ਦੇ ਹੱਕਾਂ ਲਈ ਕੰਮ ਕਰਨ ਵਾਲੇ ਲੋਕ ਵੀ ਇਸ ਮਾਮਲੇ ਵਿੱਚ ਨਿਊਯਾਰਕ ਦੇ ਮੇਅਰ ਵੱਲੋਂ ਲਏ ਸਟੈਂਡ ਦੀ ਆਲੋਚਨਾ ਵੀ ਕਰ ਰਹੇ ਹਨ।ਅਮਰੀਕੀ ਮੀਡੀਆ ਵਿੱਚ ਇਹ ਵੀ ਚਰਚਾ ਹੈ ਕਿ ਐਰਿਕ ਐਡਮਸ ਡੋਨਾਲਡ ਟਰੰਪ ਦਾ ਸਮਰਥਨ ਕਰਕੇ ਆਪਣੀ ਸੀਟ ਸੁਰੱਖਿਅਤ ਕਰ ਰਹੇ ਹਨ। ਨਿਊਯਾਰਕ 'ਚ ਨਵੰਬਰ 2025 'ਚ ਚੋਣ ਹੋਣੀ ਹੈ ਅਤੇ ਐਰਿਕ ਐਡਮਜ਼ ਮੁੜ ਤੋਂ ਚੋਣ ਲੜਨਾ ਚਾਹੁੰਦੇ ਹਨ, ਪਰ ਜੇਕਰ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਕੋਈ ਨਵੇਂ ਦੋਸ਼ ਲਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਜੇਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੇਕਰ ਟਰੰਪ ਐਰਿਕ ਐਡਮਸ ਦੀ ਮਦਦ ਕਰਦੇ ਹਨ ਤਾਂ ਉਹ ਇਸ ਸੰਭਾਵੀ ਮੁਸੀਬਤ ਤੋਂ ਬਚ ਸਕਦਾ ਹੈ।




Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occasions
Open 7 days a Week
10:00am to 10:00pm


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

# ਭਾਰਤੀ ਨਿਆਂ ਪ੍ਰਣਾਲੀ ਉੱਪਰ ਹਿੰਦੂਤਵ ਵਿਚਾਰਧਾਰਾ ਦਾ ਵਧ ਰਿਹਾ ਪ੍ਰਭਾਵ

ਲੇਖਕ : ਬੂਟਾ ਸਿੰਘ ਮਹਿਮੂਦਪੁਰ
ਸੰਪਰਕ : 91-94634 74342

ਅਕਸਰ ਹੀ ਦਾਅਵੇ ਕੀਤੇ ਜਾਂਦੇ ਹਨ ਕਿ ਭਾਰਤ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੈ ਅਤੇ ਇਸਦੀ ਨਿਆਂ ਪ੍ਰਣਾਲੀ ਨਿਰਪੱਖ ਹੈ। ਇਹ ਦਾਅਵੇ ਹਕੀਕਤ ਨਾਲ ਮੇਲ ਨਹੀਂ ਖਾਂਦੇ। ਪਿਛਲੇ ਦਹਾਕਿਆਂ 'ਚ ਬਹੁਤ ਸਾਰੇ ਅਜਿਹੇ ਮਾਮਲੇ ਰਹੇ ਹਨ ਜਿਨ੍ਹਾਂ ਵਿਚ ਹਿੰਦੂ ਬਹੁਗਿਣਤੀ ਫਿਰਕੇ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲਿਆਂ ਨੂੰ ਖ਼ੁਸ਼ ਕਰਨ ਲਈ ਸਿਰਫ਼ ਫ਼ੈਸਲੇ ਹੀ ਨਹੀਂ ਲਏ ਗਏ ਸਗੋਂ ਨਿਆਂਸ਼ਾਸਤਰ ਨੂੰ ਟਿੱਚ ਸਮਝਦੇ ਹੋਏ ਅਜਿਹੇ ਫ਼ੈਸਲਿਆਂ ਨੂੰ ਜਾਇਜ਼ ਠਹਿਰਾਉਣ ਲਈ ਕੁਤਰਕ ਵੀ ਦਿੱਤੇ ਗਏ। ਅਦਾਲਤਾਂ ਵੱਲੋਂ ਨਿਆਂਸ਼ਾਸਤਰ 'ਤੇ ਚੱਲਣ ਦੀ ਬਜਾਏ ਬਹੁਗਿਣਤੀ ਦੀਆਂ ਭਾਵਨਾਵਾਂ ਨੂੰ 'ਸੰਤੁਸ਼ਟ ਕਰਨਾ' ਜ਼ਰੂਰੀ ਸਮਝਿਆ ਗਿਆ। ਹੁਣ ਤਾਂ ਆਲਮ ਇਹ ਹੈ ਕਿ ਉੱਚ ਅਦਾਲਤਾਂ, ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਜੱਜ ਵੀ ਸ਼ਰੇਆਮ ਹਿੰਦੂਤਵ ਜਥੇਬੰਦੀਆਂ ਦੀ ਸੁਰ 'ਚ ਸੁਰ ਮਿਲਾਉਂਦੇ ਦੇਖੇ ਜਾ ਸਕਦੇ ਹਨ। ਇਸ ਦੀ ਤਾਜ਼ਾ ਮਿਸਾਲ 8 ਦਸੰਬਰ ਨੂੰ ਇਲਾਹਾਬਾਦ ਹਾਈਕੋਰਟ ਦੇ ਲਾਇਬ੍ਰੇਰੀ ਹਾਲ ਦੇ ਅੰਦਰ ਹੋਇਆ ਵਿਸ਼ਵ ਹਿੰਦੂ ਪਰਿਸ਼ਦ ਦਾ ਸਮਾਗਮ ਹੈ ਜਿਸਦਾ ਵਿਸ਼ਾ ਸੀ 'ਯੂਨੀਫਾਰਮ ਸਿਵਲ ਕੋਡ ਦੀ ਸੰਵਿਧਾਨਕ ਜ਼ਰੂਰਤ'। ਇਸ ਫਿਰਕੂ ਸਮਾਗਮ ਦੀ ਸਿਰਫ਼ ਇਜਾਜ਼ਤ ਹੀ ਨਹੀਂ ਦਿੱਤੀ ਗਈ ਸਗੋਂ ਸਿੱਟਿੰਗ ਜੱਜ ਸ਼ੇਖਰ ਕੁਮਾਰ ਯਾਦਵ ਨੇ ਸਮਾਗਮ 'ਚ ਸ਼ਾਮਲ ਹੋ ਕੇ ਆਰਐੱਸਐੱਸ-ਭਾਜਪਾ ਦੇ ਹਿੰਦੂਤਵ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਂਦਿਆਂ ਰਾਜਨੀਤਕ ਭਾਸ਼ਣ ਵੀ ਦਿੱਤਾ ਜਿਸ ਨੂੰ ਸੋਸ਼ਲ ਮੀਡੀਆ ਉੱਪਰ ਪ੍ਰਸਾਰਿਤ ਵੀ ਕੀਤਾ ਗਿਆ। 34 ਮਿੰਟ ਲੰਮੇ ਭਾਸ਼ਣ ਦੇ ਜਿੰਨੇ ਕੁ ਹਿੱਸੇ ਮੀਡੀਆ ਰਿਪੋਰਟਾਂ 'ਚ ਨਸ਼ਰ ਹੋਏ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮੁਸਲਿਮ ਫਿਰਕੇ ਅੰਦਰਲੀਆਂ 'ਬੁਰਾਈਆਂ' ਦੇ ਬਹਾਨੇ ਉਸਦਾ ਨਿਸ਼ਾਨਾ ਇਸ ਫਿਰਕੇ ਵੱਲ ਸੇਧਤ ਸੀ ਅਤੇ ਉਸਦਾ ਭਾਸ਼ਣ ਮੁਸਲਿਮ ਵਿਰੋਧੀ ਬਿਆਨਬਾਜ਼ੀ ਤੇ ਬਹੁ-ਗਿਣਤੀਵਾਦੀ ਸੋਚ ਨਾਲ ਗੜੁੱਚ ਸੀ। ਇਹ ਅਣਜਾਣੇ 'ਚ ਹੋਈ ਭੁੱਲ ਨਹੀਂ ਸੀ, ਸਗੋਂ ਬਕਾਇਦਾ ਸੋਚ-ਸਮਝ ਕੇ ਦਿੱਤਾ ਗਿਆ ਭਾਸ਼ਣ ਸੀ, ਜੋ ਇਸ ਕਦਰ ਫਿਰਕੂ ਸੀ ਕਿ ਸੁਪਰੀਮ ਕੋਰਟ ਨੂੰ ਵੀ ਇਸਦਾ ਨੋਟਿਸ ਲੈਣਾ ਪੈ ਗਿਆ। ਇਸ ਜੱਜ ਦਾ ਭਾਸ਼ਣ ਅਤੇ ਪਿਛਲੇ ਤਿੰਨ ਸਾਲ 'ਚ ਉਸ ਵੱਲੋਂ ਫ਼ੈਸਲੇ ਦੇਣ ਸਮੇਂ ਅਖ਼ਤਿਆਰ ਕੀਤਾ ਵਤੀਰਾ ਉਸ ਨਿਆਂਇਕ ਮਰਿਯਾਦਾ ਦੀ ਵੀ ਉਲੰਘਣਾ ਹੈ ਜੋ ਸੁਪਰੀਮ ਕੋਰਟ ਵੱਲੋਂ 1997 'ਚ ਅਪਣਾਈ ਗਈ ਸੀ ਅਤੇ ਜਿਸ ਵਿਚ ਕਿਹਾ ਗਿਆ ਸੀ ਕਿ ਜੱਜਾਂ ਨੂੰ ਰਾਜਨੀਤਕ ਮਾਮਲਿਆਂ ਬਾਰੇ ਜਨਤਕ ਤੌਰ 'ਤੇ ਵਿਚਾਰ ਪ੍ਰਗਟਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈਕੋਰਟ ਤੋਂ ਇਸ ਸਮਾਗਮ ਦੀ ਵਿਸਤਾਰਤ ਜਾਣਕਾਰੀ ਮੰਗੇ ਜਾਣ ਦੀ ਰਿਪੋਰਟ ਹੈ ਅਤੇ ਮਾਮਲਾ ਸਰਵਉੱਚ ਅਦਾਲਤ 'ਚ ਵਿਚਾਰ ਅਧੀਨ ਹੈ। ਦੇਖਣਾ ਇਹ ਹੈ ਕਿ ਸੁਪਰੀਮ ਕੋਰਟ ਇਸ ਤੋਂ ਅੱਗੇ ਕੀ ਕਾਰਵਾਈ ਕਰਦੀ ਹੈ। ਜਸਟਿਸ ਯਾਦਵ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਬਾਹਰਲੇ ਲੋਕ 'ਹਿੰਦੂ' ਸ਼ਬਦ ਨੂੰ ਗ਼ਲਤ ਸਮਝਦੇ ਹਨ; ਕਿ ਹਿੰਦੂ ਧਰਮ ਮਹਿਜ਼ ਰੀਤੀ ਰਿਵਾਜ਼ਾਂ, ਪ੍ਰਾਰਥਨਾ ਜਾਂ ਧਾਰਮਿਕ ਚਿੰਨ੍ਹਾਂ ਦਾ ਮਾਮਲਾ ਨਹੀਂ ਹੈ। ਇਹ ਤਾਂ ਇਕ ਵਿਆਪਕ ਪਛਾਣ ਹੈ ਜਿਸ ਵਿਚ ਇਸ ਸਰਜ਼ਮੀਨ ਉੱਪਰ ਰਹਿਣ ਵਾਲੇ ਸਾਰੇ ਲੋਕ ਸ਼ਾਮਲ ਹਨ, ਜੋ ਇਸ ਨੂੰ ਆਪਣੀ ਮਾਂ-ਭੂਮੀ ਕਹਿੰਦੇ ਹਨ ਅਤੇ ਇਸ ਦੀ ਖ਼ਾਤਰ ਕੁਰਬਾਨੀ ਕਰਨ ਲਈ ਤਿਆਰ ਹਨ। ਉਸ ਮੁਤਾਬਿਕ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕੁਰਆਨ ਜਾਂ ਬਾਈਬਲ ਨੂੰ ਮੰਨਦੇ ਹਨ – ਹਨ ਉਹ ਵੀ ਹਿੰਦੂ।' ਸਤੱਹੀ ਤੌਰ 'ਤੇ ਦੇਖਿਆਂ ਇਹ ਸਮਾਵੇਸ਼ੀ ਸੋਚ ਜਾਪਦੀ ਹੈ ਪਰ ਇਹ ਸਮਾਵੇਸ਼ ਦੇ ਨਾਂ 'ਤੇ ਹੋਰ ਧਾਰਮਿਕ ਅਕੀਦੇ ਵਾਲੇ ਲੋਕਾਂ ਨੂੰ ਨਿਗਲ ਜਾਣ ਦੀ ਹਿੰਦੂਤਵੀ ਚਾਲ ਹੈ। ਘੱਟ-ਗਿਣਤੀ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਂਦਿਆਂ ਉਸ ਨੇ ਜਾਣ-ਬੁੱਝ ਕੇ 'ਕਠਮੁੱਲਾ' ਸ਼ਬਦ ਵਰਤਿਆ ਜੋ ਮੁਸਲਮਾਨਾਂ 'ਚ ਖ਼ਤਨੇ ਵੱਲ ਇਸ਼ਾਰਾ ਹੈ ਅਤੇ ਇਹ ਹਿੰਦੂਤਵੀ ਜਥੇਬੰਦੀਆਂ ਵੱਲੋਂ ਘੱਟ-ਗਿਣਤੀਆਂ ਨੂੰ ਅਪਮਾਨਿਤ ਕਰਨ ਲਈ ਅੱਜ-ਕੱਲ੍ਹ ਆਮ ਵਰਤਿਆ ਜਾਂਦਾ ਹੈ। ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਦਇਆ ਅਤੇ ਸਹਿਣਸ਼ੀਲਤਾ ਤੋਂ ਸੱਖਣੇ ਕਰਾਰ ਦਿੰਦਿਆਂ ਉਸਨੇ ਕਿਹਾ ਕਿ ਪਸ਼ੂਆਂ ਦੀਆਂ ਹੱਤਿਆਵਾਂ ਦੇ ਮਾਹੌਲ 'ਚ ਪਲ਼ੇ ਹੋਣ ਕਾਰਨ ਮੁਸਲਮਾਨ ਬੱਚਿਆਂ 'ਚ ਦਇਆ ਅਤੇ ਸਹਿਣਸ਼ੀਲਤਾ ਨਹੀਂ ਹੁੰਦੀ। ਉਸਨੇ ਇਸ ਤੋਂ ਵੀ ਅੱਗੇ ਕਿਹਾ ਕਿ ਦੇਸ਼ 'ਬਹੁਮੱਤ ਦੀਆਂ ਇਛਾਵਾਂ ਮੁਤਾਬਿਕ ਚੱਲੇਗਾ, ਅਤੇ ਇਸ ਵੱਲੋਂ ਸਿਰਫ਼ ਉਸੇ ਨੂੰ ਸਵੀਕਾਰ ਕੀਤਾ ਜਾਵੇਗਾ ਜੋ ਬਹੁਗਿਣਤੀ ਦੀ ਭਲਾਈ ਤੇ ਖ਼ੁਸ਼ੀ ਲਈ ਫ਼ਾਇਦੇਮੰਦ ਹੋਵੇਗਾ।' ਉਸਨੇ ਕਿਹਾ ਕਿ ਬੇਸ਼ੱਕ ਉਹ ਉਸ ਹਾਈ ਕੋਰਟ ਦਾ ਜੱਜ ਹੈ, ਪਰ ਉਹ ਦੇਸ਼ ਦਾ ਨਾਗਰਿਕ ਵੀ ਹੈ ਅਤੇ ਬਤੌਰ ਇਕ ਨਾਗਰਿਕ ਉਹ ਉਹੀ ਕਹੇਗਾ ਜੋ ਦੇਸ਼ ਲਈ ਉਚਿਤ ਹੋਵੇਗਾ। ਇਹ ਇਕ ਸਿੱਟਿੰਗ ਜੱਜ ਦੇ ਮੂੰਹੋਂ ਦੇਸ਼ ਉੱਪਰ ਬਹੁ-ਗਿਣਤੀਵਾਦੀ ਹਕੂਮਤ ਦੇ ਖੁੱਲ੍ਹੇ ਐਲਾਨ ਤੋਂ ਸਿਵਾਏ ਕੁਝ ਨਹੀਂ ਹੈ। ਸਿਰਫ਼ ਯਾਦਵ ਦਾ ਭਾਸ਼ਣ ਹੀ ਨਫ਼ਰਤ ਭਰਿਆ ਨਹੀਂ ਹੈ, ਬੀਤੇ ਸਾਲਾਂ 'ਚ ਉਸ ਦੇ ਬਹੁਤ ਸਾਰੇ ਅਦਾਲਤੀ ਫ਼ੈਸਲੇ ਵੀ ਬਹੁਗਿਣਤੀਵਾਦੀ ਸੋਚ ਉੱਪਰ ਮੋਹਰ ਲਾਉਂਦੇ ਦੇਖੇ ਜਾ ਸਕਦੇ ਹਨ। ਸਤੰਬਰ 2021 'ਚ ਉੱਤਰ ਪ੍ਰਦੇਸ਼ ਰਾਜ ਬਨਾਮ ਜਾਵੇਦ ਕੇਸ 'ਚ ਯਾਦਵ ਨੇ ਕਥਿਤ ਗਊ-ਹੱਤਿਆ ਦੇ ਦੋਸ਼ੀ ਮੁਸਲਮਾਨ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਹੀ ਇਨਕਾਰ ਕਰ ਦਿੱਤਾ। ਇੰਨਾ ਹੀ ਨਹੀਂ, ਉਸਨੇ ਆਪਣੇ ਆਦੇਸ਼ 'ਚ ਕਿਹਾ ਕਿ ਗਊ ਨੂੰ ਭਾਰਤ ਦਾ ਕੌਮੀ ਪਸ਼ੂ ਐਲਾਨ ਦੇਣਾ ਚਾਹੀਦਾ ਹੈ ਅਤੇ ਗਊ ਰੱਖਿਆ ਹਰ ਹਿੰਦੂ ਦਾ ਮੌਲਿਕ ਹੱਕ ਹੋਣਾ ਚਾਹੀਦਾ ਹੈ। ਉਸਨੇ ਦਲੀਲ ਦਿੱਤੀ ਕਿ 'ਜਦੋਂ ਗਊ ਦਾ ਕਲਿਆਣ ਹੋਵੇਗਾ, ਤਾਂ ਹੀ ਦੇਸ਼ ਦਾ ਕਲਿਆਣ ਹੋਵੇਗਾ।' ਉਸਨੇ ਗਊ ਮਾਸ ਖਾਣ ਨੂੰ ਜੁਰਮ ਕਰਾਰ ਦੇਣ ਵਾਲਾ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਕੀਤੀ ਸੀ। ਉਸਨੇ ਗ਼ੈਰਵਿਗਿਆਨਕ ਦਾਅਵੇ ਵੀ ਕੀਤੇ ਕਿ ਵਿਗਿਆਨਕਾਂ ਦਾ ਮੰਨਣਾ ਹੈ ਕਿ ਗਊ ਹੀ ਇੱਕੋ-ਇਕ ਅਜਿਹਾ ਜਾਨਵਰ ਹੈ ਜੋ ਸਾਹ ਦੁਆਰਾ ਆਕਸੀਜਨ ਲੈਂਦਾ ਤੇ ਬਾਹਰ ਕੱਢਦਾ ਹੈ; ਕਿ ਗਊ ਦੇ ਦੁੱਧ ਤੋਂ ਬਣਿਆ ਘਿਓ ਹਿੰਦੂ ਰਸਮਾਂ 'ਚ ਵਰਤੇ ਜਾਣ ਨਾਲ ਸੂਰਜੀ ਕਿਰਨਾਂ ਨੂੰ ਵਿਸ਼ੇਸ਼ ਊਰਜਾ ਮਿਲਦੀ ਹੈ ਜੋ ਆਖ਼ਿਰਕਾਰ ਮੀਂਹ ਪੈਣ ਦਾ ਕਾਰਨ ਬਣਦੀ ਹੈ। ਇਹ ਵੀ ਕਿ ਪੰਚਗਾਵਿਆ (ਗਊ ਗੋਬਰ, ਮੂਤਰ, ਦੁੱਧ-ਦਹੀਂ ਅਤੇ ਘਿਓ ਤੋਂ ਬਣੇ ਮਿਸ਼ਰਣ) ਨਾਲ ਅਸਾਧ ਬੀਮਾਰੀਆਂ ਵੀ ਠੀਕ ਹੋ ਜਾਂਦੀਆਂ ਹਨ। ਜਨਵਰੀ 2022 'ਚ ਗਊ ਹੱਤਿਆ ਦੇ ਇਕ ਮੁਲਜ਼ਮ ਨੂੰ ਜ਼ਮਾਨਤ ਦਿੰਦਿਆਂ ਯਾਦਵ ਨੇ ਬੇਹੂਦਾ ਸ਼ਰਤ ਥੋਪ ਦਿੱਤੀ ਸੀ ਕਿ ਮੁਲਜ਼ਮ ਆਪਣੇ ਜ਼ਿਲ੍ਹੇ ਦੀ ਕਿਸੇ ਗਊਸ਼ਾਲਾ ਨੂੰ ਇਕ ਲੱਖ ਰੁਪਏ ਦਾਨ ਕਰੇ ਤੇ ਇਕ ਮਹੀਨਾ ਉੱਥੇ ਸੇਵਾ ਕਰੇ। ਇਸੇ ਤਰ੍ਹਾਂ ਦੇ ਇਕ ਹੋਰ ਕੇਸ ਵਿਚ ਯਾਦਵ ਨੇ ਉੱਤਰ ਪ੍ਰਦੇਸ਼ ਪੁਲਿਸ ਉੱਪਰ ਗਊ ਹੱਤਿਆ ਦੇ ਕੇਸਾਂ ਦੀ ਜਾਂਚ 'ਚ ਢਿੱਠਮੱਠ ਵਰਤਣ ਦਾ ਦੋਸ਼ ਲਾਉਂਦਿਆਂ ਕੋਈ ਅੰਕੜੇ ਦੇਣ ਤੋਂ ਬਿਨਾਂ ਹੀ ਦਾਅਵਾ ਕੀਤਾ ਕਿ ਗਊ ਹੱਤਿਆ ਦੇ ਕੇਸ ਵਧ ਰਹੇ ਹਨ। ਉਸਨੇ ਪ੍ਰਯਾਗਰਾਜ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਨੂੰ ਜ਼ਿਲ੍ਹੇ 'ਚ ਗਊ ਹੱਤਿਆ ਦੇ ਦਰਜ ਕੀਤੇ ਸਾਰੇ ਕੇਸਾਂ ਦੀ ਸਥਿਤੀ ਬਾਰੇ ਪ੍ਰਾਗਰੈੱਸ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ। ਅਕਤੂਬਰ 2021 'ਚ ਸੋਸ਼ਲ ਮੀਡੀਆ ਉੱਪਰ ਹਿੰਦੂ ਦੇਵਤਿਆਂ, ਰਾਮ ਅਤੇ ਕ੍ਰਿਸ਼ਨ, ਬਾਰੇ ਕਥਿਤ ਠੇਸ-ਪਹੁੰਚਾਊ ਟਿੱਪਣੀਆਂ ਕਰਨ ਵਾਲੇ ਇਕ ਵਿਅਕਤੀ ਨੂੰ ਜ਼ਮਾਨਤ ਦਿੰਦਿਆਂ ਯਾਦਵ ਨੇ ਫਰਮਾਇਆ ਕਿ ਦੋਵੇਂ 'ਭਾਰਤੀਆਂ ਦੇ ਦਿਲ 'ਚ ਵਸਦੇ ਹਨ'। ਕਿ 'ਰਾਮ ਇਸ ਦੇਸ਼ ਦੀ ਆਤਮਾ, ਪਛਾਣ ਅਤੇ ਸੰਸਕ੍ਰਿਤੀ ਹੈ ਅਤੇ 'ਰਾਮ' ਤੋਂ ਬਗੈਰ ਭਾਰਤ ਅਧੂਰਾ ਹੈ।' ਆਪਣੇ ਆਦੇਸ਼ ਵਿਚ ਯਾਦਵ ਨੇ ਭਾਰਤ ਦੀ ਸੰਸਦ ਨੂੰ ਦੋਹਾਂ ਹਿੰਦੂ ਦੇਵਤਿਆਂ ਦੇ ਨਾਲ-ਨਾਲ ਭਗਵਦ ਗੀਤਾ ਤੇ ਇਸ ਦੇ ਲੇਖਕ ਵਾਲਮੀਕੀ ਅਤੇ ਰਾਮਾਇਣ ਤੇ ਇਸਦੇ ਲੇਖਕ ਵੇਦ ਵਿਆਸ ਦਾ ਸਨਮਾਨ ਕਰਨ ਲਈ ਵੀ ਕਿਹਾ। ਇਕ ਹੋਰ ਮਾਮਲੇ 'ਚ ਉਸਨੇ ਦੋ ਸਮਲਿੰਗੀ ਹਿੰਦੂ ਔਰਤਾਂ ਦੇ ਇਕੱਠੀਆਂ ਰਹਿਣ ਵਿਰੁੱਧ ਇਕ ਦੀ ਮਾਂ ਵੱਲੋਂ ਦਰਜ ਕਰਾਈ ਪਟੀਸ਼ਨ ਦਾ ਨਿਬੇੜਾ ਕਰਦਿਆਂ ਉਨ੍ਹਾਂ ਦੇ ਵਿਆਹ ਨੂੰ ਇਹ ਦਲੀਲ ਦੇ ਕੇ ਨਾਜਾਇਜ਼ ਕਰਾਰ ਦੇ ਦਿੱਤਾ ਕਿ ਹਿੰਦੂ ਪਰਸਨਲ ਲਾਅ ਤਹਿਤ ਸਿਰਫ਼ ਮਰਦ ਅਤੇ ਔਰਤ ਦੇ ਵਿਆਹ ਦੀ ਰੀਤ ਹੀ ਜਾਇਜ਼ ਮੰਨੀ ਜਾਂਦੀ ਹੈ। ਆਪਣੇ ਫ਼ੈਸਲਿਆਂ 'ਚ ਯਾਦਵ ਨੇ ਕੋਈ ਸਬੂਤ ਪੇਸ਼ ਕੀਤੇ ਬਿਨਾਂ ਹੀ ਆਮ ਲੋਕਾਂ 'ਚ ਪ੍ਰਚੱਲਤ 'ਸਾਜ਼ਿਸ਼ ਥਿਊਰੀਆਂ' ਦੇ ਹਵਾਲੇ ਵੀ ਦਿੱਤੇ। ਅਗਸਤ 2023 'ਚ ਇਕ ਨਬਾਲਗ ਕੁੜੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਪੇਸ਼ਗੀ ਜ਼ਮਾਨਤ ਦਿੰਦਿਆਂ ਯਾਦਵ ਨੇ ਬੇਹੂਦਾ ਟਿੱਪਣੀ ਕੀਤੀ ਕਿ ਜ਼ਿਆਦਾ ਕੇਸਾਂ 'ਚ ਔਰਤਾਂ ਸਟੇਟ ਤੋਂ ਪੈਸੇ ਲੈਣ ਦੀ ਖ਼ਾਤਰ ਪੌਕਸੋ ਐਕਟ, ਐੱਸਸੀ-ਐੱਸਟੀ ਐਕਟ ਵਗੈਰਾ ਨੂੰ ਹਥਿਆਰ ਦੇ ਰੂਪ 'ਚ ਵਰਤਦੀਆਂ ਹਨ ਅਤੇ ਬੇਕਸੂਰ ਵਿਅਕਤੀਆਂ ਵਿਰੁੱਧ ਝੂਠੇ ਪਰਚੇ ਦਰਜ ਕਰਾਉਂਦੀਆਂ ਹਨ। ਇਸੇ ਤਰ੍ਹਾਂ ਯਾਦਵ ਨੇ ਹਿੰਦੂ ਔਰਤ ਅਤੇ ਮੁਸਲਮਾਨ ਮਰਦ ਦੇ ਅੰਤਰ-ਧਰਮੀ ਵਿਆਹ ਵਿਰੁੱਧ ਪੁਲਿਸ ਵੱਲੋਂ ਦਰਜ ਕੀਤੇ ਝੂਠੇ ਕੇਸ ਨੂੰ ਸਹੀ ਮੰਨ ਕੇ ਆਦੇਸ਼ ਦਿੱਤਾ। ਮੁਕੱਦਮਾ ਪੱਖ ਨੇ ਇਹ ਬਿਰਤਾਂਤ ਘੜ ਕੇ ਮੁਸਲਮਾਨ ਵਿਅਕਤੀ ਵਿਰੁੱਧ 'ਉੱਤਰ ਪ੍ਰਦੇਸ਼ ਗ਼ੈਰ-ਕਾਨੂੰਨੀ ਧਰਮਬਦਲੀ ਮਨਾਹੀ ਐਕਟ' ਲਗਾਇਆ ਸੀ ਕਿ 'ਅਜਿਹੇ ਲੋਕਾਂ ਨੂੰ ਬਾਹਰੋਂ ਹੱਲਾਸ਼ੇਰੀ ਅਤੇ ਫੰਡ ਦਿੱਤੇ ਜਾਂਦੇ ਹਨ, ਸਿਰਫ਼ ਤੇ ਸਿਰਫ਼ ਦੇਸ਼ ਨੂੰ ਕਮਜ਼ੋਰ ਕਰਨ ਲਈ।' ਯਾਦਵ ਨੇ ਸੰਘ ਪਰਿਵਾਰ ਵੱਲੋਂ ਪ੍ਰਚਾਰੀ ਜਾ ਰਹੀ 'ਲਵ ਜਿਹਾਦ' ਦੀ ਸਾਜ਼ਿਸ਼ ਥਿਊਰੀ ਨੂੰ ਸਹੀ ਮੰਨਦਿਆਂ ਮੁਸਲਮਾਨ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਦਸੰਬਰ 2021 'ਚ ਇਕ ਮਾਮਲੇ 'ਚ ਜ਼ਮਾਨਤ ਦਿੰਦਿਆਂ ਯਾਦਵ ਨੇ ਭਾਰਤ ਦੇ ਕਰੋੜਾਂ ਲੋਕਾਂ ਨੂੰ ਮੁਫ਼ਤ ਕੋਵਿਡ ਵੈਕਸਿਨ ਮੁਹੱਈਆ ਕਰਾਉਣ ਲਈ ਪ੍ਰਧਾਨ ਮੰਤਰੀ ਦਾ ਜੋ ਗੁਣਗਾਣ ਕੀਤਾ ਉਸਦਾ ਉਸ ਮਾਮਲੇ ਨਾਲ ਕੋਈ ਸੰਬੰਧ ਹੀ ਨਹੀਂ ਸੀ। ਇਸੇ ਤਰ੍ਹਾਂ ਜਦੋਂ ਇਕ ਬੈਂਕ ਨਾਲ ਫਰਾਡ ਦੇ ਮਾਮਲੇ 'ਚ ਕੇਂਦਰ ਸਰਕਾਰ ਦੇ ਵਕੀਲ ਨੇ ਕਿਹਾ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਦੇ 2018 ਦੇ ਫ਼ੈਸਲੇ ਵਿਰੁੱਧ (ਜਿਸ ਵਿਚ ਆਧਾਰ ਕਾਰਡ ਨੂੰ ਬੈਂਕ ਖ਼ਾਤਿਆਂ ਨਾਲ ਜੋੜਨ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਗਿਆ ਸੀ) ਰੀਵਿਊ ਪਟੀਸ਼ਨ ਦਾਇਰ ਕਰੇਗੀ ਤਾਂ ਯਾਦਵ ਨੇ ਉਸ ਨਾਲ ਸਹਿਮਤੀ ਪ੍ਰਗਟਾਈ ਕਿ ਜੇ ਆਧਾਰ ਕਾਰਡ ਨੂੰ ਬੈਂਕ ਖ਼ਾਤਿਆਂ ਨਾਲ ਜੋੜਿਆ ਜਾ ਸਕਦਾ ਹੈ ਤਾਂ ਆਨਲਾਈਨ ਬੈਂਕ ਫਰਾਡ ਰੋਕਣਾ ਸੁਖਾਲਾ ਹੋਵੇਗਾ। ਤੱਥ ਇਹ ਸੀ ਕਿ ਸਰਕਾਰ ਦੀ ਪਟੀਸ਼ਨ ਤਾਂ ਜੂਨ 2021 'ਚ ਪਹਿਲਾਂ ਹੀ ਸੁਪਰੀਮ ਕੋਰਟ ਵਲੋਂ ਰੱਦ ਕੀਤੀ ਜਾ ਚੁੱਕੀ ਸੀ। ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਸੁਪਰੀਮ ਕੋਰਟ ਦੇ ਕਾਲਜੀਅਮ ਵੱਲੋਂ ਯਾਦਵ ਨੂੰ ਹਾਈ ਕੋਰਟ ਦੇ ਬੈਂਚ ਦਾ ਦਰਜਾ ਦੇਣ ਜਾਂ ਉਸ ਨੂੰ ਸਥਾਈ ਜੱਜ ਨਿਯੁਕਤ ਕਰਨ ਦੀਆਂ ਸਿਫ਼ਾਰਸ਼ਾਂ ਵੀ ਸਵਾਲਾਂ ਦੇ ਘੇਰੇ 'ਚ ਹਨ। ਅਜਿਹੇ ਜੱਜ ਵੱਲੋਂ ਹਿੰਦੂਤਵ ਦਾ ਗੁਣਗਾਣ ਕਰਨ ਜਾਂ ਬਹੁਗਿਣਤੀਵਾਦੀ ਸਿਆਸਤ ਨੂੰ ਖ਼ੁਸ਼ ਕਰਨ ਵਾਲੇ ਫ਼ੈਸਲੇ ਦੇਣਾ ਹੈਰਾਨੀਜਨਕ ਨਹੀਂ ਹੈ। ਵਿਰੋਧੀ-ਧਿਰ ਦੇ ਸਾਂਸਦਾਂ ਵੱਲੋਂ ਜਸਟਿਸ ਯਾਦਵ ਦੇ ਵਿਰੁੱਧ ਮਹਾਅਭਿਯੋਗ ਦੀ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਵਿਰੋਧੀਧਿਰ ਸੰਘ ਬ੍ਰਿਗੇਡ ਦੇ ਫਿਰਕੂ ਪ੍ਰੋਜੈਕਟ ਨੂੰ ਰੋਕਣ ਲਈ ਲੋਕ-ਰਾਇ ਤਿਆਰ ਕਰਨ ਦੀ ਬਜਾਏ ਨਿਖੇਧੀਨੁਮਾ ਬਿਆਨਬਾਜ਼ੀ ਅਤੇ ਪਾਰਲੀਮੈਂਟਰੀ ਕਵਾਇਦ ਤੱਕ ਸੀਮਤ ਹੈ। ਲੋਕਪੱਖੀ ਤਾਕਤਾਂ ਬੇਹੱਦ ਕਮਜ਼ੋਰ ਹਨ। ਕੁਲ ਮਿਲਾ ਕੇ, ਨਿਆਂ ਪ੍ਰਣਾਲੀ ਸਮੇਤ ਸਮੁੱਚੇ ਰਾਜ ਢਾਂਚੇ ਦੇ ਫਿਰਕੂਕਰਨ ਨੂੰ ਰੋਕਣ ਲਈ ਕੋਈ ਅਸਰਦਾਰ ਲੋਕ ਰਾਇ ਸਾਹਮਣੇ ਨਹੀਂ ਆ ਰਹੀ। ਨਿਆਂਪਾਲਿਕਾ ਅੰਦਰ ਅਜਿਹੇ ਜੱਜਾਂ ਦੇ ਹੁੰਦਿਆਂ ਅਨਿਆਂ ਦੇ ਸਤਾਏ ਲੋਕ, ਖ਼ਾਸ ਕਰਕੇ ਘੱਟ-ਗਿਣਤੀ ਮਜ਼ਲੂਮ, ਨਿਆਂ ਦੀ ਕੀ ਉਮੀਦ ਰੱਖ ਸਕਦੇ ਹਨ? ਸਵਾਲ ਕਿਸੇ ਜੱਜ ਦੇ ਭਾਸ਼ਣ ਦਾ ਨਹੀਂ ਹੈ, ਦਰਅਸਲ ਨਿਆਂਪਾਲਿਕਾ ਅੰਦਰ ਇਕ ਤਕੜਾ ਰੁਝਾਨ ਬਹੁਗਿਣਤੀਵਾਦੀ ਵਿਚਾਰਧਾਰਾ ਨੂੰ ਕੌਮੀ ਸਿਧਾਂਤ ਦੇ ਰੂਪ 'ਚ ਅਤੇ ਸੱਤਾਧਾਰੀ ਆਰਐੱਸਐੱਸ-ਭਾਜਪਾ ਦੀ ਘਿਣਾਉਣੀ ਸਿਆਸਤ ਨੂੰ ਕੌਮੀ ਹਿਤ ਦੇ ਰੂਪ 'ਚ ਸਥਾਪਤ ਕਰ ਕੇ ਆਮ ਬਣਾਉਣ 'ਚ ਜੁੱਟਿਆ ਹੋਇਆ ਹੈ। ਪਿਛਲੇ ਦਿਨੀਂ ਰਿਟਾਇਰ ਹੋਏ ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਇਸ ਦੀ ਇਕ ਵੱਡੀ ਮਿਸਾਲ ਹਨ ਜਿਸਨੇ ਜਨਤਕ ਤੌਰ 'ਤੇ ਬਹੁਗਿਣਤੀ ਧਰਮ ਦਾ ਗੁਣਗਾਣ ਕੀਤਾ। ਇਨ੍ਹਾਂ ਹਾਲਾਤ 'ਚ ਸਵਾਲ ਇਹ ਹੈ ਕਿ ਕੀ ਕਿਸੇ ਇਕ ਜੱਜ ਵਿਰੁੱਧ ਕਾਰਵਾਈ ਨਾਲ ਭਾਰਤੀ ਨਿਆਂ ਪ੍ਰਣਾਲੀ ਦੇ ਫਿਰਕੂਕਰਨ ਨੂੰ ਪੁੱਠਾ ਗੇੜਾ ਦੇਣਾ ਸੰਭਵ ਹੈ?



SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ

24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਨੋਬੇਲ ਪੁਰਸਕਾਰ ਦੀ ਸਿਆਸਤ

ਲੇਖਕ : ਮਾਨਵ, ਸੰਪਰਕ: 98888-08188

ਡੈਰਨ ਏਸਮੋਗਲੂ, ਸਾਈਮਨ ਜੌਹਨਸਨ ਤੇ ਜੇਮਸ ਰੌਬਿਨਸਨ ਨੂੰ 2024 ਦਾ ਅਰਥਸ਼ਾਸਤਰ ਦਾ ਨੋਬੇਲ ਪੁਰਸਕਾਰ ਦਿੱਤਾ ਗਿਆ ਹੈ। ਉਹਨਾਂ ਨੂੰ 'ਦੇਸ਼ ਵਿਕਾਸ ਵਿੱਚ ਸਮਾਜਿਕ ਸੰਸਥਾਵਾਂ ਦੇ ਰੋਲ' ਬਾਰੇ ਖੋਜ ਕਾਰਜ ਉੱਤੇ ਇਹ ਸਨਮਾਨ ਮਿਲਿਆ। ਤਿੰਨੇ ਬੁੱਧੀਜੀਵੀ ਅਮਰੀਕਾ ਦੀਆਂ ਕੁਲੀਨ ਯੂਨੀਵਰਸੀਟੀਆਂ ਵਿੱਚ ਪੜ੍ਹਾਉਂਦੇ ਹਨ। ਡੈਰਨ ਏਸਮੋਗਲੂ ਤੇ ਸਾਈਮਨ ਜੌਨਸਨ ਮੈਸਾਚੁਸੈੱਟਸ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ, ਜੇਮਸ ਰੌਬਿਨਸਨ ਸ਼ਿਕਾਗੋ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹੈ।

ਜਿਸ ਕਾਰਜ ਲਈ ਇਹਨਾਂ ਨੂੰ ਨੋਬੇਲ ਪੁਰਸਕਾਰ ਮਿਲਿਆ ਹੈ, ਉਸ ਦਾ ਮਕਸਦ ਇਹ ਦਰਸਾਉਣਾ ਹੈ ਕਿ ਜਿਹਨਾਂ ਮੁਲਕਾਂ ਨੇ ਗਰੀਬੀ ਖਤਮ ਕੀਤੀ ਤੇ ਤਰੱਕੀ ਦੇ ਰਾਹ ਪਏ, ਉਹ ਉਹ ਮੁਲਕ ਸਨ ਜਿੱਥੇ ਸਮਾਜਿਕ-ਸਿਆਸੀ ਸੰਸਥਾਵਾਂ ਬਿਹਤਰ ਸਨ, ਬਿਹਤਰ ਕਾਨੂੰਨ ਪ੍ਰਬੰਧ ਸੀ; ਜਿਹਨਾਂ ਮੁਲਕਾਂ ਵਿੱਚ ਸੰਸਥਾਵਾਂ ਨਿਚੋੜਨ ਵਾਲੀਆਂ ਸਨ, ਉਹਨਾਂ ਨੇ ਤਾਕਤਾਂ ਦਾ ਕੇਂਦਰੀਕਰਨ ਵਧਾਇਆ ਤੇ ਸਿਆਸੀ ਆਜ਼ਾਦੀਆਂ ਨੂੰ ਘਟਾਇਆ ਤੇ ਉਹ ਮੁਲਕ ਵਿਕਾਸ ਦੀ ਦੌੜ ਵਿੱਚ ਪੱਛੜ ਗਏ।

ਸਰਮਾਏਦਾਰਾ ਆਰਥਿਕ ਵਿਕਾਸ ਦੀ ਇਹ ਸਮਝ ਜਿੱਥੇ ਆਰਥਿਕ ਵਰਤਾਰਿਆਂ ਦੀ ਵਿਆਖਿਆ ਗੈਰ-ਆਰਥਿਕ ਸੰਸਥਾਵਾਂ ਰਾਹੀਂ ਕਰਨ ਦੀ ਕੋਸ਼ਿਸ਼ ਕਰਦੀ ਹੈ ਤੇ ਇਸ ਤਰ੍ਹਾਂ ਅਸਲ ਵਿੱਚ ਮੌਜੂਦਾ ਪ੍ਰਬੰਧ ਦੇ ਲੋਟੂ ਖਾਸੇ ਨੂੰ ਢਕ ਦਿੱਤਾ ਜਾਂਦਾ ਹੈ, ਉਹ 'ਸੰਸਥਾਈ ਅਰਥਸ਼ਾਸਤਰ' ਕਹਾਉਂਦੀ ਹੈ। ਸਰਮਾਏਦਾਰਾ ਪ੍ਰਬੰਧ ਤੇ ਇਸ ਵਿਚਲੀ ਨਾ-ਬਰਾਬਰੀ ਦੀ ਇਹ ਸੰਸਥਾਈ ਵਿਆਖਿਆ ਅਸਲ ਵਿੱਚ ਸਾਨੂੰ ਇਹਨਾਂ ਵਰਤਾਰਿਆਂ ਨੂੰ ਸਮਝਣ ਵਿੱਚ ਭੋਰਾ ਵੀ ਮਦਦ ਨਹੀਂ ਕਰਦੀ ਸਗੋਂ ਅਸਲ ਕਾਰਨਾਂ 'ਤੇ ਪਰਦਾ ਪਾਉਂਦੀ ਹੈ।

### ਨੋਬੇਲ ਪੁਰਸਕਾਰਾਂ ਦੀ ਸਿਆਸਤ

ਜਮਾਤਾਂ 'ਚ ਵੰਡੇ ਅਜੋਕੇ ਸਮਾਜ ਵਿੱਚ ਕੋਈ ਵੀ ਵਰਤਾਰਾ ਜਮਾਤੀ ਪੱਖਪਾਤ ਤੋਂ ਮੁਕਤ ਨਹੀਂ ਅਤੇ ਨਾ ਹੀ ਹੋ ਸਕਦਾ ਹੈ। ਇਹ ਗੱਲ ਪੁਰਸਕਾਰਾਂ 'ਤੇ ਵੀ ਪੂਰੀ ਢੁੱਕਦੀ ਹੈ। ਅਰਥਸ਼ਾਸਤਰ ਦੇ ਨੋਬੇਲ ਸਨਮਾਨ ਦੀ ਸ਼ੁਰੂਆਤ ਬਹੁਤ ਦੇਰ ਨਾਲ 1968 ਵਿੱਚ ਸ਼ੁਰੂ ਹੋਈ ਤੇ ਪਹਿਲਾ ਸਨਮਾਨ 1969 ਵਿੱਚ ਦਿੱਤਾ ਗਿਆ। ਸੱਠ ਦਾ ਦਹਾਕਾ ਪੂਰੇ ਸੰਸਾਰ ਵਿੱਚ ਲੋਕ ਲਹਿਰਾਂ ਦਾ ਦਹਾਕਾ ਰਿਹਾ ਤੇ ਲੋਕਾਂ ਨੇ ਆਪਣੇ ਏਕੇ ਨਾਲ ਬਹੁਤ ਸਾਰੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਵਿੱਚ ਗੁਲਾਮ ਬਣਾਏ ਬਹੁਤ ਸਾਰੇ ਮੁਲਕ ਵੀ ਆਜ਼ਾਦ ਕਰਾਏ ਤੇ ਪੱਛਮੀ ਮੁਲਕਾਂ ਵਿੱਚ ਵੀ ਸਰਕਾਰਾਂ ਕੋਲੋਂ ਬੁਨਿਆਦੀ ਸਹੂਲਤਾਂ ਹਾਸਲ ਕੀਤੀਆਂ। ਸਵੀਡਨ ਵੀ ਇਸ ਸਾਰੇ ਮਾਮਲੇ ਤੋਂ ਅਛੂਤਾ ਨਹੀਂ ਸੀ।

ਸੱਠਵਿਆਂ ਦੇ ਸਵੀਡਨ ਵਿੱਚ ਰੁਜ਼ਗਾਰ ਤੇ ਰਿਹਾਇਸ਼ ਨੂੰ ਲੈ ਕੇ ਲੋਕਾਂ ਦੇ ਵੱਡੇ ਸੰਘਰਸ਼ ਹੋ ਰਹੇ ਸਨ ਜਿਸ ਵਿੱਚ ਲੋਕਾਂ ਵੱਲੋਂ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਪੱਕੇ ਰੁਜ਼ਗਾਰ ਦਾ ਕੋਈ ਪ੍ਰਬੰਧ ਕਰੇ ਤੇ ਲੋਕਾਂ ਲਈ ਸਸਤੀ ਰਿਹਾਇਸ਼ ਬਣਾਕੇ ਦੇਵੇ। ਸਵੀਡਨ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲ਼ਾ ਸਵੀਡਨ ਦਾ ਕੇਂਦਰੀ ਬੈਂਕ ਇਸ ਦੇ ਹੱਕ ਵਿੱਚ ਨਹੀਂ ਸੀ। ਇਸ ਜੱਦੋ-ਜਹਿਦ ਵਿੱਚ ਲੋਕਾਂ ਨੇ ਆਪਣੀਆਂ ਮੰਗਾਂ ਮਨਵਾਈਆਂ ਤੇ ਸਵੀਡਨ ਬੈਂਕ ਦੇ ਨਵਉਦਾਰਵਾਦੀ ਨੀਤੀਆਂ ਪੱਖੀ ਅਰਥਸ਼ਾਸਤਰੀਆਂ ਨੂੰ ਇੱਕ ਕਦਮ ਪਿੱਛੇ ਹਟਣਾ ਪਿਆ। ਹੁਣ ਲੜਾਈ ਵਿਚਾਰਾਂ ਦੇ ਖੇਤਰ ਵਿੱਚ ਲੜੀ ਗਈ। ਕੇਂਦਰੀ ਬੈਂਕ ਨੇ 1968 ਵਿੱਚ ਆਉਂਦੀ ਆਪਣੀ ਤਿੰਨ ਸੌਵੀਂ ਵਰ੍ਹੇਗੰਢ ਨੂੰ ਵਰਤਦਿਆਂ ਅਰਥਸ਼ਾਸਤਰ ਦੇ ਖੇਤਰ ਵਿੱਚ ਨੋਬੇਲ ਸਨਮਾਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਤੇ ਉਦੋਂ ਤੋਂ ਅੱਜ ਤੱਕ ਇਹ ਸਨਮਾਨ ਇਸੇ ਬੈਂਕ ਦੀ ਪੁਸ਼ਤਪਨਾਹੀ ਕਾਰਨ ਦਿੱਤਾ ਜਾਂਦਾ ਹੈ। ਇਸ ਲਈ ਇਹ ਸਨਮਾਨ ਮੁੱਢ ਤੋਂ ਹੀ ਅਜਿਹੇ ਅਰਥਸ਼ਾਸਤਰੀਆਂ ਨੂੰ ਦਿੱਤੇ ਗਏ ਹਨ ਜਿਹਨਾਂ ਨੇ ਨਵਉਦਾਰਵਾਦੀ ਨੀਤੀਆਂ ਦਾ ਪੱਖ ਪੂਰਿਆ ਹੈ। ਇਸ ਸਨਮਾਨ ਨੂੰ ਲੈਣ ਵਾਲ਼ੇ ਮੁੱਢਲੇ ਅਰਥਸ਼ਾਸਤਰੀ ਫਰੈਡਰਿਕ ਹਾਇਕ ਤੇ ਮਿਲਟਨ ਫ੍ਰੀਡਮੈਨ ਸਨ ਜਿਹੜੇ ਉਦੋਂ ਅਮਰੀਕਾ ਵਿੱਚ ਰੀਗਨ ਦੌਰ ਤੇ ਬਰਤਾਨੀਆ ਵਿੱਚ ਥੈਚਰ ਦੌਰ ਦੌਰਾਨ ਇਹਨਾਂ ਸਰਕਾਰਾਂ ਦੇ ਸਲਾਹਕਾਰ ਵੀ ਬਣੇ। ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਜਿਹੜੀ ਨਵਉਦਾਰਵਾਦੀ ਮੱਤ ਦੀ ਜਨਕ ਸੀ, ਉਸ ਦੇ ਹੀ 28 ਤੋਂ ਵੱਧ ਅਰਥਸ਼ਾਸਤਰੀਆਂ ਨੂੰ ਇਹ ਸਨਮਾਨ ਮਿਲਿਆ।

ਇਸ ਦੌਰ ਵਿੱਚ ਹਾਕਮ ਸਿਆਸਤ ਐਨੀ ਭਾਰੂ ਸੀ ਕਿ 70ਵਿਆਂ ਵਿੱਚ ਇਸ ਸਨਮਾਨ ਲਈ ਸਭ ਤੋਂ ਵੱਧ ਚਰਚਿਤ ਕੀਨਜਵਾਦੀ ਜੋਆਨ ਰਾਬਿਨਸਨ ਨੂੰ ਇਸ ਲਈ ਇਸ ਇਨਾਮ ਤੋਂ ਵਿਰਵੇ ਕੀਤਾ ਗਿਆ ਕਿਉਂਕਿ ਉਸ ਨੇ ਸਮਾਜਵਾਦੀ ਚੀਨ ਦੀ ਪ੍ਰਸੰਸਾ ਕੀਤੀ ਸੀ, ਉਸ ਨੇ ਚੀਨ ਸਰਕਾਰ ਦੀ 'ਮਹਾਨ ਅੱਗੇ ਵੱਲ ਛਾਲ' ਦੀ ਨੀਤੀ ਤੇ ਯੁੱਗ ਪਲਟਾਊ 'ਮਹਾਨ ਸੱਭਿਆਚਾਰਕ ਇਨਕਲਾਬ' ਦੀ ਨੀਤੀ ਦੀ ਹਮਾਇਤ ਵਿੱਚ ਚੀਨ ਦੇ ਆਪਣੇ ਦੌਰਿਆਂ ਦੇ ਆਧਾਰ 'ਤੇ ਦਰਜਨਾਂ ਪ੍ਰਸੰਸਾ ਭਰੇ ਲੇਖ ਲਿਖੇ ਸਨ। ਨੋਬੇਲ ਸਨਮਾਨਾਂ ਦੀ ਇਸ ਪੂਰੀ ਸਿਆਸਤ ਨੂੰ ਲੇਖਕਾਂ ਐਵਨਰ ਆਫਰ ਤੇ ਗੇਬਰੀਅਲ ਸੌਡਰਬਰਗ ਨੇ ਆਪਣੀ ਮਸ਼ਹੂਰ ਕਿਤਾਬ 'ਨੋਬੇਲ ਕਾਰਕ' ਵਿੱਚ ਪੂਰੇ ਵਿਸਥਾਰ ਸਹਿਤ ਦਰਸਾਇਆ ਹੈ।

ਉਂਝ, ਇੱਕੀਵੀਂ ਸਦੀ ਆਉਂਦੇ-ਆਉਂਦੇ ਨਵਉਦਾਰਵਾਦ ਦਾ ਸਿਧਾਂਤ ਆਪਣੀ ਵਾਜਬੀਅਤ ਗਵਾਉਣ ਲੱਗਿਆ, ਇਸ ਦੇ ਸਿਧਾਂਤਕਾਰ ਬਦੂ ਹੋਣ ਲੱਗੇ ਕਿਉਂਕਿ ਐਨੇ ਦਹਾਕਿਆਂ ਤੋਂ ਇਹਨਾਂ ਨੀਤੀਆਂ ਦੇ ਅਮਲ ਨੇ ਵੀ ਇਹਨਾਂ ਦਾ ਲੋਕ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਸੀ। 2007-08 ਦੀ ਆਰਥਿਕ ਮੰਦੀ ਨੇ ਤਾਂ ਇਹਨਾਂ ਸਾਰੇ ਸਿਧਾਂਤਕਾਰਾਂ ਨੂੰ ਸਰੇ-ਬਾਜ਼ਾਰ ਨੰਗਾ ਕਰ ਦਿੱਤਾ। ਫਿਰ ਜਿਵੇਂ ਹੁੰਦਾ ਹੈ, ਸਰਮਾਏਦਾਰਾਂ ਪ੍ਰਬੰਧ ਨੇ ਆਪਣਾ ਚਿਹਰਾ ਅਤੇ ਨੋਬੇਲ ਸਨਮਾਨ ਦੀ ਸਾਖ ਬਚਾਉਣ ਲਈ ਇਸ ਸਦੀ ਦੇ ਸ਼ੁਰੂ ਵਿੱਚ ਹੀ ਅਜਿਹੇ ਸਿਧਾਂਤਕਾਰਾਂ ਨੂੰ ਉਭਾਰਨਾ ਸ਼ੁਰੂ ਕੀਤਾ ਜਿਹੜੇ ਨਵਉਦਾਰਵਾਦੀ ਨੀਤੀਆਂ ਦੇ ਤਾਂ ਖਿਲਾਫ ਬੋਲਦੇ ਸਨ ਪਰ ਇਸ ਸਰਮਾਏਦਾਰਾ ਢਾਂਚੇ ਨੂੰ ਅਟੱਲ ਮੰਨ ਕੇ ਇਸ ਤਹਿਤ ਹੀ ਕੀਨਜਵਾਦੀ ਢੰਗਾਂ ਨਾਲ ਹੱਲ ਕੱਢਣ ਦੀ ਗੱਲ ਕਰਦੇ ਸਨ। ਜੋਸਫ ਸਟਿਗਲਿਟਜ, ਥਾਮਸ ਪਿਕੇਟੀ, ਆਂਗਸ ਡੀਟਨ ਆਦਿ ਦਾ ਨਾਂ ਇਸੇ ਦੌਰ ਨਾਲ ਹੀ ਜੁੜਦਾ ਹੈ ਕਿਉਂ ਜੋ ਹੁਣ ਸਰਮਾਏਦਾਰੀ ਨੂੰ ਇਹਨਾਂ ਦੀ ਲੋੜ ਸੀ। ਦੂਜੇ ਪਾਸੇ, 2007-08 ਤੋਂ ਬਾਅਦ ਚੱਲੀ 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਮੁਹਿੰਮ, 2020 ਵਿੱਚ ਅਮਰੀਕਾ ਵਿੱਚ ਸਿਆਹ ਅਮਰੀਕੀ ਜੌਰਜ ਫਲੌਇਡ ਦੇ ਨਸਲੀ ਕਤਲ ਤੋਂ ਮਗਰੋਂ ਭੜਕਿਆ ਲੋਕ ਰੋਹ, ਪੱਛਮ ਦੀਆਂ ਕਈ ਯੂਨੀਵਰਸੀਟੀਆਂ ਵਿੱਚ ਬੀਤੇ ਇੱਕ ਦਹਾਕੇ ਤੋਂ ਘੱਟ-ਵੱਧ ਸਰਗਰਮ ਰਹੀ ਅਰਥਸ਼ਾਸਤਰ ਵਿਸ਼ੇ ਦੇ ਪਾਠਕ੍ਰਮ ਨੂੰ ਬਦਲਣ ਦੀ ਲਹਿਰ ਆਦਿ ਹੀ ਨੋਬੇਲ ਪੁਰਸਕਾਰਾਂ ਵਿੱਚ ਇਸ ਮੋੜੇ ਦਾ ਪਿਛੋਕੜ ਬਣੇ। ਇਸੇ ਲੜੀ ਤਹਿਤ ਇਸ ਸਾਲ ਦੇ ਨੋਬੇਲ ਪੁਰਸਕਾਰ ਉਪਰੋਕਤ ਤਿੰਨ ਸੰਸਥਾਈ ਅਰਥਸ਼ਾਸਤਰੀਆਂ ਨੂੰ ਦਿੱਤੇ ਗਏ ਹਨ।

### ਕੀ ਹੈ ਸੰਸਥਾਈ ਅਰਥਸ਼ਾਸਤਰ?

ਸੰਸਥਾਈ ਅਰਥਸ਼ਾਸਤਰ ਸਰਮਾਏਦਾਰਾ ਅਰਥਸ਼ਾਸਤਰੀ ਧਾਰਾ ਵਿੱਚ ਅਜਿਹਾ ਰੁਝਾਨ ਹੈ ਜਿਹੜਾ 19ਵੀਂ ਸਦੀ ਦੇ ਅਖੀਰ ਵਿੱਚ ਉੱਭਰਿਆ। ਇਸ ਦਾ ਉਭਾਰ ਅਜਿਹੇ ਦੌਰ ਵਿੱਚ ਹੋਇਆ ਜਦੋਂ ਸਰਮਾਏਦਾਰਾ ਪ੍ਰਬੰਧ ਆਪਣੇ ਸਰਵਉੱਚ ਪੜਾਅ, ਭਾਵ, ਸਾਮਰਾਜ ਦੇ ਦੌਰ ਵਿੱਚ ਦਾਖਲ ਹੋ ਰਿਹਾ ਸੀ ਤੇ ਏਸ਼ੀਆ-ਅਫਰੀਕਾ-ਲਾਤੀਨੀ ਅਮਰੀਕਾ ਦੇ ਤੀਜੀ ਦੁਨੀਆ ਦੇ ਮੁਲਕਾਂ ਦੀ ਬਸਤੀਵਾਦੀ ਲੁੱਟ ਨਵੇਂ ਪੜਾਅ ਵਿੱਚ ਦਾਖਲ ਹੋ ਰਹੀ ਸੀ। ਇਹ ਧਾਰਾ ਸਰਮਾਏਦਾਰਾ ਪ੍ਰਬੰਧ ਦੀ ਆਰਥਿਕ ਪ੍ਰਕਿਰਿਆ ਦੀ 'ਗੈਰ-ਆਰਥਿਕ' ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੀ ਹੈ ਤੇ ਅਜਿਹਾ ਕਰਦਿਆਂ ਇਹ ਸੰਸਥਾਵਾਂ ਦੇ ਰੋਲ 'ਤੇ ਜ਼ੋਰ ਦਿੰਦੀ ਹੈ। ਸੰਸਥਾਵਾਂ ਤੋਂ ਇਸ ਦਾ ਭਾਵ ਸਮਾਜ ਵਿਚਲੇ ਕਾਨੂੰਨੀ ਤੇ ਨੈਤਿਕ ਵਰਤਾਰੇ (ਰਹੁ-ਰੀਤਾਂ ਆਦਿ) ਸਣੇ ਟਰੇਡ ਯੂਨੀਅਨਾਂ, ਕੰਪਨੀਆਂ, ਟੈਕਸ ਪ੍ਰਬੰਧ, ਪਰਿਵਾਰ ਇਕਾਈ ਆਦਿ ਹੁੰਦਾ ਹੈ; ਕਹਿਣ ਦਾ ਭਾਵ, ਇਹ ਵਿਆਖਿਆ ਸਰਮਾਏਦਾਰਾ ਸਮਾਜ ਦੀ ਟਕਰਾਵੀਂ ਜਮਾਤੀ ਵੰਡ, ਭਾਵ, ਲੁਟੇਰੀ ਸਰਮਾਏਦਾਰਾ ਜਮਾਤ ਬਨਾਮ ਲੁੱਟੀਂਦੇ ਉਜਰਤੀ ਮਜ਼ਦੂਰ, ਸਰਮਾਏਦਾਰਾ ਵਿਕਾਸ ਦੀ ਚਾਲਕ ਸ਼ਕਤੀ ਮੁਨਾਫਾ ਤੇ ਇਸ ਦੇ ਅਸਲ ਸਰੋਤ, ਭਾਵ, ਮਜ਼ਦੂਰਾਂ ਦੀ ਲੁੱਟ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੀ ਹੈ।

### ਇਸ ਢਾਂਚੇ ਨੂੰ ਕਿਵੇਂ ਫਿੱਟ ਬਹਿੰਦੀ ਹੈ ਇਹਨਾਂ ਅਰਥਸ਼ਾਸਤਰੀਆਂ ਦੀ ਵਿਆਖਿਆ?

ਨੋਬੇਲ ਇਨਾਮਯਾਫਤਾ ਉਪਰੋਕਤ ਤਿੰਨੇ ਪ੍ਰੋਫੈਸਰ ਆਪਣੇ ਅਧਿਐਨ ਰਾਹੀਂ ਅਜੋਕੇ ਸਾਮਰਾਜੀ ਢਾਂਚੇ ਤੇ ਖਾਸ ਪੱਛਮੀ ਸਾਮਰਾਜੀ ਧੜੇ ਦੀ ਸੇਵਾ ਕਰਦੇ ਹਨ। ਪਹਿਲਾ ਇਹ ਕਿ ਆਪਣੇ ਪੂਰੇ ਅਧਿਐਨ ਵਿੱਚ ਉਹ ਸਰਮਾਏਦਾਰਾ ਤਰੱਕੀ, ਖਾਸਕਰ ਪੱਛਮੀ ਮੁਲਕਾਂ ਦੀ ਤਰੱਕੀ ਵਿੱਚ ਬਸਤੀਵਾਦੀ ਪ੍ਰਬੰਧ ਦੇ ਰੋਲ ਨੂੰ ਮੂਲੋਂ ਹੀ ਥਾਂ ਨਹੀਂ ਦਿੰਦੇ। ਸਾਮਰਾਜੀ ਮੁਲਕਾਂ ਦੀ ਤਰੱਕੀ ਭਾਵੇਂ ਉਹ ਬਰਤਾਨੀਆ ਹੋਵੇ ਤੇ ਭਾਵੇਂ ਅਮਰੀਕਾ, ਦਾ ਵੱਡਾ ਆਧਾਰ ਪਹਿਲੋਂ ਸਾਮਰਾਜੀ ਲੁੱਟ ਹੈ ਜਿਸ ਰਾਹੀਂ ਇਹਨਾਂ ਮੁਲਕਾਂ ਨੇ ਤੀਜੀ ਦੁਨੀਆ ਦੇ ਕੁਦਰਤੀ ਸਾਧਨਾਂ, ਕਿਰਤ ਆਦਿ ਦੀ ਅਥਾਹ ਲੁੱਟ ਕਰ ਕੇ ਆਪਣੇ ਖਜ਼ਾਨੇ ਭਰੇ। ਅਰਥਸ਼ਾਸਤਰੀ ਉਤਸਾ ਪਟਨਾਇਕ ਨੇ ਆਪਣੇ ਵਿਸਥਾਰੀ ਅਧਿਐਨ ਰਾਹੀਂ ਦਾਅਵਾ ਕੀਤਾ ਹੈ ਕਿ ਬਰਤਾਨੀਆ ਨੇ 1765 ਤੋਂ ਲੈ ਕੇ 1938 ਤੱਕ ਉਸ ਵੇਲੇ ਦੇ ਭਾਰਤ ਤੋਂ 45 ਖਰਬ ਡਾਲਰ ਤੱਕ ਦੀ ਲੁੱਟ ਕੀਤੀ ਪਰ ਨੋਬੇਲ ਇਨਾਮ ਜੇਤੂ ਤਿੰਨਾਂ ਪ੍ਰੋਫੈਸਰਾਂ ਦੇ ਅਧਿਐਨ ਵਿੱਚ ਇਸ ਸਾਮਰਾਜੀ ਲੁੱਟ ਦਾ ਕੋਈ ਜ਼ਿਕਰ ਤੱਕ ਨਹੀਂ। ਉਹਨਾਂ ਮੁਤਾਬਕ ਬਸਤੀਵਾਦੀ ਲੁੱਟ ਸਰਮਾਏਦਾਰਾ ਵਿਕਾਸ ਦਾ ਅਨਿੱਖੜਵਾਂ ਅੰਗ ਨਾ ਹੋ ਕੇ ਮਹਿਜ਼ ਸਬਬੀ ਸੀ, ਬਾਹਰੀ ਝਟਕਾ ਸੀ।

ਦੂਜਾ ਤਰੀਕਾ ਜਿਸ ਰਾਹੀਂ ਇਹਨਾਂ ਪ੍ਰੋਫੈਸਰਾਂ ਦਾ ਅਧਿਐਨ ਸਰਮਾਏਦਾਰਾ ਢਾਂਚੇ ਨੂੰ ਛੁਟਿਆਉਂਦਾ ਹੈ, ਉਹ ਹੈ ਨਿੱਜੀ ਜਾਇਦਾਦ ਦੀ ਆਪਣੀ ਵਿਆਖਿਆ ਕਰ ਕੇ। ਇਹ ਪ੍ਰੋਫੈਸਰ ਆਪਣੇ ਅਧਿਐਨ ਵਿੱਚ ਨਿੱਜੀ ਜਾਇਦਾਦ ਦੀ ਉਤਪਤੀ ਤੇ ਵਿਕਾਸ ਦੇ ਸਵਾਲ ਨੂੰ ਫਰੋਲਣ ਦੀ ਥਾਂ ਇਸ ਨੂੰ ਦਿੱਤੀ ਹੋਈ ਸੁੱਚਮ, ਪਵਿੱਤਰ ਸ਼ੈਅ ਮੰਨਦੇ ਹਨ ਜੋ ਹਮੇਸ਼ਾ ਤੋਂ ਰਹੀ ਹੈ ਤੇ ਕਹਿੰਦੇ ਹਨ ਕਿ ਗਲੋਬਲ ਦੱਖਣ ਵਿੱਚ (ਮੋਟੇ ਤੌਰ 'ਤੇ ਤੀਜੀ ਦੁਨੀਆ ਦੇ ਦੇਸ਼) ਕਿਉਂਕਿ ਜਾਇਦਾਦ ਹੱਕਾਂ ਦੀ ਰਾਖੀ ਕਰਨ ਲਈ ਢੁੱਕਵੀਆਂ ਸੰਸਥਾਵਾਂ ਨਹੀਂ, ਇਸ ਲਈ ਉਥੇ ਤਰੱਕੀ ਦੇ ਰਾਹ ਵਿੱਚ ਅੜਿੱਕਾ ਪੈ ਗਿਆ। ਇਹ ਵਿਦਵਾਨ ਭੁੱਲ ਜਾਂਦੇ ਹਨ ਕਿ ਅਮਰੀਕਾ, ਆਸਟਰੇਲੀਆ ਆਦਿ ਸਭੇ ਥਾਵਾਂ 'ਤੇ ਮੂਲਨਿਵਾਸੀਆਂ ਦਾ ਘਾਣ ਕੀਤਾ ਗਿਆ ਸੀ, ਉਹਨਾਂ ਨੂੰ ਉਹਨਾਂ ਦੀ ਧਰਤੀ ਤੋਂ ਹੀ ਉਜਾੜ ਕੇ ਧਨਾਢਾਂ ਦੇ ਮੁਨਾਫੇ ਦਾ ਪ੍ਰਬੰਧ ਕੀਤਾ ਗਿਆ ਸੀ। ਦੂਸਰਾ ਉਹ ਇਹ ਵੀ ਨਹੀਂ ਸਮਝਦੇ ਕਿ ਸਰਮਾਏ ਦੇ ਇਕੱਤਰੀਕਰਨ ਨੇ ਆਪ ਹੀ ਵੱਡੀ ਪੱਧਰ 'ਤੇ ਛੋਟੀ ਮਾਲਕੀ ਦਾ ਅਜਿਹਾ ਉਜਾੜਾ ਕਰ ਦਿੱਤਾ ਕਿ ਸਮਾਜ ਦੀ ਬਹੁਗਿਣਤੀ, ਭਾਵੇਂ ਉਹ ਤੀਜੀ ਦੁਨੀਆ ਵਿੱਚ ਹੋਵੇ ਤੇ ਭਾਵੇਂ ਪੱਛਮੀ ਮੁਲਕਾਂ ਵਿੱਚ, ਉਹਨਾਂ ਦੀ ਦੱਸੀ ਪਵਿੱਤਰ ਨਿੱਜੀ ਜਾਇਦਾਦ ਦੇ ਹੱਕ ਤੋਂ ਪੂਰੀ ਤਰ੍ਹਾਂ ਵਾਂਝੀ ਹੋ ਚੁੱਕੀ ਹੈ ਤੇ ਮੁੱਖ ਤੌਰ 'ਤੇ ਆਪਣੀ ਕਿਰਤ ਸ਼ਕਤੀ ਵੇਚ ਕੇ ਗੁਜ਼ਾਰਾ ਕਰਦੀ ਹੈ।

ਤੀਸਰਾ, ਵਿਕਾਸ ਦੀ ਗੱਲ ਕਰਦਿਆਂ ਉਪਰੋਕਤ ਬੁੱਧੀਜੀਵੀ ਸਰਮਾਏਦਾਰਾ ਵਿਕਾਸ ਨੂੰ ਮਹਿਜ਼ ਨੀਤੀਆਂ ਦਾ ਮਾਮਲਾ ਲੈ ਕੇ ਚਲਦੇ ਹਨ ਜਿਸ ਨਾਲ ਇੱਕ ਤਾਂ ਸਰਮਾਏਦਾਰਾ ਵਿਕਾਸ ਦੀ ਚਾਲਕ ਸ਼ਕਤੀ ਮੁਨਾਫਾ ਤੇ ਸਰਮਾਏਦਾਰਾਂ ਤੇ ਮਜ਼ਦੂਰਾਂ ਦੇ ਵਿਰੋਧੀ, ਟਕਰਾਵੇਂ ਰਿਸ਼ਤੇ 'ਤੇ ਪਰਦਾ ਪੈ ਜਾਂਦਾ ਹੈ; ਦੂਜੇ ਪਾਸੇ ਉਹਨਾਂ ਲਈ ਇਹ ਕਹਿਣਾ ਆਸਾਨ ਹੋ ਜਾਂਦਾ ਹੈ ਕਿ ਕਿਉਂਕਿ ਸਰਮਾਏਦਾਰਾ ਤਰੱਕੀ ਮਹਿਜ਼ ਨੀਤੀਆਂ ਦਾ ਮਾਮਲਾ ਹੈ ਤੇ ਨੀਤੀਆਂ ਗਲੋਬਲ ਉੱਤਰ (ਪੱਛਮੀ ਮੁਲਕ) ਵਿੱਚ ਵਧੇਰੇ ਕਾਮਯਾਬੀ ਨਾਲ ਲਾਗੂ ਹੋਈਆਂ ਹਨ, ਕਿ ਇੱਥੋਂ ਦੀਆਂ ਸਿਆਸੀ ਸੰਸਥਾਵਾਂ ਮੂਲੋਂ ਨਿਵੇਕਲੀਆਂ ਹਨ ਤੇ ਇਸੇ ਲਈ ਗਲੋਬਲ ਦੱਖਣ (ਤੀਜੀ ਦੁਨੀਆ) ਦੇ ਦੇਸ਼ਾਂ ਨੇ ਜੇ ਤਰੱਕੀ ਦੇਖਣੀ ਹੈ ਤਾਂ ਉਹਨਾਂ ਨੂੰ ਇਹਨਾਂ ਸੰਸਥਾਵਾਂ ਤੇ ਨੀਤੀਆਂ ਦੀ ਨਕਲ ਕਰਨੀ ਚਾਹੀਦੀ ਹੈ; ਭਾਵ, ਇੱਕ ਢੰਗ ਨਾਲ ਅਮਰੀਕਾ ਦੇ ਸਾਮਰਾਜੀ ਮਨਸੂਬਿਆਂ ਤਹਿਤ ਬਣੀਆਂ 'ਵਾਸ਼ਿੰਗਟਨ ਸਰਵਸੰਮਤੀ' ਦੀਆਂ ਨਵਉਦਾਰਵਾਦੀ ਨੀਤੀਆਂ ਦੀ ਹਮਾਇਤ ਹੋ ਕੇ ਰਹਿ ਜਾਂਦੀ ਹੈ। ਅਮਰੀਕੀ ਅਗਵਾਈ ਵਿੱਚ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਘੜੀਆਂ ਇਹ ਆਰਥਿਕ-ਸਿਆਸੀ ਨੀਤੀਆਂ ਇਹਨਾਂ ਮੁਲਕਾਂ ਨੂੰ ਕਰਜ਼ ਬਦਲੇ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਨ, ਵਿਦੇਸ਼ੀ ਵਪਾਰ ਵਿੱਚ ਸਾਮਰਾਜੀ ਦੇਸ਼ਾਂ ਨੂੰ ਖੁੱਲ੍ਹਾਂ ਦੇਣ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ ਆਦਿ ਦੀਆਂ ਨੀਤੀਆਂ ਹਨ ਜਿਹੜੀਆਂ ਪਿਛਲੇ ਲਗਭਗ ਤਿੰਨ ਦਹਾਕੇ ਤੋਂ ਤੀਜੀ ਦੁਨੀਆ ਦੇ ਵਧੇਰੇ ਮੁਲਕਾਂ ਨੇ ਲਾਗੂ ਕੀਤੀਆਂ ਹਨ ਤੇ ਜਿਹਨਾਂ ਦੇ ਨਾ-ਬਰਾਬਰੀ ਆਦਿ ਦੇ ਰੂਪ ਵਿੱਚ ਭਿਆਨਕ ਨਤੀਜੇ ਅੱਜ ਸਭ ਦੇ ਸਾਹਮਣੇ ਹਨ।

ਚੌਥਾ, ਇਹਨਾਂ ਪ੍ਰੋਫੈਸਰਾਂ ਦੀ ਤਰੱਕੀ, ਖੁਸ਼ਹਾਲੀ, ਸੰਸਥਾਵਾਂ ਆਦਿ ਦੀ ਪੂਰੀ ਪਰਿਭਾਸ਼ਾ ਹੀ ਗੈਰ-ਜਮਾਤੀ ਹੈ; ਭਾਵ, ਜਦੋਂ ਉਹ ਪੱਛਮੀ ਦੇਸ਼ਾਂ ਦੀ ਤਰੱਕੀ ਤੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਪਛੜੇਵੇਂ ਦੀ ਗੱਲ ਕਰਦੇ ਹਨ ਤਾਂ ਇਹ ਨਹੀਂ ਦੱਸਦੇ ਕਿ ਕਿਹਨਾਂ ਦੀ ਤਰੱਕੀ? ਕਿਸ ਜਮਾਤ ਦੀ ਤਰੱਕੀ? ਜੇ ਪੱਛਮੀ ਮੁਲਕਾਂ ਦੀ ਗੱਲ ਕਰੀਏ ਤਾਂ ਇਹ ਸਮਾਜ ਨੂੰ ਵੱਧ ਤੋਂ ਵੱਧ ਦੋ ਵਿਰੋਧੀ ਜੁੱਟਾਂ ਵਿੱਚ ਵੰਡਦੇ ਹਨ ਜਿੱਥੇ ਇੱਕ ਪਾਸੇ ਤਾਂ ਮੁੱਠੀ ਭਰ ਸਰਮਾਏਦਾਰ, ਨੌਕਰਸ਼ਾਹ ਤੇ ਹੋਰ ਧਨਾਢ ਲੋਕ ਹਨ; ਦੂਜੇ ਪਾਸੇ ਸਮਾਜ ਦੀ ਵੱਡੀ ਕਿਰਤੀ ਆਬਾਦੀ ਹੈ ਜਿਸ ਦੀਆਂ ਆਰਥਿਕ-ਸਮਾਜਿਕ ਹਾਲਤਾਂ ਦਿਨੋ-ਦਿਨ ਮੁਸ਼ਕਿਲ ਹੋ ਰਹੀਆਂ ਹਨ ਪਰ ਉਹ ਇਹਨਾਂ ਮੁਸ਼ਕਿਲ ਹਾਲਤਾਂ ਖਿਲਾਫ ਸੰਘਰਸ਼ ਦੇ ਰਾਹ ਵੀ ਪੈ ਰਹੀ ਹੈ। ਜੇ ਤੀਜੀ ਦੁਨੀਆ ਦੀ ਗੱਲ ਕਰੀਏ ਤਾਂ ਇਥੇ ਵੀ ਸਰਮਾਏਦਾਰਾ ਵਿਕਾਸ ਕਾਰਨ ਮੁੱਠੀ ਭਰ ਲੋਕਾਂ ਦੀ ਇੰਨੀ ਤਰੱਕੀ ਹੋਈ ਹੈ ਕਿ ਉਹ ਦੁਨੀਆ ਦੇ ਅਮੀਰਤਰੀਨ ਲੋਕਾਂ ਦੀ ਸੂਚੀ ਵਿੱਚ ਦਰਜ ਹਨ ਜਦਕਿ ਇਹੀ ਮੁਲਕ ਭੁੱਖਮਰੀ, ਗਰੀਬੀ, ਨਾ-ਬਰਾਬਰੀ ਦੇ ਮਾਣਕਾਂ ਮੁਤਾਬਕ ਦੁਨੀਆ ਦੇ ਸਭ ਤੋਂ ਫਾਡੀ ਦੇਸ਼ਾਂ ਵਿੱਚ ਆਉਂਦੇ ਹਨ।

ਇਸੇ ਤਰ੍ਹਾਂ ਸੰਸਥਾਵਾਂ ਦੀ ਗੱਲ ਕਰਨੀ ਹੋਵੇ ਤਾਂ ਸਰਮਾਏਦਾਰਾ ਪ੍ਰਬੰਧ ਵਿਚਲੀਆਂ ਸੰਸਥਾਵਾਂ ਭਾਵੇਂ ਉਹ ਨਿਆਂ ਢਾਂਚਾ ਹੋਵੇ ਭਾਵੇਂ ਸਕੂਲ, ਨੈਤਿਕ ਕਦਰਾਂ ਆਦਿ, ਇਹ ਸਭ ਹਾਕਮ ਜਮਾਤ ਦੀ ਹੀ ਸੇਵਾ ਕਰਦੀਆਂ ਹਨ; ਇਹ ਭਾਵੇਂ ਅਮਰੀਕਾ, ਇੰਗਲੈਂਡ ਜਿਹੇ ਪੱਛਮੀ ਮੁਲਕ ਹੋਣ, ਭਾਵੇਂ ਤੀਜੀ ਦੁਨੀਆ ਦੇ ਪੱਛੜੇ ਸਰਮਾਏਦਾਰਾ ਦੇਸ਼। ਪੱਛਮੀ ਮੁਲਕਾਂ ਵਿੱਚ ਪਿਛਲੇ ਸਾਲਾਂ ਵਿੱਚ ਹੀ ਹੋਏ ਮੁਜ਼ਾਹਰਿਆਂ ਤੇ ਇਹਨਾਂ ਉੱਪਰ ਹੋਏ ਪੁਲੀਸ ਤਸ਼ੱਦਦ ਨੂੰ ਦੇਖ ਲਈਏ, ਇਹਨਾਂ ਮੁਲਕਾਂ ਦੀ ਹਾਕਮ ਜਮਾਤ ਦੇ ਫੈਲਾਏ ਜਾਂਦੇ ਨਸਲਵਾਦ ਤੇ ਪਰਵਾਸੀ ਵਿਰੋਧ ਨੂੰ ਦੇਖ ਲਈਏ ਤਾਂ ਸੰਸਥਾਵਾਂ ਦੇ ਜਮਾਤੀ ਖਾਸੇ ਦੀ ਸਹਿਜੇ ਸਮਝ ਲੱਗ ਜਾਵੇਗੀ।

ਕਹਿਣ ਦੀ ਲੋੜ ਨਹੀਂ ਕਿ ਉਪਰੋਕਤ ਬੁੱਧੀਜੀਵੀ ਸਰਮਾਏਦਾਰਾ ਢਾਂਚੇ ਨੂੰ ਹੀ ਅੰਤਮ ਸਚਾਈ ਮੰਨਦੇ ਹਨ ਤੇ ਸਮਾਜਿਕ ਤਰੱਕੀ ਦੇ ਬਦਲਵੇਂ ਮਾਡਲ ਦੀ ਕਿਸੇ ਵੀ ਚਰਚਾ ਦਾ ਖਿਆਲ ਵੀ ਨਹੀਂ ਲਿਆਉਂਦੇ। ਸੋ, ਕੁੱਲ ਨਿਚੋੜ ਇਹ ਕਿ ਨੋਬੇਲ ਸਨਮਾਨ ਕਮੇਟੀ ਨੇ ਆਪਣੇ ਖਾਸੇ ਮੁਤਾਬਕ ਇਸ ਸਾਲ ਦਾ ਅਰਥਸ਼ਾਸਤਰ ਦਾ ਨੋਬੇਲ ਪੁਰਸਕਾਰ ਅਜਿਹੇ ਲੋਕਾਂ ਨੂੰ ਹੀ ਦਿੱਤਾ ਹੈ ਜਿਹੜੇ ਨਾ ਸਿਰਫ ਮੌਜੂਦਾ ਸਰਮਾਏਦਾਰਾ ਢਾਂਚੇ ਨੂੰ ਕਾਇਮ ਰੱਖਣ ਦੇ ਸੁਝਾਅ ਦਿੰਦੇ ਹਨ ਸਗੋਂ ਜਿਹੜੇ ਤੀਜੀ ਦੁਨੀਆ ਦੇ ਦੇਸ਼ਾਂ ਦੀ ਹੁੰਦੀ ਸਾਮਰਾਜੀ ਲੁੱਟ 'ਤੇ ਵੀ ਪਰਦਾ ਪਾਉਂਦੇ ਹਨ ਤੇ ਇਹਨਾਂ ਦੇਸ਼ਾਂ ਨੂੰ ਪੱਛਮੀ ਦੇਸ਼ਾਂ ਦੀ ਤਰਜ਼ ਵਾਲੀਆਂ ਸੰਸਥਾਵਾਂ ਤੇ ਨੀਤੀਆਂ ਦੀ ਨਕਲ ਕਰਨ ਦੀਆਂ ਸਲਾਹਾਂ ਦਿੰਦੇ ਹਨ।





# ਪੰਜਾਬ ਵਿਚ ਕੈਂਸਰ ਦਾ ਕਾਰਨ ਖੇਤੀ ਰਸਾਇਣ ਨਹੀਂ...

ਲੇਖਕ: ਡਾ. ਐੱਸਪੀਐੱਸ ਬਰਾੜ
ਸੰਪਰਕ: 99151-94104

ਹਰੀ ਕ੍ਰਾਂਤੀ (ਤਕਨੀਕੀ ਖੇਤੀ) ਨੇ ਦੇਸ਼ ਦੇ ਅੰਨ ਭੰਡਾਰ ਭਰ ਦਿੱਤੇ। ਇਹੀ ਨਹੀਂ, ਦੇਸ਼ ਦੇ ਚੌਲ 129 ਦੇਸ਼ਾਂ ਵਿੱਚ ਜਾ ਰਹੇ ਹਨ ਅਤੇ ਕਣਕ ਦੀ ਮੰਗ ਵੀ ਯੂਕਰੇਨ ਦੀ ਲੜਾਈ ਸਮੇਂ ਜਦੋਂ ਭਾਰਤ ਨੇ ਕਣਕ ਦੀ ਬਰਾਮਦ ਬੰਦ ਕੀਤੀ ਤਾਂ ਯੂਰੋਪੀਅਨ ਦੇਸ਼ਾਂ ਨੇ ਇਸ ਫੈਸਲੇ ਖਿਲਾਫ ਰੌਲਾ ਪਾਇਆ ਅਤੇ ਆਈਐੱਮਐੱਫ ਦੀ ਡਿਪਟੀ ਮੈਨੇਜਿੰਗ ਡਾਇਰੈਕਟਰ ਗੀਤਾ ਗੋਪੀਨਾਥ ਨੇ ਇਹ ਵੀ ਕਿਹਾ ਕਿ ਇਸ ਵਕਤ ਇਹ ਫੈਸਲਾ ਠੀਕ ਨਹੀਂ; ਭਾਵ ਕਣਕ ਦੀ ਬਰਾਮਦ ਰੋਕਣ ਨਾਲ ਦੁਨੀਆ ਵਿੱਚ ਕਣਕ ਦੇ ਭਾਅ ਵਧ ਜਾਣਗੇ ਪਰ ਇਸ ਦੇ ਬਾਵਜੂਦ ਦੇਸ਼ ਅੰਦਰ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੀਆਂ ਜ਼ਮੀਨਾਂ ਅਤੇ ਧਰਤੀ ਹੇਠਲੇ ਪਾਣੀ ਵਿੱਚ ਭਾਰੀ ਧਾਤਾਂ ਦੀ ਮਾਤਰਾ ਵਧਾ ਦਿੱਤੀ ਹੈ ਜਿਸ ਨਾਲ ਜ਼ਮੀਨ ਦੀ ਸਿਹਤ ਖਰਾਬ ਹੋ ਗਈ ਅਤੇ ਇੱਥੇ ਪੈਦਾ ਕੀਤੀਆਂ ਜਾਣ ਵਾਲੀਆਂ ਫਸਲਾਂ ਵਿੱਚ ਜ਼ਹਿਰੀਲੇ ਰਸਾਇਣਾਂ ਦੀ ਮਾਤਰਾ ਜ਼ਿਆਦਾ ਹੈ। ਇਸ ਲਿਖਤ ਵਿੱਚ ਇਹ ਵਿਸ਼ਲੇਸ਼ਣ ਕੀਤਾ ਜਾਵੇਗਾ ਕਿ ਅਜੇ ਤੱਕ ਖਾਦਾਂ ਅਤੇ ਪੈਸਟੀਸਾਈਡ ਦੀ ਵਰਤੋਂ ਨਾਲ ਨਾ ਜ਼ਮੀਨ ਦੀ ਸਿਹਤ ਖਰਾਬ ਹੋਈ ਹੈ, ਨਾ ਪਾਣੀ ਪਲੀਤ ਹੋਇਆ ਅਤੇ ਨਾ ਹੀ ਇੱਥੇ ਪੈਦਾ ਹੋਣ ਵਾਲੇ ਅਨਾਜ। ਸਮੱਸਿਆ ਕਿਤੇ ਹੋਰ ਹੈ, ਇਲਜ਼ਾਮ ਕਿਤੇ ਹੋਰ ਲਗਾਇਆ ਜਾ ਰਿਹਾ ਹੈ।

ਇਸ ਵਕਤ ਬ੍ਰਹਿਮੰਡ ਵਿੱਚ 119 ਤੱਤਾਂ ਦੀ ਸ਼ਨਾਖਤ ਹੋਈ ਹੈ। ਤੱਤ ਤੋਂ ਭਾਵ ਕਾਰਬਨ, ਆਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਵਗੈਰਾ ਹਨ। ਇਹਨਾਂ ਵਿੱਚੋਂ 95 ਕੁਦਰਤੀ ਹਨ ਅਤੇ ਬਾਕੀ 24 ਨਿਊਕਲੀਅਰ ਰਿਐਕਟਰਾਂ ਨਾਲ ਲੈਬਾਰਟਰੀਆਂ ਵਿੱਚ ਬਣਾਏ ਗਏ ਹਨ। ਜਿਹੜੇ ਤੱਤਾਂ ਦਾ ਅਟੌਮਿਕ ਭਾਰ ਜ਼ਿਆਦਾ ਹੈ ਅਤੇ ਇਹਨਾਂ ਦੀ ਘਣਤਾ 5 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਤੋਂ ਵੱਧ ਹੈ, ਉਹਨਾਂ ਨੂੰ ਭਾਰੀਆਂ ਧਾਤਾਂ ਵੀ ਕਿਹਾ ਜਾਂਦਾ ਹੈ। ਇਹ ਧਾਤਾਂ ਮਿੱਥੀ ਹੱਦ ਤੋਂ ਵੱਧ ਪੌਦਿਆਂ ਅਤੇ ਜੀਵ ਜੰਤੂਆਂ ਨੂੰ ਨੁਕਸਾਨਦਾਇਕ ਹਨ। ਇਹ ਧਾਤਾਂ ਥੋੜ੍ਹੀ ਬਹੁਤੀ ਮਾਤਰਾ ਵਿੱਚ ਹਰ ਜ਼ਮੀਨ ਵਿੱਚ ਹੁੰਦੀਆਂ ਹਨ। ਜ਼ਮੀਨ ਵਿੱਚ ਉੱਗਣ ਵਾਲੇ ਪੌਦੇ ਵਿੱਚ ਵੀ ਤਕਰੀਬਨ 70 ਤੱਤ ਹੁੰਦੇ ਹਨ, ਭਾਵੇਂ ਪੌਦੇ ਲਈ ਜ਼ਰੂਰੀ ਸਿਰਫ 16 ਤੱਤ ਹੀ ਹੁੰਦੇ ਹਨ। ਇਹ ਤੱਤ ਜ਼ਮੀਨ ਵਿੱਚ ਹੁੰਦੇ ਹਨ, ਇਸ ਲਈ ਇਹ ਕੁਝ ਮਾਤਰਾ ਵਿੱਚ ਬੂਟੇ ਨੂੰ ਜ਼ਰੂਰਤ ਨਾ ਹੋਣ ਦੇ ਬਾਵਜੂਦ ਅੰਦਰ ਚਲੇ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਤੱਤ ਲੋੜ ਤੋਂ ਵੱਧ ਮਾਤਰਾ ਵਿੱਚ ਜ਼ਹਿਰੀਲੇ ਹਨ ਜੋ ਹੌਲੀ-ਹੌਲੀ ਕੈਂਸਰ ਜਾਂ ਹੋਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

### ਪੰਜਾਬ ਦੀਆਂ ਜ਼ਮੀਨਾਂ ਵਿੱਚ ਭਾਰੀ ਧਾਤਾਂ ਦੀ ਮਾਤਰਾ

ਪੰਜਾਬ ਵਿੱਚ ਵੱਖ-ਵੱਖ ਸਾਇੰਸਦਾਨਾਂ ਨੇ ਮਿੱਟੀ ਦੀ ਪਰਖ ਕਰ ਕੇ ਭਾਰੀਆਂ ਧਾਤਾਂ ਦੇ ਜੋ ਅੰਕੜੇ ਦਿੱਤੇ ਹਨ, ਉਹ ਇਸ ਪ੍ਰਕਾਰ ਹਨ: ਐਲੂਮੀਨੀਅਮ 11542 ਮਿਲੀਗ੍ਰਾਮ ਪ੍ਰਤੀ ਕਿਲੋ (ਜਾਂ 10 ਲੱਖ ਵਿੱਚੋਂ ਹਿੱਸੇ), ਲੋਹਾ 1038, ਵਨੇਡੀਅਨ 1289, ਮੈਂਗਨੀਜ਼ 154-422.1, ਸਿੱਕਾ 0.4 ਤੋਂ 118, ਤਾਂਬਾ 0.4 ਤੋਂ 58.1, ਕੋਬਾਲਟ 0.1 ਤੋਂ 19.2, ਨਿਕਲ 3.9 ਤੋਂ 27.9, ਕੈਡਮੀਅਮ 0.1 ਤੋਂ 30.0, ਕਰੋਮੀਅਮ ਨਾਮਾਤਰ (ਪਰਖਿਆ ਨਹੀਂ ਜਾ ਸਕਦਾ) ਤੋਂ 75.7, ਆਰਸੇਨਿਕ 1.7, ਜ਼ਿੰਕ 0.1 ਤੋਂ 98.1 ਮਿਲੀਗ੍ਰਾਮ/ਕਿਲੋ। ਇਹਨਾਂ ਵਿੱਚ ਕੁਝ ਤੱਤ/ਧਾਤਾਂ ਪੌਦਿਆਂ ਲਈ ਜ਼ਰੂਰੀ ਹਨ ਜਿਵੇਂ ਲੋਹਾ, ਤਾਂਬਾ, ਮੈਂਗਨੀਜ਼ ਅਤੇ ਜ਼ਿੰਕ। ਅੱਜ ਤੱਕ ਦੀ ਖੋਜ ਅਨੁਸਾਰ, ਤਕਰੀਬਨ ਸਭ ਨੇ ਇਹੋ ਕਿਹਾ ਕਿ ਉਪਰੋਕਤ ਤੱਤ ਜ਼ਮੀਨ ਵਿੱਚ ਮਿੱਥੀ ਹੱਦ ਤੋਂ ਘੱਟ ਹਨ; ਸਿਰਫ 1-2 ਥਾਵਾਂ 'ਤੇ ਕੈਡਮੀਅਮ ਅਤੇ ਸਿੱਕਾ ਮਿੱਥੀ ਹੱਦ ਤੋਂ ਥੋੜ੍ਹਾ ਵੱਧ ਹਨ।

### ਤੱਤਾਂ ਦਾ ਜ਼ਮੀਨ ਵਿੱਚ ਸਰੋਤ

ਇਹਨਾਂ ਤੱਤਾਂ ਦਾ ਮੁੱਖ ਸਰੋਤ ਚੱਟਾਨਾਂ ਹਨ ਜਿਹਨਾਂ ਤੋਂ ਇਹ ਜ਼ਮੀਨ ਬਣੀ ਹੈ; ਭਾਵ, ਮੁੱਖ ਸਰੋਤ ਕੁਦਰਤੀ ਹੈ ਜਾਂ ਕਹਿ ਲਓ ਕਿ ਜ਼ਮੀਨ ਦੀ ਬਣਤਰ ਦਾ ਹਿੱਸਾ ਹਨ; ਜਿਵੇਂ ਚੀਕਣੀ ਮਿੱਟੀ ਨੂੰ ਰਸਾਇਣਿਕ ਵਿਗਿਆਨ ਦੀ ਭਾਸ਼ਾ ਵਿੱਚ ਅਲਮੀਨੋ ਸਿਲੀਕੇਟ (ਐਲੂਮੀਨੀਅਮ ਤੇ ਸਿਲੀਕਾ) ਕਿਹਾ ਜਾਂਦਾ ਹੈ। ਬਾਕੀ ਦੀਆਂ ਧਾਤਾਂ ਇਹਦੇ ਨਾਲ ਜੁੜੀਆਂ ਹੁੰਦੀਆਂ ਹਨ।



ਇਹਨਾਂ ਧਾਤਾਂ ਦਾ ਦੂਜਾ ਸਰੋਤ ਹੈ ਜ਼ਮੀਨ ਵਿੱਚ ਬੰਦੇ ਵੱਲੋਂ ਹਰ ਫਾਲਤੂ ਚੀਜ਼ ਜ਼ਮੀਨ ਵਿੱਚ ਸੁੱਟਣਾ ਜਾਂ ਦੱਬਣਾ। ਮੁੱਖ ਤੌਰ 'ਤੇ ਜਿਨ੍ਹਾਂ ਵੀ ਆਦਮੀਆਂ ਅਤੇ ਜਾਨਵਰਾਂ ਦਾ ਰਹਿਮਦ-ਖੂੰਹਦ ਹੈ, ਉਹ ਸਾਰਾ ਧਰਤੀ ਵਿੱਚ ਹੀ ਜਾਂਦਾ ਹੈ ਜਿਹੜਾ ਬਾਇਓਲਾਜੀਕਲ ਵੇਸਟ ਹੈ, ਉਹ ਧਰਤੀ ਵਿੱਚ ਗਲ ਕੇ ਧਰਤੀ ਦਾ ਹਿੱਸਾ ਬਣ ਜਾਂਦਾ ਹੈ ਪਰ ਜਿਹੜਾ ਵੇਸਟ ਕਾਰਖਾਨਿਆਂ ਦਾ ਹੈ, ਉਹ ਗਲ ਕੇ ਧਰਤੀ ਵਿੱਚ ਸਮਾਉਂਦਾ ਨਹੀਂ ਅਤੇ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ।

### ਖੇਤੀ ਵਿੱਚ ਵਰਤੋਂ ਵਾਲੇ ਰਸਾਇਣਾਂ ਦਾ ਪ੍ਰਦੂਸ਼ਣ

ਖੇਤੀ ਵਿੱਚ ਦੋ ਤਰ੍ਹਾਂ ਦੇ ਰਸਾਇਣ ਵਰਤੇ ਜਾਂਦੇ ਹਨ। ਬੂਟਿਆਂ ਦੇ ਖੁਰਾਕੀ ਤੱਤ ਜਿਹਨਾਂ ਨੂੰ ਖਾਦਾਂ ਕਹਿੰਦੇ ਹਨ; ਦੂਜੇ ਪੈਸਟੀਸਾਈਡ ਜੋ ਫਸਲ ਨੂੰ ਕੀੜੇ, ਬਿਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਵਰਤੇ ਜਾਂਦੇ ਹਨ। ਖਾਦਾਂ ਮੁੱਖ ਤੌਰ 'ਤੇ ਯੂਰੀਆ, ਡੀਏਪੀ, ਮਿਊਰੇਟ ਆਫ ਪੋਟਾਸ਼ ਅਤੇ ਜ਼ਿੰਕ ਸਲਫੇਟ ਹੀ ਜ਼ਮੀਨ ਵਿੱਚ ਹਨ। ਇਹਨਾਂ ਵਿੱਚ ਭਾਰੀਆਂ ਧਾਤਾਂ ਜ਼ਿੰਕ ਨੂੰ ਛੱਡ ਕੇ ਹੋਰ ਕਿਸੇ ਵੀ ਖਾਦ ਦਾ ਅੰਗ ਨਹੀਂ ਪਰ ਕਿਉਂਕਿ ਡੀਏਪੀ ਅਤੇ ਮਿਊਰੇਟ ਆਫ ਪੋਟਾਸ਼ ਖਾਣਾਂ ਵਿੱਚੋਂ ਲਏ ਖਣਿਜਾਂ ਤੋਂ ਬਣਦੀ ਹੈ, ਇਸ ਕਰ ਕੇ ਉਸ ਦੀ ਸਫਾਈ ਕਰਨ ਵੇਲੇ ਬਹੁਤ ਘੱਟ ਮਾਤਰਾ ਵਿੱਚ ਭਾਰੀਆਂ ਧਾਤਾਂ ਰਹਿ ਸਕਦੀਆਂ ਹਨ। ਯੂਰੀਆ ਵਿੱਚ ਔਸਤ 1.8 ਮਿਲੀਗ੍ਰਾਮ ਪ੍ਰਤੀ ਕਿਲੋ ਸਿੱਕਾ, 2.8 ਮਿਲੀਗ੍ਰਾਮ ਕਰੋਮੀਅਮ, 2.6 ਮਿਲੀਗ੍ਰਾਮ ਨਿਕਲ, 0.25 ਮਿਲੀਗ੍ਰਾਮ ਕੈਡਮੀਅਮ, 0.16 ਮਿਲੀਗ੍ਰਾਮ ਕੋਬਾਲਟ ਹੁੰਦਾ ਹੈ; ਮਤਲਬ, ਸਾਰੀਆਂ ਧਾਤਾਂ ਮਿਲਾ ਕੇ ਵੀ 7.61 ਮਿਲੀਗ੍ਰਾਮ ਪ੍ਰਤੀ ਕਿਲੋ ਬਣਦੀਆਂ ਹਨ; ਭਾਵ, ਜੇ ਤਿੰਨ ਬੋਰੀਆਂ ਯੂਰੀਏ ਦੀਆਂ ਝੋਨੇ ਅਤੇ ਤਿੰਨ ਹੀ ਕਣਕ ਨੂੰ ਪਾਈਏ ਤਾਂ ਸਾਲ ਵਿੱਚ 2 ਗ੍ਰਾਮ ਭਾਰੀਆਂ ਧਾਤਾਂ ਖੇਤ ਵਿੱਚ ਜਾਂਦੀਆਂ ਹਨ।

ਡੀਏਪੀ ਵਿੱਚ ਇਹ ਧਾਤਾਂ ਔਸਤ ਇਸ ਪ੍ਰਕਾਰ ਹਨ: ਸਿੱਕਾ 8.2 ਮਿਲੀਗ੍ਰਾਮ, ਕਰੋਮੀਅਮ 13.0 ਮਿਲੀਗ੍ਰਾਮ, ਨਿਕਲ 14.8 ਮਿਲੀਗ੍ਰਾਮ, ਕੈਡਮੀਅਮ 6.3 ਮਿਲੀਗ੍ਰਾਮ ਅਤੇ ਕੋਬਾਲਟ 8.2 ਮਿਲੀਗ੍ਰਾਮ। ਇਸ ਦੀ ਸਿਫਾਰਸ਼ 50 ਕਿਲੋ ਕਣਕ ਅਤੇ 25 ਕਿਲੋ ਝੋਨੇ ਨੂੰ ਕੀਤੀ ਜਾਂਦੀ ਹੈ। ਇਹ 75 ਕਿਲੋ ਡੀਏਪੀ ਵਿੱਚ 3.8 ਗ੍ਰਾਮ ਬਣਦੀਆਂ ਹਨ; ਭਾਵ, ਦੋਨੋਂ ਤਰ੍ਹਾਂ ਦੀਆਂ ਖਾਦਾਂ ਮਿਲਾ ਕੇ ਵੀ 6 ਗ੍ਰਾਮ ਪ੍ਰਤੀ ਏਕੜ ਹੁੰਦੀਆਂ। ਅੱਗੇ ਇਹ 6 ਗਰਾਮ ਇਕ ਹਜ਼ਾਰ ਟਨ ਮਿੱਟੀ ਵਿੱਚ ਰਲਣਾ ਹੈ ਜਿਸ ਵਿੱਚ ਅਗਾਂਹ ਫਿਰ ਜੀਵਕ ਮਾਦੇ ਅਤੇ ਚੀਕਣੀ ਮਿੱਟੀ ਨੇ ਇਸ ਦੀ ਪਕੜ ਕਰਨੀ ਹੈ। ਇਸ ਲਈ ਖਾਦਾਂ ਵਿੱਚਲੀਆਂ ਭਾਰੀਆਂ ਧਾਤਾਂ ਦਾ ਜ਼ਮੀਨ ਵਿੱਚ ਇਕੱਠਾ ਹੋਣਾ ਅਤੇ ਇਸ ਦਾ ਧਰਤੀ ਹੇਠਲੇ ਪਾਣੀ ਨੂੰ ਖਰਾਬ ਕਰਨ ਜਾਂ ਬੂਟੇ ਵਿੱਚ ਜਾ ਕੇ ਖਰਾਬ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੇ ਨਾਈਟ੍ਰੇਟ ਪਾਣੀ ਵਿੱਚ ਆਉਂਦੇ ਹਨ, ਉਹ ਬੰਦਿਆਂ ਅਤੇ ਪਸ਼ੂਆਂ ਦੇ ਮਲ ਮੂਤਰ ਤੋਂ ਆਉਂਦੇ ਹਨ, ਖਾਦਾਂ ਤੋਂ ਨਹੀਂ। ਜਿੰਨੀ ਆਬਾਦੀ ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰਲੇ ਹਿੱਸਿਆਂ ਵਿੱਚ ਰਹਿੰਦੀ ਹੈ, 90 ਪ੍ਰਤੀਸ਼ਤ ਦੇ ਕੱਚੇ ਟੋਏ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਪਾਣੀ ਪੱਕਿਆਂ ਵਿਚੋਂ ਵੀ ਰਸਦਾ ਹੈ।

ਵੱਧ ਵਰਤੇ ਜਾਣ ਵਾਲੀਆਂ 6 ਕੀੜੇ ਮਾਰ ਪੈਸਟੀਸਾਈਡਸ ਟੈਸਟ ਕੀਤੀਆਂ ਜਿਨ੍ਹਾਂ ਵਿੱਚ ਸਿੱਕਾ 4.30 ਤੋਂ 15.69 ਮਿਲੀਗ੍ਰਾਮ/ਕਿਲੋ ਅਤੇ ਕੈਡਮੀਅਮ 0.04 ਤੋਂ 0.32 ਮਿਲੀਗ੍ਰਾਮ ਨਿਕਲਿਆ। ਉੱਲੀ ਅਤੇ ਬੈਕਟੀਰੀਆ ਨਾਸ਼ਕ ਫਜੀਸਾਈਡ ਵਿੱਚ ਸਿੱਕਾ 5.4 ਤੋਂ 22.3 ਮਿਲੀਗ੍ਰਾਮ ਅਤੇ ਕੈਡਮੀਅਮ 0.05 ਤੋਂ 0.5 ਮਿਲੀਗ੍ਰਾਮ ਦੱਸਿਆ ਗਿਆ ਹੈ। ਨਦੀਨ ਨਾਸ਼ਕ ਗਲਾਈਫੋਸੇਟ ਵਿੱਚ ਸਿੱਕਾ 2.7 ਮਿਲੀਗ੍ਰਾਮ ਅਤੇ ਕੈਡਮੀਅਮ 0.14 ਮਿਲੀਗ੍ਰਾਮ। ਇਹਨਾਂ ਵਿੱਚ ਜਿਹੜੇ ਜ਼ਹਿਰੀਲੇ ਅਣੂ ਹੁੰਦੇ ਹਨ ਜਿਨ੍ਹਾਂ ਨਾਲ ਕੀੜੇ, ਉੱਲੀ, ਬੈਕਟੀਰੀਆ ਅਤੇ ਨਦੀਨ ਮਰਦੇ ਹਨ, ਉਹ ਬਾਇਓਡੀਗਰੇਡੇਬਲ ਹੁੰਦੇ ਹਨ; ਭਾਵ, ਕਿਸੇ ਵੀ ਜਿਊਂਦੀ ਚੀਜ਼ ਨਾਲ ਲੱਗ ਕੇ ਭਾਵੇਂ ਉਹ ਬੂਟਾ ਹੈ ਜਾਂ ਮਿੱਟੀ, ਉਸ ਦੇ ਅਣੂਆਂ ਵਿੱਚ ਤਬਦੀਲੀ ਆਉਣ ਨਾਲ ਅਸਰ ਸਮੇਂ ਅਨੁਸਾਰ ਘਟਦਾ ਜਾਂਦਾ ਹੈ ਅਤੇ ਜੇ ਇਹ ਸਿਫਾਰਸ਼ ਕੀਤੇ ਢੰਗ ਨਾਲ ਵਰਤੇ ਜਾਣ ਤਾਂ ਇਹ ਨੁਕਸਾਨਦਾਇਕ ਨਹੀਂ। ਜਿਥੋਂ ਤੱਕ ਭਾਰੀਆਂ ਧਾਤਾਂ ਦੀ ਗੱਲ ਹੈ, ਇਹਨਾਂ ਜ਼ਹਿਰਾਂ ਦੀ ਸਿਫਾਰਸ਼ ਕੀਤੀ ਡੋਜ਼ ਬਹੁਤ ਘੱਟ ਹੈ। ਭਾਰਤ ਵਿੱਚ ਇਹਨਾਂ ਦੀ ਖਪਤ 260 ਗ੍ਰਾਮ ਪ੍ਰਤੀ ਹੈਕਟੇਅਰ ਹੈ ਅਤੇ ਪੰਜਾਬ ਵਿੱਚ 740 ਗ੍ਰਾਮ ਪ੍ਰਤੀ ਹੈਕਟੇਅਰ (300 ਗ੍ਰਾਮ ਪ੍ਰਤੀ ਏਕੜ) ਹੈ। ਨਤੀਜਾ, ਕਿਸੇ ਵੀ ਪੈਸਟੀਸਾਈਡ ਦੀ ਵਰਤੋਂ ਨਾਲ 50-60 ਮਿਲੀਗ੍ਰਾਮ ਏਕੜ ਤੋਂ ਵੱਧ ਭਾਰੀਆਂ ਧਾਤਾਂ ਨਹੀਂ ਜਾਂਦੀਆਂ। ਸਿਰਫ ਬੋਰਡੈਕਸ ਮਿਕਸਚਰ ਹੀ ਹੈ ਜਿਸ ਵਿੱਚ ਕਾਪਰ ਸਲਫੇਟ ਸਿੱਧਾ ਪੈਂਦਾ ਹੈ ਪਰ ਇਹ ਸਿਰਫ ਬਾਗਾਂ ਵਿੱਚ ਵਰਤਿਆ ਜਾਂਦਾ ਹੈ। ਇਹ ਬੂਟਿਆਂ ਅਤੇ ਬੰਦਿਆਂ ਦਾ ਖੁਰਾਕੀ ਤੱਤ ਵੀ ਹੈ। ਜ਼ਮੀਨ ਵਿੱਚ ਕਾਪਰ (ਤਾਂਬਾ) ਦਾ ਸਰੂਪ ਕੁਪਰਸ ਤੋਂ ਕੁਪਰਿਕ ਬਣ ਕੇ ਘੁਲਣਸ਼ੀਲਤਾ ਘਟ ਜਾਂਦੀ ਹੈ।

### ਪਾਣੀ

ਉਦਯੋਗ ਕੋਈ ਵੀ ਹੈ, ਉਹ ਸਾਰੇ ਹੀ ਪਾਣੀ ਖਰਾਬ ਕਰਦੇ ਹਨ। ਕੱਪੜਾ, ਕਾਗਜ਼, ਚਮੜਾ, ਲੋਹਾ, ਇਲੈਕਟ੍ਰੋਪਲੇਟਿੰਗ (ਕਰੋਮੀਅਮ ਤੇ ਨਿਕਲ ਪਾਲਿਸ਼), ਸ਼ਰਾਬ, ਖੰਡ, ਤੇਲ ਸਾਫ ਕਰਨ ਵਾਲੀਆਂ ਰਿਫਾਈਨਰੀਆਂ, ਰੰਗਾਈ ਅਤੇ ਬੈਟਰੀ ਉਦਯੋਗਾਂ ਦੇ ਕਾਰਖਾਨੇ ਆਦਿ ਦੇ ਗੰਦੇ ਪਾਣੀ ਵਿੱਚ ਧਾਤਾਂ ਜਾਂ ਤੱਤ ਹੁੰਦੇ ਹਨ ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ ਪਰ ਅਫਸੋਸ ਦੀ ਗੱਲ ਹੈ ਕਿ ਪਾਣੀ ਦੇ ਪ੍ਰਦੂਸ਼ਣ ਦੇ ਜਿੰਨੇ ਭਿਆਨਕ ਨਤੀਜੇ ਹਨ, ਉਸ ਹਿਸਾਬ ਨਾਲ ਨਾ ਸਰਕਾਰ ਅਤੇ ਨਾ ਹੀ ਨਤੀਜੇ ਭੁਗਤਣ ਵਾਲੇ ਲੋਕ ਸੁਹਿਰਦ ਹਨ। ਕਈ ਵਿਗਿਆਨੀਆਂ ਨੇ ਪਾਣੀ ਦੇ ਨਮੂਨੇ ਲੈ ਕੇ ਪਰਖ ਕੀਤੀ ਅਤੇ ਆਪੋ-ਆਪਣੇ ਅੰਕੜੇ ਪੇਸ਼ ਕੀਤੇ ਹਨ। ਇਕ ਪਰਚਾ ਅਗਸਤ 2021 ਨੂੰ ਜਰਨਲ ਆਫ ਜੀਓਹਾਈਡਰੋਲਜੀ ਵਿੱਚ ਛਪਿਆ। ਇਹ ਪੰਜਾਬ ਵਿੱਚੋਂ ਇਕੱਠੇ ਕੀਤੇ 263 ਨਮੂਨਿਆ 'ਤੇ ਆਧਾਰਿਤ ਹੈ ਜੋ ਅਗਸਤ ਤੋਂ ਅਕਤੂਬਰ 2019 ਵਿੱਚ 5 ਮੀਟਰ ਤੋਂ 350 ਮੀਟਰ ਦੀ ਡੂੰਘਾਈ ਤੋਂ ਲਏ ਸੀ। ਇਹ ਨਮੂਨੇ ਐਲੂਮੀਨੀਅਮ, ਲੋਹਾ, ਮੈਂਗਨੀਜ਼, ਜ਼ਿੰਕ, ਤਾਂਬਾ, ਕਰੋਮੀਅਮ, ਕੈਡਮੀਅਮ, ਨਿਕਲ ਅਤੇ ਸਿੱਕੇ ਲਈ ਟੈਸਟ ਕੀਤੇ। ਇਸ ਪਰਚੇ ਮੁਤਾਬਕ ਉਸੇ ਵੇਲੇ ਇਕੱਠੇ ਕੀਤੇ ਸਾਰੇ ਪਾਣੀ ਪੀਣ ਯੋਗ ਸਨ।

ਇਕ ਹੋਰ ਪਰਚਾ 2021 ਵਿੱਚ ਹੀ ਛਪਿਆ ਜਿਸ ਅਨੁਸਾਰ ਬਠਿੰਡੇ ਜ਼ਿਲ੍ਹੇ ਵਿੱਚੋਂ 19 ਨਮੂਨੇ ਲਏ। ਇਹ ਨਮੂਨੇ ਮਰਕਰੀ (ਪਾਰਾ), ਕਰੋਮੀਅਮ, ਆਰਸੇਨਿਕ, ਸੀਲੀਨੀਅਮ ਅਤੇ ਕੈਡਮੀਅਮ ਲਈ ਪਰਖੇ ਗਏ; ਕਰੋਮੀਅਮ ਅਤੇ ਪਾਰਾ ਸਾਰੇ ਨਮੂਨਿਆਂ ਵਿੱਚ ਮਿੱਥੀ ਹੱਦ ਤੋਂ ਵੱਧ ਸਨ। ਆਰਸੇਨਿਕ ਅਤੇ ਕੈਡਮੀਅਮ ਸਾਰੇ ਨਮੂਨਿਆਂ ਵਿੱਚ ਮਿੱਥੀ ਹੱਦ ਤੋਂ ਘੱਟ ਹੈ। ਸੀਲੀਨੀਅਮ ਸਿਰਫ ਦੋ ਨਮੂਨਿਆਂ ਵਿੱਚ ਮਿੱਥੇ ਤੋਂ ਵੱਧ ਹੈ। ਇਕ ਹੋਰ ਖੋਜ ਪੱਤਰ ਅਨੁਸਾਰ ਮਾਝੇ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ ਧਰਤੀ ਹੇਠਲੇ ਪਾਣੀਆਂ ਵਿੱਚ ਨਾਈਟ੍ਰੇਟ ਅਤੇ ਲੋਹਾ ਮਿੱਥੀ ਹੱਦ ਤੋਂ ਵੱਧ ਹੈ। ਤਿੰਨ ਜ਼ਿਲ੍ਹਿਆਂ ਵਿੱਚ ਆਰਸੇਨਿਕ (ਪਠਾਨਕੋਟ ਤੋਂ ਬਿਨਾਂ), ਦੋ ਜ਼ਿਲ੍ਹਿਆ ਤਰਨ ਤਾਰਨ ਅਤੇ ਅੰਮ੍ਰਿਤਸਰ ਵਿੱਚ ਯੂਰੇਨੀਅਮ ਵੱਧ ਹੈ। ਨਤੀਜਾ, ਪਾਣੀ ਵਿੱਚ ਰਸਾਇਣ ਜਗ੍ਹਾ ਅਤੇ ਡੂੰਘਾਈ ਨਾਲ ਬਦਲਦੇ ਹਨ।

### ਦਰਿਆਵਾਂ/ਨਹਿਰਾਂ ਦਾ ਪਾਣੀ

ਦਰਿਆਵਾਂ ਅਤੇ ਨਹਿਰਾਂ ਦੇ ਪਾਣੀ ਨੂੰ ਸਭ ਤੋਂ ਵੱਧ ਮਨੁੱਖ ਨੇ ਖਰਾਬ ਕੀਤਾ। ਪਹਾੜਾਂ ਦੀ ਆਬਾਦੀ ਦਾ ਮਲਮੂਤਰ, ਹੋਰ ਕੂੜਾ ਕਰਕਟ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਮੀਂਹਾਂ ਨਾਲ ਰੁੜ੍ਹ ਕੇ ਨਦੀਆਂ ਨਾਲਿਆਂ ਵਿੱਚ ਦੀ ਹੋ ਕੇ ਸਤਲੁਜ, ਬਿਆਸ ਅਤੇ ਰਾਵੀ ਦਾ ਹਿੱਸਾ ਬਣਦਾ ਹੈ। ਜਿੰਨੀਆਂ ਫੈਕਟਰੀਆਂ ਅਤੇ ਹੋਟਲ ਸਨਅਤ ਹੈ, ਸਾਰੀ ਦੀ ਸਾਰੀ ਪਾਣੀ ਦੇ ਸਰੋਤਾਂ ਉੱਪਰ ਨਿਭਰ ਹੈ। ਇਸੇ ਤਰ੍ਹਾਂ ਪੰਜਾਬ ਦੇ ਜਿੰਨੇ ਸ਼ਹਿਰ ਹਨ, ਤਕਰੀਬਨ ਸਾਰਿਆਂ ਦਾ ਗੰਦਾ ਪਾਣੀ ਡਰੇਨਾਂ ਰਾਹੀਂ ਘੁੰਮ ਫਿਰ ਕੇ ਜਾਂ ਧਰਤੀ ਵਿੱਚ ਜਾਂਦਾ ਹੈ ਜਾਂ ਦਰਿਆਵਾਂ ਵਿੱਚ। ਲੁਧਿਆਣੇ ਦਾ ਸੀਵਰ ਨਿਕਾਸ ਬੁੱਢੇ ਨਾਲੇ ਵਿੱਚੀਂ ਹੋ ਕੇ ਸਤਲੁਜ ਵਿੱਚ ਪੈਂਦਾ ਹੈ ਜਿਸ ਵਿੱਚ ਸਿੱਕਾ, ਕੈਡਮੀਅਮ, ਕੋਬਾਲਟ, ਕਰੋਮੀਅਮ, ਜ਼ਿੰਕ ਤੇ ਨਿਕਲ ਸੰਸਾਰ ਸਿਹਤ ਸੰਸਥਾ ਦੀਆਂ ਮਿੱਥੀਆਂ ਹੱਦਾਂ ਤੋਂ ਵੱਧ ਹਨ।

### ਸੀਵਰ ਸੋਧ ਪਲਾਂਟ

ਜਿਹੜੇ ਸੀਵਰੇਜ ਸੋਧ ਪਲਾਂਟ ਲੱਗੇ ਹਨ, ਉਹ ਸਿਰਫ ਪਾਣੀ ਨੂੰ ਆਕਸੀਜੀਨੇਟ (ਬੀਓਡੀ ਘਟਾਉਂਦੇ) ਕਰਦੇ ਹਨ ਅਤੇ ਸਲੱਜ ਅੱਡ ਕਰਦੇ ਹਨ। ਪਾਣੀ ਵਿੱਚੋਂ ਨਾ ਭਾਰੀਆਂ ਧਾਤਾਂ ਬਾਹਰ ਕੱਢੀਆਂ ਜਾਂਦੀਆਂ ਹਨ, ਨਾ ਹੀ ਕਲੋਰੀਨੇਟ ਕਰ ਕੇ ਬਿਮਾਰੀਆਂ ਦੇ ਕੀਟਾਣੂ ਮਾਰੇ ਜਾਂਦੇ ਹਨ। ਅੱਜ ਕੱਲ ਫੈਕਟਰੀਆਂ ਵਾਲਿਆਂ ਨੇ ਨਵਾਂ ਰਾਹ ਲੱਭਿਆ ਹੈ- ਵਾਟਰ ਹਾਰਵੇਸਟਿੰਗ ਦੇ ਨਾਮ 'ਤੇ ਬੋਰ ਕਰ ਕੇ ਗੰਦਾ ਪਾਣੀ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ।

### ਕੈਂਸਰ ਅਤੇ ਹੋਰ ਬਿਮਾਰੀਆਂ ਦੇ ਕਾਰਨ

ਬੁੱਢੇ ਨਾਲੇ ਦਾ ਪਾਣੀ ਬਹੁਤ ਪ੍ਰਦੂਸ਼ਤ ਹੈ ਜਿਸ ਵਿੱਚ ਲੁਧਿਆਣੇ ਦੀ 30 ਲੱਖ ਦੀ ਆਬਾਦੀ ਦਾ ਮਲਮੂਤਰ ਅਤੇ ਤਾਜਪੁਰ ਤੇ ਹੈਬੋਵਾਲ ਦੀਆਂ ਡੇਅਰੀਆਂ ਦਾ ਗੋਹਾ ਹੋਣ ਕਰ ਕੇ ਇਸ ਵਿੱਚ ਭਿਆਨਕ ਬਿਮਾਰੀਆਂ ਨੂੰ ਜਨਮ ਦੇਣ ਵਾਲੇ ਜ਼ਰਮ ਪਲਦੇ ਹਨ। ਇਸ ਵਿੱਚ ਫੈਕਟੀਰੀਆ ਦਾ ਗੰਦਾ ਪਾਣੀ ਵੀ ਨਿਕਾਸ ਕੀਤਾ ਜਾਂਦਾ ਹੈ ਜਿਸ ਵਿੱਚ ਸਿੱਕਾ, ਨਿਕਲ, ਕੈਡਮੀਅਮ ਤੇ ਕਰੋਮੀਅਮ ਵਰਗੀਆਂ ਭਾਰੀਆਂ ਧਾਤਾਂ ਵੀ ਸੰਸਾਰ ਸਿਹਤ ਸੰਸਥਾ ਦੀ ਮਿੱਥੀ ਮਾਤਰਾ ਤੋਂ ਵੱਧ ਹੁੰਦੀਆਂ ਹਨ। ਇਹੋ ਪਾਣੀ ਸਤਲੁਜ ਦਰਿਆ ਵਿੱਚ ਮਿਲ ਕੇ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਰਾਹੀਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਲੋਕਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ ਅਤੇ ਇਹੋ ਧਾਤਾਂ ਸਰੀਰ ਵਿੱਚ ਜਾ ਕੇ ਕੈਂਸਰ ਦਾ ਕਾਰਨ ਬਣਦੀਆਂ ਹਨ। ਸੀਵਰੇਜ ਵਿੱਚ ਜਰਮ (ਬੈਕਟੀਰੀਆ ਆਦਿ) ਟੀਬੀ, ਪੇਟ ਅਤੇ ਚਮੜੀ ਰੋਗ ਵਰਗੀਆਂ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ।

### ਨਿਚੋੜ

ਪੰਜਾਬ ਵਿੱਚ ਤਕਨੀਕੀ ਖੇਤੀ ਕਰਨ ਨਾਲ ਪੰਜਾਬ ਦੀ ਜ਼ਮੀਨ ਦੀ ਸਿਹਤ ਖਰਾਬ ਨਹੀਂ ਹੋਈ ਸਗੋਂ ਸੁਧਰੀ ਹੈ। ਇਸੇ ਕਰ ਕੇ ਫਸਲਾਂ ਦੇ ਝਾੜ ਵਧ ਰਹੇ ਹਨ। ਨਾ ਹੀ ਖੇਤੀ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਕੋਈ ਨੁਕਸਾਨ ਪਹੁੰਚਿਆ ਹੈ, ਨਾ ਇੱਥੇ ਪੈਦਾ ਹੋਣ ਵਾਲੇ ਅਨਾਜ ਵਿੱਚ ਕੋਈ ਕਮੀ ਹੈ। ਇੱਥੇ ਪੈਦਾ ਕੀਤੇ ਚੌਲ ਅਤੇ ਬਾਸਮਤੀ ਬਾਹਰਲੇ ਦੇਸ਼ ਖਰੀਦਦੇ ਹਨ, ਉਹ ਕਮਲੇ ਨਹੀਂ। ਇਹ ਕਿਸੇ ਸੋਚੀ ਸਮਝੀ ਸਾਜ਼ਿਸ਼ ਤਹਿਤ ਫੈਕਟਰੀਆਂ ਦੇ ਪ੍ਰਦੂਸ਼ਣ ਤੋਂ ਐਨਜੀਟੀ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਧਿਆਨ ਪਾਸੇ ਹਟਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਸਾਫ ਕਰ ਕੇ ਅੱਡ ਨਹਿਰ ਕੱਢ ਕੇ ਸਿੰਜਾਈ ਲਈ ਵਰਤਣ ਨੂੰ ਦੇਣ। ਮਾਲਵੇ ਨੂੰ ਮਾਲਵਾ ਨਹਿਰ ਤੋਂ ਪਹਿਲਾਂ ਪੀਣ ਵਾਲੇ ਸਾਫ ਪਾਣੀ ਦੀ ਲੋੜ ਹੈ।

# ਮਨੁੱਖੀ ਅਧਿਕਾਰ ਅਤੇ ਅਜੋਕੇ ਕਿਰਤੀਆਂ ਦੇ ਹੱਕ

ਲੇਖਕ : ਪ੍ਰੋ. ਕੰਵਲਜੀਤ ਕੌਰ ਗਿੱਲ
ਸੰਪਰਕ : 98551 - 22857

ਯੂਨਾਈਟਿਡ ਨੇਸ਼ਨਜ਼ ਦੀ ਪੈਰਿਸ ਵਿਖੇ ਹੋਈ ਜਨਰਲ ਅਸੈਂਬਲੀ ਵਿੱਚ ਇੱਕ ਵਿਸ਼ਵ ਵਿਆਪਕ ਐਲਾਨਨਾਮਾ 10 ਦਸੰਬਰ 1948 ਨੂੰ ਪਾਸ ਕੀਤਾ ਗਿਆ ਸੀ। ਇਸ ਐਲਾਨਨਾਮੇ ਦਾ ਮਕਸਦ ਮਨੁੱਖਾਂ ਦੇ ਮੁਢਲੇ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੀ। ਇਹ ਐਲਾਨਨਾਮਾ ਇਸ ਸਚਾਈ ਉੱਪਰ ਅਧਾਰਿਤ ਹੈ, "ਇਸ ਸੰਸਾਰ ਵਿੱਚ ਪੈਦਾ ਹੋਣ ਵਾਲੇ ਸਾਰੇ ਵਿਅਕਤੀ ਹਰ ਪੱਖ ਤੋਂ ਬਰਾਬਰ ਅਤੇ ਆਜ਼ਾਦ ਹੁੰਦੇ ਹਨ, ਇਸ ਲਈ ਉਹ ਬਰਾਬਰਤਾ ਅਤੇ ਮਾਨ ਸਨਮਾਨ ਦੇ ਹੱਕਦਾਰ ਹੁੰਦੇ ਹਨ।" ਸਾਫ ਸੁਥਰੀ ਅਤੇ ਸੁਰੱਖਿਅਤ ਜੀਵਨ ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਉਹਨਾਂ ਦੀਆਂ ਮੁਢਲੀਆਂ ਨਿਊਨਤਮ ਜ਼ਰੂਰਤਾਂ ਕੁੱਲੀ, ਗੁੱਲੀ ਅਤੇ ਜੁੱਲੀ ਦੀ ਪ੍ਰਾਪਤੀ ਜ਼ਰੂਰੀ ਹੈ। ਇਹਨਾਂ ਦੀ ਅਣਹੋਂਦ ਜਾਂ ਕਾਣੀ ਵੰਡ ਵਿਦਰੋਹ ਨੂੰ ਜਨਮ ਦਿੰਦੀ ਹੈ। ਕੇਵਲ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਕਾਰਨ ਜ਼ਰੂਰਤ ਤੋਂ ਵੱਧ ਹੱਕ ਮਾਣਨਾ ਅਧਿਕਾਰਾਂ ਦੇ ਨਾਂ 'ਤੇ ਦੂਜਿਆਂ ਦਾ ਸ਼ੋਸ਼ਣ ਹੁੰਦਾ ਹੈ। ਵਿਸ਼ਵ ਵਿਆਪਕ ਮਨੁੱਖੀ ਅਧਿਕਾਰਾਂ ਦੇ ਘੇਰੇ ਵਿੱਚ ਲਗਭਗ ਸਾਰੇ ਹੀ ਮਨੁੱਖੀ ਅਧਿਕਾਰ ਸ਼ਾਮਿਲ ਹਨ, ਜਿਨ੍ਹਾਂ ਨੂੰ ਮੰਨਣਾ ਸਾਰੇ ਮੈਂਬਰ ਦੇਸ਼ਾਂ ਲਈ ਸੰਵਿਧਾਨਿਕ ਅਤੇ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ ਤਾਂ ਕਿ ਵਿਸ਼ਵ ਵਿੱਚ ਅਮਨ, ਕਾਨੂੰਨ, ਸ਼ਾਂਤੀ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ।

ਇਹਨਾਂ ਅਧਿਕਾਰਾਂ ਨੂੰ ਕੁੱਲ 30 ਧਾਰਾਵਾਂ ਵਿੱਚ ਵੰਡਿਆ ਗਿਆ ਹੈ। ਪਹਿਲੀਆਂ 4 ਧਾਰਾਵਾਂ ਮਨੁੱਖੀ ਆਜ਼ਾਦੀ ਅਤੇ ਭਾਈਚਾਰਕ ਬਰਾਬਰੀ ਨਾਲ ਸੰਬੰਧਿਤ ਹਨ। ਅਗਲੀਆਂ 5 ਤੋਂ 21 ਧਾਰਾਵਾਂ ਬਿਨਾਂ ਕਿਸੇ ਕਾਰਨ ਦੇ ਨਜ਼ਰਬੰਦੀ, ਗ੍ਰਿਫਤਾਰੀ ਜਾਂ ਕੈਦ ਵਿਰੁੱਧ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਆਖਰੀ 22 ਤੋਂ 30 ਤਕ ਦੀਆਂ ਧਾਰਾਵਾਂ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਅਧਿਕਾਰਾਂ ਬਾਰੇ ਹਨ। ਕੰਮ ਦਾ ਅਧਿਕਾਰ, ਉਚਿਤ ਮਜ਼ਦੂਰੀ, ਸਮਾਜਿਕ ਸੁਰੱਖਿਆ, ਲੋੜੀਂਦਾ ਜੀਵਨ ਸਤਰ, ਭੁੱਖ ਤੋਂ ਮੁਕਤੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਪ੍ਰਾਪਤੀ ਤੋਂ ਇਲਾਵਾ ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ ਇਸ ਵਿੱਚ ਸ਼ਾਮਿਲ ਹਨ। ਭਾਰਤ ਉਨ੍ਹਾਂ ਮੁਢਲੇ ਦੇਸ਼ਾਂ ਵਿੱਚੋਂ ਹੈ, ਜਿਨ੍ਹਾਂ ਨੇ ਇਸ ਐਲਾਨਨਾਮੇ ਉੱਪਰ ਦਸਤਖ਼ਤ ਕੀਤੇ ਹਨ। 1960ਵਿਆਂ ਦੌਰਾਨ ਯੂ ਐੱਨ ਓ ਨੇ ਇਹਨਾਂ ਅਧਿਕਾਰਾਂ ਨੂੰ ਦੋ ਕੋਵੀਨੈਂਟ ਦੇ ਰੂਪ ਵਿੱਚ ਪਾਸ ਕੀਤਾ। ਪਹਿਲੇ ਵਿੱਚ ਸਿਵਲ ਅਧਿਕਾਰ ਤੇ ਦੂਜੇ ਵਿੱਚ ਸਮਾਜਿਕ ਅਤੇ ਆਰਥਿਕ ਅਧਿਕਾਰ ਰੱਖੇ ਗਏ ਹਨ। ਇਹਨਾਂ ਕੋਵੀਨੈਂਟਾਂ 'ਤੇ ਵੀ ਭਾਰਤ ਨੇ ਦਸਤਖ਼ਤ ਕੀਤੇ ਹੋਏ ਹਨ। ਭਾਰਤ ਨੇ ਮਨੁੱਖੀ ਅਧਿਕਾਰਾਂ ਦੇ ਇਸ ਐਲਾਨਨਾਮੇ ਦੀ ਤਰਜ਼ 'ਤੇ ਇਹਨਾਂ ਸਾਰੇ ਅਧਿਕਾਰਾਂ ਨੂੰ ਆਪਣੇ ਸੰਵਿਧਾਨ ਵਿੱਚ ਦਰਜ ਕਰਕੇ ਇਸ ਤਰਤੀਬ ਨੂੰ ਸਪਸ਼ਟ ਰੂਪ ਵਿੱਚ ਸਵੀਕਾਰ ਕੀਤਾ ਹੈ।

ਭਾਵੇਂ ਲਿਖਤੀ ਰੂਪ ਵਿੱਚ ਉਪਰੋਕਤ ਸਾਰੇ ਮਨੁੱਖੀ ਅਧਿਕਾਰ ਸਾਡੇ ਸੰਵਿਧਾਨ ਵਿੱਚ ਸ਼ਾਮਿਲ ਹਨ ਤੇ ਖਾਸ ਤੌਰ 'ਤੇ ਮੁਢਲੇ ਅਧਿਕਾਰਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ ਪਰ ਕੀ ਇਹਨਾਂ ਮਨੁੱਖੀ ਅਧਿਕਾਰਾਂ ਦੀ ਤਰਜਮਾਨੀ ਬਰਾਬਰੀ ਦੇ ਸਿਧਾਂਤ ਅਨੁਸਾਰ ਹੋ ਰਹੀ ਹੈ? ਕੀ ਇਹਨਾਂ ਅਧਿਕਾਰਾਂ ਦੀ ਵਰਤੋਂ ਕਰਨ ਵੇਲੇ ਜਾਤ-ਪਾਤ, ਰੰਗ, ਨਸਲ, ਲਿੰਗ, ਧਰਮ ਤੋਂ ਇਲਾਵਾ ਅਮੀਰ-ਗਰੀਬ ਦਾ ਸੰਕਲਪ ਸਾਹਮਣੇ ਨਹੀਂ ਆਉਂਦਾ? ਵਪਾਰਕ ਅਦਾਰਿਆਂ, ਉਦਯੋਗਾਂ ਤੇ ਹੋਰ ਵੱਡੇ ਕਾਰਪੋਰੇਟ ਘਰਾਣਿਆਂ ਜਾਂ ਕੰਪਨੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ, ਕਿਰਤੀਆਂ ਤੇ ਹੋਰ ਸਾਰੇ ਮੁਲਾਜ਼ਮਾਂ ਅਤੇ ਦੂਜੇ ਪਾਸੇ ਸਰਮਾਇਦਾਰ ਮਾਲਕਾਂ ਲਈ ਇਹ ਅਧਿਕਾਰ ਵੱਖੋ ਵੱਖਰੀਆਂ ਭਾਵਨਾਵਾਂ ਅਤੇ ਮਕਸਦਾਂ ਤਹਿਤ ਲਾਗੂ ਨਹੀਂ ਹੁੰਦੇ? ਮਨੁੱਖੀ ਅਧਿਕਾਰ ਦਿਵਸ ਦੀ ਗੱਲ ਕਰਦਿਆਂ ਜ਼ਰੂਰੀ ਹੋ ਜਾਂਦਾ ਹੈ ਕਿ ਇਹਨਾਂ ਕਿਰਤੀਆਂ, ਮਜ਼ਦੂਰਾਂ ਅਤੇ ਹੋਰ ਮੁਲਾਜ਼ਮਾਂ ਦੇ ਹੱਕਾਂ ਦੀ ਪ੍ਰਾਪਤੀ ਉੱਪਰ ਪੈਂਦੇ ਛਾਪੇ ਅਤੇ ਪੈਦਾ ਹੋ ਰਹੇ ਸ਼ੰਕਿਆਂ ਪ੍ਰਤੀ ਵੱਖ-ਵੱਖ ਨੁਕਤਿਆਂ ਅਧੀਨ ਵਿਚਾਰ ਵਟਾਂਦਰਾ ਕੀਤਾ ਜਾਵੇ।

ਇਹ ਇਤਿਹਾਸਿਕ ਸਚਾਈ ਹੈ ਕਿ ਆਲਮੀ ਪੱਧਰ ਤੇ ਵੱਡੇ ਉਦਯੋਗਪਤੀਆਂ ਅਤੇ ਸਮੇਂ ਦੀਆਂ ਸਰਕਾਰਾਂ ਮਿਲ ਕੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਦਾ ਸ਼ੋਸ਼ਣ ਕਰਦੀਆਂ ਆ ਰਹੀਆਂ ਹਨ। ਮਕਸਦ ਸਪਸ਼ਟ ਹੈ ਕਿ ਇੱਕ ਧਿਰ ਵੱਧ ਤੋਂ ਵੱਧ ਮੁਨਾਫੇ ਦੀ ਹੋੜ ਵਿੱਚ ਹੈ ਤੇ ਦੂਜੀ ਧਿਰ ਆਪਣੀ ਮਿਹਨਤ ਦੀ ਉਚਿਤ ਵਸੂਲੀ ਚਾਹੁੰਦੀ ਹੈ। 1919 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਮਜ਼ਦੂਰ ਜਮਾਤ ਦੇ ਹਿਤਾਂ ਦੀ ਸੁਰੱਖਿਆ, ਕਿਰਤ ਮਿਆਰਾਂ ਵਿੱਚ ਇਕਸਾਰਤਾ ਅਤੇ ਕਿਰਤੀਆਂ ਦੇ ਸ਼ੋਸ਼ਣ ਜਾਂ ਲੁੱਟ-ਖਸੁੱਟ



> *ਮੁਲਾਜ਼ਮਾਂ ਨੂੰ ਪੱਕੀ ਨੌਕਰੀ 'ਤੇ ਰੱਖਣ ਦੀ ਥਾਂ "ਸਿਖਲਾਈ ਅਧੀਨ ਕਾਮੇ" ਦੇ ਤੌਰ 'ਤੇ ਰੱਖਣ ਦਾ ਰੁਝਾਨ ਵਧ ਰਿਹਾ ਹੈ। ਇਹਨਾਂ ਮੁਲਾਜ਼ਮਾਂ ਦੀ ਗਿਣਤੀ ਅਦਾਰੇ ਵਿੱਚ ਕੰਮ ਕਰਦੇ ਕੁੱਲ ਮੁਲਾਜ਼ਮਾਂ ਦਾ 15% ਹੋ ਸਕਦੀ ਹੈ, ਜਿਨ੍ਹਾਂ ਨੂੰ ਤਿੰਨ ਸਾਲ ਇਸੇ ਪੋਜੀਸ਼ਨ ਵਿੱਚ ਰੱਖਿਆ ਜਾਂ ਲਟਕਾਇਆ ਜਾ ਸਕਦਾ ਹੈ। ਸਿਖਲਾਈ ਦੌਰਾਨ ਹੋਣ ਵਾਲੀ ਅਦਾਇਗੀ ਨੂੰ ਘੱਟੋ ਘੱਟ ਉਜਰਤਾਂ ਨਾਲੋਂ ਅਲਹਿਦਾ ਰੱਖਿਆ ਗਿਆ ਹੈ। ਸਰਕਾਰ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੀ ਨਿਗੂਣੀ ਰਕਮ ਹੀ ਦਿੱਤੀ ਜਾਵੇਗੀ। ਇਸ ਪ੍ਰਕਾਰ ਪੱਕੇ ਮੁਲਾਜ਼ਮਾਂ ਦੇ ਮੁਕਾਬਲੇ ਉਨ੍ਹਾਂ ਨੂੰ ਬਰਾਬਰ ਕੰਮ ਕਰਨ ਦੇ ਬਾਵਜੂਦ ਬਹੁਤ ਘੱਟ ਅਦਾਇਗੀ ਹੋਵੇਗੀ। ਇਸਦੇ ਨਾਲ ਹੀ ਇਹ ਮੁਲਾਜ਼ਮ ਮਨੁੱਖੀ ਅਧਿਕਾਰਾਂ ਦੇ ਉਲਟ ਗਰੀਬੀ ਦੀ ਜ਼ਿੱਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਣਗੇ।*

ਬੰਦ ਕਰਵਾਉਣ ਲਈ ਹੋਂਦ ਵਿੱਚ ਆਇਆ ਸੀ। ਅੰਤਰਰਾਸ਼ਟਰੀ ਤਰਜ਼ 'ਤੇ ਭਾਰਤ ਵਿੱਚ ਵੀ ਮਜ਼ਦੂਰਾਂ ਸੰਬੰਧੀ ਕਾਨੂੰਨ, ਉਦਯੋਗਿਕ ਸੰਬੰਧ ਅਤੇ ਉਦਯੋਗਿਕ ਝਗੜਿਆਂ ਦੇ ਨਿਪਟਾਰੇ ਲਈ ਕਾਨੂੰਨ ਬਣਾਏ ਗਏ ਸਨ। ਇਹਨਾਂ ਕਾਨੂੰਨਾਂ ਤਹਿਤ ਮਜ਼ਦੂਰਾਂ ਦੀ ਸਿਹਤ ਸੁਰੱਖਿਆ, ਕੰਮ ਦੇ ਘੰਟੇ, ਮਜ਼ਦੂਰੀ ਦੀਆਂ ਦਰਾਂ, ਰੁਜ਼ਗਾਰ ਦੀ ਸੁਰੱਖਿਆ, ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ, ਹੱਕਾਂ ਦੀ ਪ੍ਰਾਪਤੀ ਲਈ ਹੜਤਾਲ ਕਰਨਾ ਅਤੇ ਹੋਰ ਅਨੇਕਾਂ ਮਜ਼ਦੂਰ ਕਲਿਆਣ ਪ੍ਰੋਗਰਾਮ ਬਣਾਏ ਜਾਂਦੇ ਰਹੇ ਹਨ। ਇਹਨਾਂ ਪ੍ਰੋਗਰਾਮਾਂ ਅਤੇ ਕਾਨੂੰਨਾਂ ਵਿੱਚ ਸਮੇਂ ਸਮੇਂ 'ਤੇ ਜ਼ਰੂਰਤ ਅਨੁਸਾਰ ਤਬਦੀਲੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ।

1991 ਤੋਂ ਬਾਅਦ ਉਦਯੋਗਿਕ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਤਹਿਤ ਕਾਰਪੋਰੇਟ ਖੇਤਰ ਦੇ ਵੱਡੇ ਉਦਯੋਗਪਤੀਆਂ ਅਤੇ ਸਰਮਾਏਦਾਰਾਂ ਨੇ ਸਰਕਾਰਾਂ ਨਾਲ ਮਿਲ ਕੇ ਪਹਿਲਾਂ ਤੋਂ ਬਣਾਏ ਗਏ ਮਜ਼ਦੂਰਾਂ ਦੇ ਅਧਿਕਾਰਾਂ ਪ੍ਰਤੀ ਕਾਨੂੰਨਾਂ ਵਿੱਚ ਸੁਧਾਰਾਂ ਦੇ ਨਾਮ 'ਤੇ ਤਬਦੀਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਹੜੀਆਂ ਲਗਾਤਾਰ ਅੱਜ ਤਕ ਜਾਰੀ ਹਨ। ਇਹਨਾਂ ਤਬਦੀਲੀਆਂ ਵਿੱਚ ਵਰਤੀ ਜਾਂਦੀ ਸ਼ਬਦਾਵਲੀ ਦੀ ਵਰਤੋਂ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਇਸਦੇ ਦੂਰਗਾਮੀ ਪ੍ਰਭਾਵ ਕੀ ਹੋਣਗੇ, ਇਸਦਾ ਅੰਦਾਜ਼ਾ ਲਗਾਉਣਾ ਵੀ ਸੰਭਵ ਨਹੀਂ ਹੁੰਦਾ। ਮੁੱਖ ਰੂਪ ਵਿੱਚ ਇਹ ਪ੍ਰਚਾਰਿਆ ਜਾਂਦਾ ਹੈ ਕਿ ਇਹ ਸੋਧਾਂ ਕਾਰੋਬਾਰ ਅਤੇ ਉਤਪਾਦਨ ਵਧਾਉਣ ਵਾਸਤੇ ਹਨ, ਜਿੱਥੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹਿਤਾਂ ਦਾ ਪੂਰਨ ਧਿਆਨ ਰੱਖਿਆ ਜਾਵੇਗਾ। ਜਦੋਂ ਕਿ ਹਕੀਕਤ ਇਹ ਹੈ ਕਿ ਆਲਮੀ ਪੱਧਰ 'ਤੇ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਉਦਯੋਗਪਤੀਆਂ ਨੇ ਮਿਲ ਕੇ ਯੋਜਨਾਬੱਧ ਤਰੀਕੇ ਨਾਲ ਕਾਨੂੰਨਾਂ ਨੂੰ ਇਸ ਢੰਗ ਨਾਲ ਤੋੜਿਆ-ਮਰੋੜਿਆ ਹੈ ਕਿ ਅੱਜ ਇਹ ਮਜ਼ਦੂਰਾਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਉੱਪਰ ਹਮਲਾ ਹਨ। ਦੂਜੇ ਪਾਸੇ ਇਹ ਕਾਰਪੋਰੇਟ ਸਰਮਾਏਦਾਰੀ ਜਮਾਤ ਦਾ ਪੱਖ ਪੂਰਦੇ ਹਨ।

ਭਾਰਤ ਦੇ ਮਜ਼ਦੂਰ ਅਤੇ ਰੁਜ਼ਗਾਰ ਮੰਤਰਾਲੇ ਅਨੁਸਾਰ ਜੁਲਾਈ 2024 ਤਕ ਕਿਰਤ ਸੁਧਾਰਾਂ ਪ੍ਰਤੀ ਕੀਤੇ ਗਏ ਨੀਤੀਗਤ ਫੈਸਲਿਆਂ ਤਹਿਤ ਪਹਿਲਾਂ ਤੋਂ ਚੱਲ ਰਹੇ 29 ਕਿਰਤ ਕਾਨੂੰਨਾਂ ਨੂੰ ਚਾਰ ਕਿਰਤ ਕੋਡਾਂ ਵਿੱਚ ਸਮੇਟ ਦਿੱਤਾ ਗਿਆ ਹੈ। ਇਹ ਚਾਰੇ ਕੋਡ ਪਾਰਲੀਮੈਂਟ ਵਿੱਚੋਂ ਪਾਸ ਕਰਵਾ ਕੇ ਨੋਟੀਫਾਈ ਵੀ ਕਰ ਦਿੱਤੇ ਗਏ ਹਨ। ਇਹ ਕੋਡ ਹਨ: ਪਹਿਲਾ, ਉਜਰਤਾਂ ਸੰਬੰਧੀ ਕੋਡ 2019, ਦੂਜਾ, ਉਦਯੋਗਿਕ ਸੰਬੰਧਾਂ ਪ੍ਰਤੀ ਕੋਡ 2020, ਤੀਜਾ, ਸਮਾਜਿਕ ਸੁਰੱਖਿਆ ਕੋਡ 2020, ਅਤੇ ਚੌਥਾ, ਕਿੱਤਾਮੁਖੀ ਸੁਰੱਖਿਆ, ਸਿਹਤ ਅਤੇ ਕੰਮਕਾਜੀ ਹਾਲਤਾਂ ਪ੍ਰਤੀ ਕੋਡ 2020 ਹਨ। ਭਾਰਤ ਦੇ 7 ਸੂਬਿਆਂ ਅਤੇ ਕੇਂਦਰੀ ਪ੍ਰਸ਼ਾਸਿਤ ਰਾਜਾਂ ਨੂੰ ਛੱਡ ਕੇ ਬਾਕੀ ਸੂਬਾ ਸਰਕਾਰਾਂ ਨੇ ਇਹਨਾਂ ਕੋਡਾਂ ਦੇ ਅੰਤਿਮ ਖਰੜੇ ਵੀ ਤਿਆਰ ਕਰ ਲਏ ਹਨ। ਇਹ 7 ਰਾਜ ਹਨ: ਮੇਘਾਲਿਆ, ਨਾਗਾਲੈਂਡ, ਤਾਮਿਲਨਾਡੂ, ਪੱਛਮੀ ਬੰਗਾਲ, ਲਕਸ਼ਦੀਪ, ਅੰਡੇਮਾਨ ਤੇ ਨਿਕੋਬਾਰ ਅਤੇ ਦਿੱਲੀ। ਸੱਤਾਧਾਰੀ ਰਾਜਨੀਤਿਕ ਪਾਰਟੀਆਂ, ਉਦਯੋਗਪਤੀ, ਸਰਮਾਏਦਾਰ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਮਾਲਕ, ਜਿਹੜੇ ਇਹਨਾਂ ਕਿਰਤ ਕੋਡਾਂ ਦੇ ਹੱਕ ਵਿੱਚ ਹਨ, ਇਹਨਾਂ ਨੂੰ ਮਜ਼ਦੂਰਾਂ, ਮੁਲਾਜ਼ਮਾਂ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲੇ ਦੱਸ ਰਹੇ ਹਨ। ਪ੍ਰੰਤੂ ਬਰੀਕੀ ਨਾਲ ਵਿਸ਼ਲੇਸ਼ਣ ਕਰਨ 'ਤੇ ਪਤਾ ਲਗਦਾ ਹੈ ਕਿ ਹਕੀਕਤ ਕੁਝ ਹੋਰ ਹੀ ਹੈ।

ਆਲਮੀ ਪੱਧਰ 'ਤੇ ਮੁਲਾਜ਼ਮਾਂ ਦੇ ਕੰਮ ਕਰਨ ਦੇ 8 ਘੰਟੇ ਨਿਸ਼ਚਿਤ ਹਨ। ਇਸ ਨਿਸ਼ਚਿਤ ਸੀਮਾ ਤੋਂ ਵਧੇਰੇ ਸਮੇਂ ਤਕ ਕੰਮ ਕਰਵਾਉਣਾ ਗੈਰ ਕਾਨੂੰਨੀ ਹੈ। ਪ੍ਰੰਤੂ ਭਾਰਤ ਦੇ ਨਵੇਂ ਕੋਡਾਂ ਅਨੁਸਾਰ ਕਿਰਤੀਆਂ/ਮੁਲਾਜ਼ਮਾਂ ਕੋਲੋਂ ਜ਼ਰੂਰਤ ਪੈਣ ਤੇ 12 ਘੰਟੇ ਪ੍ਰਤੀ ਦਿਨ ਵੀ ਕੰਮ ਕਰਵਾਇਆ ਜਾ ਸਕਦਾ ਹੈ। ਭਾਵੇਂ ਹਫਤੇ ਦੇ ਕੁੱਲ 48 ਘੰਟੇ ਹੀ ਹੋਣਗੇ। ਇਸ ਪ੍ਰਕਾਰ ਜੇਕਰ ਵਰਕਰ ਇੱਕ ਦਿਨ ਵਿੱਚ 12 ਘੰਟੇ ਕੰਮ ਕਰਦਾ ਹੈ ਤਾਂ ਇਸ ਨਾਲ ਉਤਪਾਦਨ ਵਿੱਚ ਭਾਵੇਂ ਵਾਧਾ ਨਜ਼ਰ ਆਵੇਗਾ ਪ੍ਰੰਤੂ ਲਗਾਤਾਰ ਕੰਮ ਕਰਨ ਨਾਲ ਉਸਦੀ ਕਾਰਜ ਕੁਸ਼ਲਤਾ ਦੇ ਨਾਲ ਨਾਲ ਉਤਪਾਦਨ ਸਮਰੱਥਾ ਵੀ ਘਟੇਗੀ। ਮਜ਼ਦੂਰ ਥਕਾਵਟ ਮਹਿਸੂਸ ਕਰੇਗਾ। ਮਸ਼ੀਨਾਂ ਉੱਪਰ ਕੰਮ ਕਰਦੇ ਹੋਏ ਹਾਦਸੇ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਮੁਲਾਜ਼ਮ ਦੀ ਪਰਿਵਾਰਕ ਜ਼ਿੰਦਗੀ ਉੱਪਰ ਵੀ ਨਕਾਰਾਤਮਕ ਪ੍ਰਭਾਵ ਪਵੇਗਾ। ਓਵਰ ਟਾਈਮ ਦੌਰਾਨ ਕੀਤੇ ਕੰਮ ਦੀ ਅਦਾਇਗੀ ਕਦੋਂ ਅਤੇ ਕਿਸ ਰੂਪ ਵਿੱਚ ਹੋਵੇਗੀ, ਕੋਡ ਵਿੱਚ ਇਸ ਬਾਰੇ ਸਪਸ਼ਟ ਰੂਪ ਵਿੱਚ ਕੁਝ ਨਹੀਂ ਦੱਸਿਆ ਗਿਆ।

ਇਸ ਤੋਂ ਇਲਾਵਾ ਮੁਲਾਜ਼ਮਾਂ ਨੂੰ ਪੱਕੀ ਨੌਕਰੀ 'ਤੇ ਰੱਖਣ ਦੀ ਥਾਂ "ਸਿਖਲਾਈ ਅਧੀਨ ਕਾਮੇ" ਦੇ ਤੌਰ 'ਤੇ ਰੱਖਣ ਦਾ ਰੁਝਾਨ ਵਧ ਰਿਹਾ ਹੈ। ਇਹਨਾਂ ਮੁਲਾਜ਼ਮਾਂ ਦੀ ਗਿਣਤੀ ਅਦਾਰੇ ਵਿੱਚ ਕੰਮ ਕਰਦੇ ਕੁੱਲ ਮੁਲਾਜ਼ਮਾਂ ਦਾ 15% ਹੋ ਸਕਦੀ ਹੈ, ਜਿਨ੍ਹਾਂ ਨੂੰ ਤਿੰਨ ਸਾਲ ਇਸੇ ਪੋਜੀਸ਼ਨ ਵਿੱਚ ਰੱਖਿਆ ਜਾਂ ਲਟਕਾਇਆ ਜਾ ਸਕਦਾ ਹੈ। ਸਿਖਲਾਈ ਦੌਰਾਨ ਹੋਣ ਵਾਲੀ ਅਦਾਇਗੀ ਨੂੰ ਘੱਟੋ ਘੱਟ ਉਜਰਤਾਂ ਨਾਲੋਂ ਅਲਹਿਦਾ ਰੱਖਿਆ ਗਿਆ ਹੈ। ਸਰਕਾਰ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੀ ਨਿਗੂਣੀ ਰਕਮ ਹੀ ਦਿੱਤੀ ਜਾਵੇਗੀ। ਇਸ ਪ੍ਰਕਾਰ ਪੱਕੇ ਮੁਲਾਜ਼ਮਾਂ ਦੇ ਮੁਕਾਬਲੇ ਉਨ੍ਹਾਂ ਨੂੰ ਬਰਾਬਰ ਕੰਮ ਕਰਨ ਦੇ ਬਾਵਜੂਦ ਬਹੁਤ ਘੱਟ ਅਦਾਇਗੀ ਹੋਵੇਗੀ। ਇਸਦੇ ਨਾਲ ਹੀ ਇਹ ਮੁਲਾਜ਼ਮ ਮਨੁੱਖੀ ਅਧਿਕਾਰਾਂ ਦੇ ਉਲਟ ਗਰੀਬੀ ਦੀ ਜ਼ਿੱਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਣਗੇ।

ਉਦਯੋਗਿਕ ਅਤੇ ਬਿਜ਼ਨਸ ਅਦਾਰਿਆਂ ਵਿੱਚ ਪੱਕੇ ਤੌਰ 'ਤੇ ਕੰਮ ਕਰਦੇ ਮੁਲਾਜ਼ਮਾਂ/ਮਜ਼ਦੂਰਾਂ ਵੱਲੋਂ ਆਪਣੇ ਪ੍ਰੋਵੀਡੈਂਟ ਫੰਡ ਵਿੱਚ ਪਾਏ ਜਾਂਦੇ ਯੋਗਦਾਨ ਦੀ ਰਾਸ਼ੀ ਵਧਾ ਦਿੱਤੀ ਗਈ ਹੈ। ਇਸ ਨੂੰ ਸੇਵਾ ਮੁਕਤੀ ਤੋਂ ਬਾਅਦ ਹੋਣ ਵਾਲੀ ਵਧੇਰੇ ਅਦਾਇਗੀ ਗਰਦਾਨਿਆ ਗਿਆ ਹੈ, ਜਿਸ ਨੂੰ ਮੁਲਾਜ਼ਮ ਆਪਣੇ ਬੁਢਾਪੇ ਦੌਰਾਨ ਵਰਤ ਸਕਦਾ ਹੈ। ਪ੍ਰੰਤੂ ਇਸ ਨਾਲ ਮੌਜੂਦਾ ਹੋਣ ਵਾਲੀ ਮਹੀਨਾਵਾਰ ਅਦਾਇਗੀ ਜਾਂ ਨਿਰੋਲ ਪ੍ਰਾਪਤ ਆਮਦਨ ਨਿਸ਼ਚੇ ਹੀ ਘਟ ਜਾਵੇਗੀ। ਇਸ ਨਾਲ ਪਰਿਵਾਰ ਵਿੱਚ ਰੋਜ਼ਾਨਾ ਖਰਚ ਕੀਤੀ ਜਾਣ ਵਾਲੀ ਰਾਸ਼ੀ ਉੱਪਰ ਕੀ ਪ੍ਰਭਾਵ ਪਵੇਗਾ, ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਵੇਂ ਭਰਤੀ ਹੋਣ ਵਾਲੇ ਕਰਮਚਾਰੀਆਂ ਨੂੰ ਪੱਕੀ ਨੌਕਰੀ ਦੀ ਥਾਂ ਕੱਚੇ, ਕੰਟਰੈਕਟ, ਪਾਰਟ ਟਾਈਮ ਅਤੇ ਗਿੱਗ ਵਰਕਰ ਦੇ ਤੌਰ 'ਤੇ ਰੱਖਣ ਦੀ ਵਿਵਸਥਾ ਕਰ ਦਿੱਤੀ ਗਈ ਹੈ। ਕਈ ਥਾਵਾਂ ਤੇ ਆਊਟਸੋਰਸਿੰਗ ਦੀ ਵਿਵਸਥਾ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਇਹਨਾਂ ਕੱਚੇ ਜਾਂ ਕੰਟਰੈਕਟ 'ਤੇ ਰੱਖੇ ਵਰਕਰਾਂ ਨੂੰ ਬਾਕੀ ਵਰਕਰਾਂ ਵਾਂਗ ਦਿੱਤੀਆਂ ਜਾਂਦੀਆਂ ਸਹੂਲਤਾਂ ਜਾਂ ਲਾਭ ਪ੍ਰਤੀ ਕੋਈ ਵਚਨ ਬੱਧਤਾ ਨਹੀਂ ਹੈ। ਇਹੋ ਜਿਹੇ ਮੁਲਾਜ਼ਮਾਂ ਲਈ ਕੋਈ ਰੁਜ਼ਗਾਰ ਗਰੰਟੀ ਨਹੀਂ, ਪ੍ਰੋਵੀਡੈਂਟ ਫੰਡ ਦੀ ਸਹੂਲਤ ਨਹੀਂ, ਜੀਵਨ ਬੀਮਾ ਜਾਂ ਹੋਰ ਕੋਈ ਮੈਡੀਕਲ ਭੱਤਾ ਆਦਿ ਦੀ ਵਿਵਸਥਾ ਵੀ ਨਹੀਂ ਹੈ। ਪ੍ਰੰਤੂ ਇਹ ਜ਼ਰੂਰ ਹੈ ਕਿ ਪੱਕੀਆਂ ਨੌਕਰੀਆਂ ਦੀ ਥਾਂ ਕੱਚੇ ਅਤੇ ਕੰਟਰੈਕਟ 'ਤੇ ਨੌਕਰੀ ਦੇਣ ਦਾ ਰੁਝਾਨ ਵਧੇਰੇ ਪ੍ਰਚਲਿਤ ਹੋ ਗਿਆ ਹੈ। ਭਾਰਤ ਪਹਿਲਾਂ ਹੀ ਘੋਰ ਬੇਰੁਜ਼ਗਾਰੀ ਦੇ ਦੌਰ ਵਿੱਚ ਹੈ। ਆਪਣੀ ਨੌਕਰੀ ਖੁੱਸ ਜਾਣ ਦੇ ਡਰ ਤੋਂ ਇਹੋ ਜਿਹੇ ਮੁਲਾਜ਼ਮ ਸੰਗਠਿਤ ਨਹੀਂ ਹੋ ਸਕਦੇ। ਇਸ ਹਾਲਤ ਵਿੱਚ ਉਹ ਹੜਤਾਲ, ਮੁਜ਼ਾਹਰਾ ਆਦਿ ਵੀ ਨਹੀਂ ਕਰ ਸਕਦੇ।

ਉਦਯੋਗਿਕ ਝਗੜਿਆਂ ਦੇ ਨਿਪਟਾਰਿਆਂ ਵਾਸਤੇ ਪਹਿਲਾਂ ਟਰੇਡ ਯੂਨੀਅਨਾਂ ਦੀ ਅਹਿਮ ਭੂਮਿਕਾ ਹੁੰਦੀ ਸੀ। ਨਵੇਂ ਕੋਡ ਅਨੁਸਾਰ ਕਿਸੇ ਵੀ ਝਗੜੇ ਦੇ ਨਿਪਟਾਰੇ ਵਾਸਤੇ ਉਸ ਅਦਾਰੇ ਵਿੱਚ ਕੰਮ ਕਰਦੇ 51% ਵਰਕਰਾਂ ਦਾ ਯੂਨੀਅਨ ਦੇ ਤੌਰ 'ਤੇ ਇਕੱਠਾ ਹੋਣਾ ਲਾਜ਼ਮੀ ਹੈ। ਪਹਿਲਾਂ ਘੱਟੋ ਘੱਟ 7 ਜਾਂ ਇਸ ਤੋਂ ਵੱਧ ਵਰਕਰ ਇਕੱਠੇ ਹੋ ਕੇ ਆਪਣੀ ਯੂਨੀਅਨ ਰਜਿਸਟਰ ਕਰਵਾ ਸਕਦੇ ਸਨ। ਪ੍ਰੰਤੂ ਨਵੇਂ ਕੋਡ ਵਿੱਚ ਮੁਲਾਜ਼ਮਾਂ ਦੇ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦੇ ਇਸ ਅਧਿਕਾਰ ਉੱਪਰ ਸਿੱਧੀ ਸੱਟ ਮਾਰੀ ਗਈ ਹੈ। ਕਿਉਂਕਿ ਕਿਸੇ ਵੀ ਅਦਾਰੇ ਵਿੱਚ ਇਹ ਸੰਭਵ ਨਹੀਂ ਕਿ ਇੰਨੀ ਜ਼ਿਆਦਾ ਗਿਣਤੀ ਵਿੱਚ ਮੁਲਾਜ਼ਮ ਇੱਕੋ ਜਿਹੀ ਵਿਚਾਰਧਾਰਾ ਦੇ ਹੋਣ ਅਤੇ ਆਪਣੇ ਨਾਲ ਹੁੰਦੀ ਜ਼ਿਆਦਤੀ ਵਿਰੁੱਧ ਆਵਾਜ਼ ਉਠਾ ਸਕਦੇ ਹੋਣ। ਖਾਸ ਤੌਰ 'ਤੇ ਜਦੋਂ ਵਰਕਰ ਜਾਂ ਮੁਲਾਜ਼ਮ ਕੱਚੀ ਨੌਕਰੀ 'ਤੇ ਹਨ। ਇਸ ਸਥਿਤੀ ਵਿੱਚ ਮੁਲਾਜ਼ਮਾਂ ਦੀ ਸਾਂਝੇ ਤੌਰ 'ਤੇ ਦੋਵੇਂ ਧਿਰਾਂ ਵਿਚਾਲੇ ਸੌਦਾਬਾਜ਼ੀ ਕਰਨ ਦੀ ਸ਼ਕਤੀ ਵੀ ਘਟਦੀ ਹੈ। ਝਗੜੇ ਦੌਰਾਨ ਕਿਸੇ ਨਤੀਜੇ 'ਤੇ ਨਾ ਪਹੁੰਚਣ ਦੀ ਸੂਰਤ ਵਿੱਚ ਮਾਮਲਾ ਤੀਜੀ ਧਿਰ, ਟਰਬਿਊਨਲ ਦੇ ਕੋਲ ਜਾਵੇਗਾ, ਜਿਸਦੇ ਨੁਮਾਇੰਦੇ ਸਰਕਾਰੀ ਅਫਸਰ ਹੋਣਗੇ। ਮੌਜੂਦਾ ਸਰਕਾਰ ਦੀ ਵਿਚਾਰਧਾਰਾ ਅਨੁਸਾਰ ਫੈਸਲੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੋਣ ਦੀ ਵਧੇਰੇ ਸੰਭਾਵਨਾ ਹੈ।

ਉਪਰੋਕਤ ਵਿਆਖਿਆ ਦੀ ਲੋਅ ਵਿੱਚ ਨਵੇਂ ਕਿਰਤ ਕੋਡਾਂ ਦੀ ਡੂੰਘਾਈ ਨਾਲ ਪੁਣ-ਛਾਣ ਅਤੇ ਵਿਚਾਰ ਕਰਨ ਦੀ ਜ਼ਰੂਰਤ ਹੈ ਤਾਂ ਕਿ ਕੋਡਾਂ ਦੀ ਸ਼ਬਦੀ ਵਿਆਖਿਆ ਅਤੇ ਅਸਲੀਅਤ ਦੀ ਸਹੀ ਪਛਾਣ ਹੋ ਸਕੇ। ਇਸ ਲਈ ਜ਼ਰੂਰੀ ਹੈ ਕਿ ਮਜ਼ਦੂਰ ਜਮਾਤ, ਮੁਲਾਜ਼ਮ, ਕਿਰਤੀ ਅਤੇ ਕਿਸਾਨ ਜਥੇਬੰਦੀਆਂ ਸਾਂਝਾ ਮਹਾਜ਼ ਬਣਾ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੱਦੋਜਹਿਦ ਦਾ ਮਾਹੌਲ ਸਿਰਜਣ ਤਾਂ ਕਿ ਉਨ੍ਹਾਂ ਖ਼ਿਲਾਫ਼ ਬਣ ਰਹੇ ਕਾਨੂੰਨੀ ਵਰਤਾਰੇ ਨੂੰ ਸਮੇਂ ਸਿਰ ਠੱਲ੍ਹ ਪਾਈ ਜਾ ਸਕੇ।






# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

-ਸੁਰਿੰਦਰ ਸਿੰਘ ਖਾਲਸਾ

ਆਦਿ ਗੁਰੂ ਜਗਤ ਗੁਰੂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੰਗਾਰ ਭਰਿਆ ਫੁਰਮਾਨ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ*
*ਸਿਰ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰ ਧਰੀਜੈ*
*ਸਿਰ ਦੀਜੈ ਕਾਣਿ ਨ ਕੀਜੈ ॥ '1412'*

ਇਨ੍ਹਾਂ ਮਹਾਂਵਾਕਾਂ ਨੂੰ ਅਧਾਰ ਮੰਨ ਕੇ ਇਸ ਪ੍ਰੇਮ ਵਾਲੇ ਮਾਰਗ ਦੇ ਪਾਂਧੀ ਅਨੇਕਾਂ ਹੀ ਸਿੱਖ ਸੂਰਵੀਰ ਯੋਧੇ ਹੋਏ ਹਨ, ਜਿਨ੍ਹਾਂ ਨੇ ਧਰਮ ਤੋਂ, ਕੌਮ ਤੋਂ ਅਪਣਾ ਆਪ ਕੁਰਬਾਣ ਕੀਤਾ।

ਸਭ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਜਾਂ-ਨਸ਼ੀਨ" ਪੰਜਵੀਂ ਜੋਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤ ਚਿੱਤ ਰਹਿ ਕੇ ਅਦੁੱਤੀ ਸ਼ਹਾਦਤ ਦਿੱਤੀ।ਤੇ ਸਿੱਖ ਪੰਥ ਵਿਚ ਸ਼ਹਾਦਤਾਂ ਦੀ ਸ਼ੁਰੂਆਤ ਕੀਤੀ।

ਸਿੱਖ ਇਤਿਹਾਸ ਵਿਚਆਪ ਜੀ ਨੂੰ "ਸ਼ਹੀਦਾਂ ਦੇ ਸਿਰਤਾਜ" ਕਹਿਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਪ੍ਰੇਮ ਦੇ ਮਾਰਗ ਤੇ ਅਪਣਾ ਸੀਸ ਭੇਂਟ ਕਰਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ 'ਤੇ ਪੱਕੀ ਮੋਹਰ ਲਾ ਦਿੱਤੀ।

ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੋਤਰੇ ਅਤੇ 'ਗੁਰੂ ਨਾਨਕ ਜੀ' ਦੀ ਨੌਵੀਂ ਜੋਤ ਸਾਹਿਬ ਸ੍ਰੀ 'ਗੁਰੂ ਤੇਗ ਬਹਾਦਰ ਜੀ' ਨੇ ਆਪਣੀ ਸ਼ਹਾਦਤ ਦਿਤੀ, ਏਸੇ ਹੀ ਰੀਤ ਤੇ ਚੱਲਦੇ ਹੋਏ ਅਨੇਕਾਂ ਹੀ ਸਿੱਖ ਸੂਰਮੇਂਯੋਧਿਆਂ, ਸਿੰਘਾਂ-ਸਿੰਘਣੀਆਂ ਨੇ ਅਪਣਾ ਸ਼ਹਾਦਤ ਦੇ ਕੇ "ਸ਼ਹੀਦਾਂ' ਦੀ ਇਸ ਨਾਂ ਮੁੱਕਣ ਵਾਲੀ ਸੂਚੀ ਵਿਚ ਅਪਣਾ ਨਾਮ ਲਿਖਵਾਇਆ॥

ਪਰ ਜੋ ਕਰਨੀ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਤੇ ਭੋਲੇ ਭਾਲੇ ਲਾਲ, ਮਾਸੂਮ ਬਾਲ ਲਾਡਲੇ ਫਰਜ਼ੰਦ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਨੇ ਅਪਣੀ ਛੋਟੀ ਜਿਹੀ ਉਮਰ ਵਿਚ ਕੀਤੀ ਉਸਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚੋਂ ਕਿਤੇ ਵੀ ਨਹੀਂ ਮਿਲਦੀ। ਇਨ੍ਹਾਂ ਮਹਾਨ ਹਸਤੀਆਂ ਦਾ ਜਨਮ ਬਾਬਾ ਜ਼ੋਰਾਵਰ ਸਿੰਘ ਜੀ ਮਘੱਰ ਸੁਦੀ-3,ਸੰਮਤ 1753;ਅਤੇ ਬਾਬਾ ਫਤਹਿ ਸਿੰਘ ਜੀ ਫਗਣ ਸੁਦੀ -7, ਸੰਮਤ1755, ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਅਤੇ 'ਮਾਤਾ ਜੀਤੋ ਜੀ' ਦੀ ਕੁਖੋਂ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਹੋਇਆ।

ਸ੍ਰੀ ਅਨੰਦ ਪੁਰ ਛਡੱਣ ਤੋਂ ਬਾਅਦ ਪਹਾੜੀ ਹਿੰਦੂ ਰਾਜ਼ੇ ਅਤੇ ਮੁਗਲ ਫੌਜਾਂ ਦਾ ਅਪਣੀਆਂ ਸੌਂਹਾਂ ਭੁਲਾ ਕੇ ਗੁਰੂ ਸਾਹਿਬ ਤੇ ਹਮਲਾ ਕਰਨ ਕਰਕੇ, ਸਰਸਾ ਨਦੀ ਕੰਢੇ 'ਘਮਾਸਾਨ' ਦਾ ਯੁੱਧ ਹੋਇਆ, ਅਤੇ ਗੁਰੂ ਜੀ ਦਾ ਸਾਰਾ ਪਰਿਵਾਰ ਤਿੰਨ ਹਿਸਿਆਂ ਵਿਚ ਵੰਡਿਆ ਗਿਆ। ਗੁਰੂ ਜੀ ਤੇ ਵੱਡੇ ਸਾਹਿਬ ਜ਼ਾਦੇ ਚਮਕੌਰ ਵੱਲ ਨੂੰ, ਗੁਰੂ ਕੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਨੂੰ ਚਲੇ ਗਏ ਤੇ "ਮਾਤਾ ਗੁਜ਼ਰੀ ਜੀ" ਅਤੇ ਛੋਟੇ ਸਾਹਿਬ ਜ਼ਾਦੇ ਅਲੱਗ ਹੋ ਗਏ।ਅੱਗੇ ਇਨ੍ਹਾਂ ਨੂੰ "ਹੋਣੀ" ਗੰਗੂ ਬ੍ਰਾਹਮਣ ਦੇ ਰੂਪ ਵਿਚ ਮਿਲ ਗਈ।

"ਗੰਗੂ' ਗੁਰੂ ਘਰ ਕਈ ਸਾਲਾਂ ਤੋਂ ਰਸੋਈਆਲਾਂਗਰੀ' ਰਿਹਾ ਸੀ ਇਸ ਲਈ ਉਸ ਤੇ ਇਤਬਾਰ ਕਰਕੇ ਮਾਤਾ ਜੀ ਸਮੇਤ ਛੋਟੇ ਲਾੱਲਾਂ ਦੇ ਉਸ ਨਾਲ ਉਸਦੇ ਪਿੰਡ ਖੇੜੀ ਸਹੇੜੀ' ਚਲੇ ਗਏ।ਘਰ ਜਾ ਕੇ ਉਸ ਲਾਲਚੀ ਤੇ ਵਿਸ਼ਵਾਸ ਘਾਤੀ "ਬ੍ਰਾਹਮਣ' ਨੇ ਸਾਰੇ ਉਪਕਾਰ ਭੁਲਾ ਕੇ ਮੋਰਿੰਡੇ ਦੇ ਥਾਣੇਦਾਰ ਨੂੰ ਬੁਲਾ ਕੇ 'ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। "ਗੰਗੂ ਬ੍ਰਾਹਮਣ ਲੂਣ ਹਰਾਮੀ ਤੇ ਅਕ੍ਰਿਤਘਣ ਨਿਕਲਿਆ। ਮਾਤਾ ਗੁਜ਼ਰੀ ਜੀ ਅਤੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਨੂੰ ਸਰਹਿੰਦ ਲੈ ਜਾ ਕੇ ਠੰਡੇ ਬੁਰਜ ਵਿਚ ਕੈਦ ਕੀਤਾ ਗਿਆ।

ਦੂਸਰੇ ਦਿਨ 'ਵਜੀਰ ਖਾਨ ਵਜੀਦ ਖਾਨ' ਦੀ ਕਚਹਿਰੀ ਪੇਸ਼ ਕੀਤਾ, 'ਸਾਹਿਬਜ਼ਾਦਿਆਂ ਗੱਜ ਕੇ ਫਤਹਿ ਬੁਲਾਈ, 'ਸੁੱਚਾ ਨੰਦ", "ਕਾਜੀ" ਤੇ "ਵਜੀਦ ਖਾਨ" ਸੜ ਬਲ ਗਏ ਅਤੇ ਇਨ੍ਹਾਂ ਸ਼ੇਰਾਂ ਦੀ ਦਲੇਰੀ ਦੇਖ ਕੇ ਦੰਗ ਵੀ ਰਹਿ ਗਏ, ਕਿਉਂਕਿ ਉਨ੍ਹਾਂ ਨੇ ਸੋਚਿਆ ਸੀ, ਕਿ 'ਸਾਹਿਬਜਾਦੇ ਡਰ ਦੇ ਨਾਲ ਸਹਿਮ ਗਏ ਹੋਣੇ, ਪਰ 'ਸਾਹਿਬਜਾਦਿਆਂ' ਦੇ ਚੇਹਰਿਆਂ ਤੇ ਕੋਈ ਡਰ ਜਾਂ ਸਹਿਮ ਨਹੀ ਸੀ । ਤਿੰਨ ਦਿਨ ਤਰੀਕਾਂ ਪੈਂਦੀਆਂ ਰਹੀਆਂ, 'ਦੋਵਾਂ ਨੂੰ ਕਿਹਾ ਗਿਆ ਕਿ ਤੁਸੀਂ 'ਇਸਲਾਮ" ਕਬੂਲ ਕਰ ਲਉ ਤਾਂ ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ। ਹੋਰ ਵੀ ਬਹੁਤ ਤਰ੍ਹਾਂ ਦੇ ਲਾਲਚ ਦਿੱਤੇ ਗਏ,ਪਰ ਸਾਹਿਬਜ਼ਾਦਿਆਂ ਕਿਹਾ ਕਿ "ਦੀਨ" ਕਬੂਲਿਆਂ ਕੀ ਮੌਤ ਨਹੀਂ ਆਵੇਗੀ, ਜੇ ਫਿਰ ਵੀ ਮਰਨਾ ਹੈ ਤਾਂ ਚੰਦ ਦਿਨਾਂ ਖਾਤਰ ਅਸੀਂ ਅਪਣੇ "ਧਰਮ' ਤੋਂ ਬੇ-ਮੁੱਖ ਕਿਉਂ ਹੋਈਏ।

ਸਾਹਿਬਜ਼ਾਦਿਆਂ ਨੂੰ ਦੀਨ ਵਿਚ ਲਿਆ ਕੇ ਜ਼ਾਲਮਾਂ ਦੀ ਜਿੱਤ ਹੋਣੀ ਸੀ, ਉਨ੍ਹਾਂ ਨੂੰ ਸ਼ਹੀਦ ਕਰਨਾ ਇਖਲਾਕੀ ਹਾਰ ਸੀ।"ਅਖੀਰ ਥਕ ਹਾਰ ਕੇ" ਛਿੱਥਾ ਹੋਇਆ ਬੰਦਾ ਹੋਛੇ ਘਟੀਆ' ਹਥਿਆਰ ਵਰਤਨਣ ਲੱਗ ਪੈਂਦਾ ਹੈ। ਏਹੀ ਹਾਲ 'ਵਜੀਰ ਖਾਨ ਤੇ ਸੁੱਚਾ ਨੰਦ ਵਗੈਰਾ ਦਾ ਸੀ।ਸੋ ਅਪਣੇ ਕਮੀਨ ਪੁਨੇ ਨੂੰ 'ਧਾਰਮਿਕ' ਰੰਗਤ ਦੇ ਕੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਕੇ ਸ਼ਹੀਦ ਕਰਣ ਦਾ ਫੱਤਵਾ ਲਵਾਇਆ ਗਿਆ। ਇਨ੍ਹਾਂ ਛੋਟੇ-ਛੋਟੇ ਬੱਚਿਆਂ ਲਈ ਇਹ ਕਾਇਰਤਾ ਭਰਿਆ ਫੈਸਲਾ ਸੁਣਕੇ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ' ਨੇ ਉਠਕੇ ਕਿਹਾ ਕਿ ਸ਼ਰ੍ਹਾ ਕਿਸੇ ਬੱਚੇ ਨੂੰ ਉਸਦੇ ਪਿਤਾ ਬਦਲੇ ਸਜ਼ਾ ਦੇਣੀ ਗੁਨਾਹ ਆਖਦੀ ਹੈ।ਪਰ ਇਕ 'ਹਿੰਦੂ' ਅਹਿਲਕਾਰ ਦੀਵਾਨ ਸੁੱਚਾ ਨੰਦ ਨੇ ਨਵਾਬ ਸ਼ੇਰ ਖਾਨ ਦੀ ਇਕ ਨਾ ਚਲਣ ਦਿੱਤੀ ਤੇ ਨਾ ਹੀ ਵਜੀਰ ਖਾਨ'ਵਜੀਦ ਖਾਨ' ਮੰਨਿਆ ਤਾਂ 'ਸ਼ੇਰ ਮੁਹੰਮਦ ਖਾਨ' ਸਭਾ ਵਿਚੋਂ ਉਠ ਕੇ ਚਲਾ ਗਿਆ। ਉਸਦੇ ਵਿਰੋਧ ਨੂੰ ਸਿੱਖ "ਹਾਅ ਦਾ ਨਾਹਰਾ" ਆਖਦੇ ਤੇ ਲਿੱਖਦੇ ਹਨ। ਸਾਹਿਬਜ਼ਾਦੇ ਕੰਧਾਂ ਵਿਚ ਚਿਣੇ ਜਾਣ ਦੀ ਸਜਾ ਸੁਣ ਕੇ ਰਤਾ ਵੀ ਨਹੀਂ ਘਬਰਾਏ, ਕਾਰਨ ਸਪਸ਼ਟ ਸੀ,"1699" ਦੀ ਵਿਸਾਖੀ ਦਾ ਕੌਤਕ ਉਨ੍ਹਾਂ ਨੂੰ ਯਾਦ ਸੀ, ਜਿਸ ਰਾਹੀਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਸਿਰ ਦੀਜੈ ਕਾਣ ਨ ਕੀਜੈ" ਦਾ 'ਸਿਧਾਂਤ ਦ੍ਰਿੜ੍ਹ ਕਰਵਾਇਆ ਸੀ। ਅੰਮ੍ਰਿਤ ਛਕਾਉਣ ਸਮੇਂ ਜੋ ਉਪਦੇਸ਼ ਗੁਰੂ ਸਾਹਿਬ ਜੀ ਨੇ ਦਿੱਤਾ ਸੀ ਉਹ ਉਨ੍ਹਾਂ ਦੀ ਰਗ-ਰਗ ਵਿਚ ਉਤਸ਼ਾਹ ਭਰ ਰਿਹਾ ਸੀ। ਦੂਜਾ ਅਨੰਦ ਪੁਰ ਦੇ ਘੇਰੇ ਸਮੇਂ "ਗੁਰੂ ਪਿਤਾ' ਜੀ ਦਾ ਮੁਸੀਬਤ ਵਿਚ ਨਾ ਘਬਰਾਉਣ ਦਾ ਉਪਦੇਸ਼। ਅਤੇ 'ਮਾਤਾ ਗੁਜ਼ਰੀ ਜੀ' ਨੇ ਅਪਣੇ ਅਨੁਭਵ ਅਤੇ ਹਾਲਾਤ ਤੋਂ ਅੰਦਾਜਾ ਲਗਾ ਲਿਆ ਸੀ ਕਿ ਹੁਣ 'ਬੱਚਿਆਂ ਨੂੰ ਅਤੇ 'ਖੁਦ' ਨੂੰ ਸ਼ਹੀਦ ਹੋਣਾ ਪੈਣਾ ਹੈ ਤਾਂ ਮਾਤਾ ਜੀ ਨੇ ਅਪਣੇ ਪੋਤਰਿਆਂ ਨੂੰ ਇਸ ਕੁਰਬਾਨੀ ਵਾਸਤੇ "ਮਾਨਸਿਕ' ਤੌਰ 'ਤੇ ਬਿਲਕੁਲ ਤਿਆਰ ਕਰ ਦਿੱਤਾ ਸੀ। ਯੋਗੀ ਅਲ੍ਹਾ ਯਾਰ ਖਾਂ, ਇਸ ਬਾਰੇ ਇਉਂ ਲਿਖਦੇ ਹਨ:

*ਜਾਨੇ ਸੇ ਪਹਲੇ ਆਉ ਗਲੇ ਸੇ ਲਗਾ ਤੋ ਲੂੰ ।*
*ਕੇਸੋਂ ਕੋ ਕੰਘੀ ਕਰੂੰ ਮੂੰਹ ਧੁਲਾ ਤੋ ਲੂੰ ।*
*ਪਿਆਰੇ ਸਰੋਂ ਪੇ ਨੰਨੀ ਸੀ ਕਲਗੀ ਸਜਾ ਤੋ ਲੂੰ।*
*ਮਰਨੇ ਪਹਿਲੇ ਤੁਮ ਕੋ ਦੂਲਹਾ ਬਨਾ ਤੋ ਲੂੰ ।*
*ਰੋ ਰੋ ਕੇ ਮਾਤਾ ਗੁਜਰੀ ਨੇ ਆਰਾਸਤਾ ਕੀਆ।*
*ਤੀਰੋ ਕਮਾਂ ਸੇ ਤੇਗ ਸੇ ਪੈਰਾਸਤਾ ਕੀਆ।72।*

ਮਾਤਾ ਗੁਜ਼ਰੀ ਜੀ ਦੀ ਸਿਖਿਆ ਸਦਕਾ "ਕਲਗੀਆਂ ਵਾਲੇ" ਦੇ ਲਾਲ ਕਚਹਿਰੀ ਵਿਚ ਵਜੀਰ ਖਾਨ ਵਜੀਦ ਖਾਨ' ਤੇ ਬਾਕੀ ਅਹਿਲਕਾਰਾਂ ਨੂੰ ਬੜੀ ਦਲੇਰੀ ਨਾਲ ਲਾ-ਜਵਾਬ ਕਰਦੇ ਰਹੇ । ਦੋਨਾਂ ਸ਼ੇਰਾਂ ਦੀ ਅਪਣੇ ਧਰਮ ਪ੍ਰਤੀ, 'ਨਿਸ਼ਠਾ' ਅਤੇ ਦਲੇਰੀ ਦੇਖ ਕੇ ਉਹ ਸਾਰੇ ਅਸ਼ਚਰਜ ਹੋ ਗਏ। ਅਪਣੇ ਛਿਥੇਪਨ ਨੂੰ ਛਿਪਾਉਣ ਖਾਤਰ ਮਾਸੂਮਾਂ ਨੂੰ 'ਕੰਧਾਂ ਵਿਚ ਚਿਣਕੇ 'ਸ਼ਹੀਦ ਕਰਨ ਦਾ ਜੋ ਢੰਗ ਵਰਤਿਆ, ਉਸ ਤੋਂ ਸਰਹਿੰਦ ਹਾਕਮਾਂ ਦੇ ਦਿਮਾਗ ਦਾ ਛਿਥਾਪਨ ਸਾਫ ਜ਼ਾਹਰ ਹੁੰਦਾ ਹੈ।

ਯੋਗੀ ਅਲ੍ਹਾ ਯਾਰ ਖਾਂ:

*ਹਾਥੋਂ ਮੇਂ ਹਾਥ ਡਾਲ ਕੇ ਦੋਨੋ ਵੁਹ ਨੌਨਿਹਾਲ।*
*ਕਹਤੇ ਹੂਏ ਜ਼ੁਬਾਂ ਸੇ ਬੜ੍ਹੇ ਸਤਿ ਸ੍ਰੀ ਅਕਾਲ ।*
*ਚਿਹਰੋਂ ਪੇ ਨ ਖਮ ਕਾ ਨਾਮਥਾ ਔਰ ਨ ਥਾ ਮਲਾਲ।*
*ਜਾ ਠਹਿਰੇ ਸਰ ਪਿ ਮੌਤ ਕੇ*
*ਫਿਰ ਭੀ ਨਾ ਥਾ ਖਿਯਾਲ।*
*ਜਿਸ ਦਮ ਗਲੇ-ਗਲੇ ਥੇ ਵੁਹ ਮਾਸੂਮ ਗੜ ਗਏ।*
*ਦਿਨ ਛੁਪਨੇ ਭੀ ਨ ਪਾਇਆ*
*ਕਿ ਕਾਤਲ ਉਜੜ ਗਏ।*

"ਸ੍ਰੀ ਅਨੰਦ ਪੁਰ" ਛੱਡਣ ਤੋਂ ਬਾਅਦ ਪਹਾੜੀ ਤੇ ਮੁਗਲ ਫੌਜਾਂ ਦਾ ਅਪਣੀਆਂ "ਕਸਮਾਂ" ਭੁਲਾ ਕੇ ਕੀਤੇ ਹਮਲੇ ਕਾਰਨ,ਅਨੇਕਾਂ ਸਿੰਘ ਸਿੰਘਣੀਆਂ ਸ਼ਹੀਦ ਹੋ ਗਏ । ਗੁਰੂ ਜੀ ਦਾ ਸਾਰਾ ਹੀ ਪਰਿਵਾਰ ਵਿਛੜ ਗਿਆ ਸੀ।ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਵਿਖੇ ਸ਼ਹੀਦ ਹੋ ਗਏ। ਪਰ ਗੁਰੂ ਜੀ ਦੇ ਸਾਫ ਨਿਕਲ ਜਾਣ ਕਾਰਨ ਹਾਕਮਾਂ ਨੂੰ ਬੜੀ ਨਮੋਸ਼ੀ ਹੋਈ, ਕਿ ਕਸਮਾਂ ਵੀ ਤੋੜੀਆਂ, ਫੌਜਾਂ ਵੀ ਮਰਵਾਈਆਂ, ਗੁਰੂ ਜੀ ਫੇਰ ਵੀ ਹਿੱਕ ਦੇ ਉਤੋਂ ਦੀ ਨਿਕਲ ਗਏ । ਅਪਣੀ ਏਸੇ ਨਮੋਸ਼ੀ ਕਾਰਨ ਹੀ ਹਿੰਦੂ ਪਰੋਹਿਤ ਬ੍ਰਾਹਮਣ "ਗੰਗੂ" ਦੀ ਗਧਾਰੀ ਕਾਰਨ ਫੜੇ ਗਏ 'ਸਾਹਿਬਜ਼ਾਦਿਆਂ' ਉਤੇ ਅਪਣਾ ਗੁੱਸਾ ਕੱਢਣ ਕਾਰਨ ਹੀ ਵਹਿਸ਼ੀ ਢੰਗ ਵਰਤਿਆ ਗਿਆ।

ਪਰ ਧੰਨ "ਦਸ਼ਮੇਸ਼ ਦੁਲਾਰੇ" ਰਤਾ ਵੀ ਨਾ ਡੋਲੇ। ਜ਼ਰਾ ਕਲਪਣਾ ਕਰੋ ਜ਼ਦ ਛੌਟੀਆਂ-ਛੋਟੀਆਂ ਜਿੰਦਾਂ, ਮਾਸੂਮ ਫੁੱਲਾਂ ਵਰਗੇ ਚੇਹਰੇ, ਛੋਟੀ ਜਿਹੀ ਉਮਰ ਦੇ ਬੱਚੇ ਭਾਵੇਂ ਕਿਸੇ ਵੀ ਧਰਮ ਦੇ ਕਿਸੇ ਵੀ ਫਿਰਕੇ ਦੇ ਹੋਣ, ਉਨ੍ਹਾਂ ਨੂੰ ਸਿਰਫ ਪਿਆਰ ਕਰਨ ਨੂੰ ਹੀ ਦਿੱਲ ਕਰਦਾ ਹੈ। ਕੀ ਉਨ੍ਹਾਂ ਤੇ ਇਨਾਂ ਜ਼ੁਲਮ ਕਰਦੇ ਜ਼ਾਲਮਾਂ ਦਾ ਇਕ ਵਾਰੀ ਵੀ ਦਿੱਲ ਨਹੀਂ ਕੰਬਿਆ ਹੋਵੇਗਾ। ਲੱਖ ਲਾਹਣਤਾਂ ਹਨ ਉਸ ਜੁਬਾਨ ਨੂੰ ਜਿਸਨੇ ਇਨ੍ਹਾਂ ਨੂੰ ਸਪੋਲੀਏ ਕਹਿਣ ਦਾ ਗੁਨਾਹ ਕੀਤਾ। ਇਸ ਉਮਰੇ ਆਮ ਬੱਚੇ ਮਾਤਾ ਪਿਤਾ ਪਾਸੋਂ 'ਖਾਣ ਪੀਣ ਤੇ ਖੇਡਣ ਦੀਆਂ ਵਸਤਾਂ ਦੀ ਹੀ ਮੰਗ ਕਰਦੇ ਹਨ ਤੇ ਆਮ ਮਾਵਾਂ ਬੱਚਿਆਂ ਨੂੰ ਕੁੱਤੇ ਬਿੱਲੀ ਦਾ ਡਰ ਦੇ ਕੇ ਸ਼ਰਾਰਤਾਂ ਕਰਨ ਤੋਂ ਰੋਕਦੀਆਂ ਹਨ। "ਪਰ" ਦੇਖੋ ਸਾਹਿਬਜ਼ਾਦਿਆਂ ਦੀ ਦਲੇਰੀ ਆਮ ਲੋਕਾਂ ਦੀ ਤਾਂ ਗੱਲ ਹੀ ਛੱਡੋ, ਉਨ੍ਹਾਂ ਦੀ ਬਹਾਦਰੀ ਨੇ ਵੱਡੇ-ਵੱਡੇ ਫਿਲਾਸਫਰਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿਤਾ।

ਪੋਹ 13 ਸੰਮਤ 1761,ਬਿਕਰਮੀ '27 ਦਸੰਬਰ 1704 ਈ' ਨੂੰ ਜਦ ਹੰਸਾਂ ਦੀ ਜੋੜੀ 'ਖੂਨੀ ਕੰਧ" ਦੇ ਉਹਲੇ ਹੋ ਗਈ ਹੋਵੇਗੀ,ਕਿਹੜੀ ਅੱਖ ਹੋਏਗੀ ਜੋ ਰੋਈ ਨਾ ਹੋਵੇਗੀ, ਬਲਕਿ ਉਥੋਂ ਦੇ ਫੁੱਲ ਬੂਟੇ,ਉਥੋਂ ਦੀ ਮਿੱਟੀ ਤੇ ਹਵਾ ਵੀ ਰੋ ਪਈ ਹੋਵੇਗੀ। ਇਤਨੇ ਵੱਡੇ ਜ਼ੁਲਮ ਨੂੰ ਦੇਖਣ ਦੀ ਤਾਕਤ ਨਾ ਹੋਣ ਕਾਰਨ ਸੂਰਜ ਵੀ ਮੂੰਹ ਛਿਪਾ ਗਿਆਂ ਹੋਣਾ। ਜ਼ਾਲਮ ਵਜੀਰ ਵਜ਼ੀਦ' ਖਾਨ ਤੇ ਉਸਦੇ ਝੋਲੀ ਚੁਕ ਸੁੱਚਾ ਨੰਦ ਵਰਗਿਆਂ ਨੇ ਇਹ ਜ਼ੁਲਮ ਕਰਕੇ ਸ਼ਾਇਦ ਸੋਚਿਆ ਹੋਵੇਗਾ, ਕਿ ਇਸ ਨਾਲ ਸਿੱਖਾ ਦੇ ਅਤੇ ਉਨ੍ਹਾਂ ਦੇ 'ਹਮਦਰਦਾਂ' ਤੇ ਸਹਿਮ ਬੈਠ ਜਾਏਗਾ ।ਤੇ ਹਕੂਮਤ ਵਿਰੁਧ ਕੋਈ ਬੋਲੇਗਾ ਨਹੀਂ ।

ਕੁੱਝ ਹਦ ਤੱਕ ਇਉਂ ਹੋਇਆ ਵੀ ਪਰ ਇਹ ਸਹਿਮ, ਜ਼ੁਲਮ ਵਿਰੁੱਧ ਲੜਨ ਦੀ ਅੱਗ ਨੂੰ ਧੁਖਣ ਤੋਂ ਰੋਕ ਨਾ ਸਕਿਆ । ਇਹ ਧੁੱਖਦੀ ਅੱਗ ਜਦੋਂ ਦਖਣ ਤੋਂ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਪੰਜਾਬ ਭੇਜਿਆ ਤਾਂ ਉਸਦੇ ਆਉਣ ਸਾਰ ਹੀ ਭਾਂਬੜ ਦਾ ਰੂਪ ਅਖਤਿਆਰ ਕਰ ਗਈ । ਜ਼ਾਲਮ ਭੁੱਲ ਗਏ ਸ਼ਹੀਦ ਦਾ ਖੂਨ ਜੁੱਗ ਪਲਟਾਉਣ ਦੀ ਤਾਕਤ ਰੱਖਦਾ ਹੈ। ਉਹ ਕਮਜ਼ੋਰ ਲੋਕਾਂ ਨੂੰ ਵੀ ਜ਼ੁਲਮ ਦੇ ਵਿਰੁੱਧ ਖੜ੍ਹੇ ਕਰ ਦਿੰਦਾ ਹੈ।

ਕਲਗੀਧਰ, ਪ੍ਰੀਤਮ ਦੇ ਲਖਤੇ ਜ਼ਿਗਰ 'ਬਾਬਾ ਜ਼ੋਰਾਵਰ ਸਿੰਘ ਜੀ ਅਤੇ 'ਬਾਬਾ ਫਤਹਿ ਸਿੰਘ ਜੀ ਛੋਟੀਆਂ ਜਿੰਦਾਂ ਦੇ ਵੱਡੇ ਸਾਕੇ ਨੇ ਸਿੱਖਾਂ ਦੇ ਜੋਸ਼ ਵਿਚ ਨਵੀਂ ਰੂਹ ਫੂਕ ਦਿੱਤੀ ।ਇਸ ਜੋਸ਼ ਦੀ ਲਹਿਰ ਨੇ ਐਸਾ "ਇੰਨਕਲਾਬ" ਲਿਆਂਦਾ ਜਿਸਨੇ ਹਿੰਦੋਸਤਾਨ ਵਿਚੋਂ ਮੁਗਲਾਂ ਦੀ ਜ਼ਾਲਮ ਹਕੂਮਤ ਨੂੰ ਜੜ੍ਹੋਂ ਪੁੱਟ ਕੇ ਓਸਦੇ ਵਜ਼ੂਦ ਨੂੰ ਨੇਸਤੋ ਨਬੂਦ ਕਰ ਦਿੱਤਾ।

ਇਸ ਸਾਕੇ ਨੇ ਹੀ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾਉਣ ਦੀ ਆਮ ਲੋਕਾਂ ਵਿਚ ਜੁਰਰੱਤ ਭਰ ਦਿੱਤੀ। ਇਸੇ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਖਾਲਸੇ ਨੇ ਘੋੜਿਆਂ ਦੀਆਂ ਕਾਠੀਆਂ ਨੂੰ ਬਿਸਤਰਾ ਬਣਾ ਜੰਗਲਾਂ ਨੂੰ ਰੈਣ ਬਸੇਰਾ ਕਰਕੇ, ਚਰਖੜੀਆਂ ਤੇ ਚੜ੍ਹਕੇ, ਖੋਪਰੀਆਂ ਉਤਰਵਾ ਕੇ, ਬੰਦ-ਬੰਦ ਕਟਵਾ ਕੇ, ਆਰੇ ਨਾਲ ਚਿਰਵਾ ਕੇ, ਅੱਗਾਂ ਵਿਚ ਸੜ ਕੇ,ਬੱਚਿਆਂ ਦੇ ਟੋਟੇ ਗਲਾਂ ਵਿਚ ਪਵਾਕੇ, ਸਿਰਾਂ ਦੇ ਮੁੱਲ ਪਵਾ ਕੇ ਵੀ ਜ਼ਾਲਮ ਹਕੂਮਤ ਨੂੰ ਲੋਹੇ ਦੇ ਚਨੇ ਚਬਾਈ ਰੱਖੇ । ਅੰਤ ਉਨ੍ਹਾਂ ਦਾ 'ਬੋਰੀਆ ਬਿਸਤਰਾ' ਗੋਲ ਕਰਕੇ ਸਿੱਖਾ ਨੇ ਪੰਜਾਬ ਫਤਹਿ ਕਰਕੇ ਹੀ ਸਾਹ ਲਿਆ।

ਇਸ ਤਰ੍ਹਾਂ ਇਹ ਸ਼ਹਿਰ ਸਰਹਿੰਦ ਤੋਂ ਫਤਹਿਗੜ੍ਹ ਸਾਹਿਬ ਬਣ ਗਿਆ। ਸਾਹਿਬ ਜ਼ਾਦਿਆਂ ਦੀ ਸ਼ਹੀਦੀ ਵਾਲੇ ਅਸਥਾਨ ਤੇ ਗਰਿਦੁਆਰਾ ਫਤਹਿਗੜ੍ਹ ਸਾਹਿਬ ਸ਼ਸ਼ੋਭਿਤ ਹੈ। ਏਥੇ ਹਰ ਸਾਲ' 13 ਪੋਹ ਨੂੰ ਸ਼ਹੀਦੀ ਜੋੜ ਮੇਲਾ ਲੱਗਦਾ ਹੈ ਤੇ ਸੰਗਤਾਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀਆਂ ਹਨ। ਕਈ ਭਾਗਾਂ ਵਾਲੇ ਏਥੋਂ ਪ੍ਰੇਰਨਾ ਲੈਂਦੇ ਹਨ, ਗੁਰੂ ਵਾਲੇ ਬਣ ਕੇ ਭਾਗ ਚਮਕਾ ਜਾਂਦੇ ਹਨ।



# ਬੇਮਿਸਾਲ ਹੌਸਲੇ ਦੇ ਮਾਲਕ ਸਨ ਮਾਤਾ ਗੁਜਰੀ ਜੀ

ਲੇਖਕ : ਡਾ. ਰਛਪਾਲ ਸਿੰਘ

ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ ਅਤੇ ਸਿੱਖ ਪੰਥ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ਹੀਦੀ ਅਧਾਰਸ਼ਿਲਾ. ਉੱਪਰ ਹੀ ਰੱਖੀ ਗਈ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ।।**
**ਸਿਰੁ ਧਰਿ ਤਲੀ ਗਲੀ ਮੇਰੀ**
**ਆਉ ।। ਇਤੁ ਮਾਰਗਿ ਪੈਰੁ ਧਰੀਜੈ ।।**
**ਸਿਰੁ ਦੀਜੈ ਕਾਣਿ ਨ ਕੀਜੈ ।।**

ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਮੱਲੂ ਜੀ ਦੇ ਪੁੱਛਣ .ਤੇ ਉਪਦੇਸ਼ ਕੀਤਾ ਸੀ– "ਭਾਈ ਮੱਲੂ! ਯੁੱਧ ਕਰਦੇ ਥੋੜ੍ਹਿਆਂਬਹੁਤਿਆਂ ਦੀ ਪਰਵਾਹ ਨਹੀਂ ਕਰਨੀ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀਂ ਇਪਹਿਲਾਂ ਮਰਣ ਕਬੂਲ ਜੀਵਣੁ ਕੀ ਛਡਿ ਆਸ. ਦਾ ਉਪਦੇਸ਼ ਦਿੱਤਾ ਅਤੇ ਨਾਲ ਹੀ ਫੁਰਮਾਇਆ, ਜੋ ਸ਼ਸਤਰ ਦਾ ਵਾਰ ਸਹਿੰਦੇ ਸ਼ਹੀਦ ਹੁੰਦਾ ਹੈ, ਉਸ ਨੂੰ ਏਨਾ ਵੱਡਾ ਪਰਮ-ਅਨੰਦ ਪ੍ਰਾਪਤ ਹੁੰਦਾ ਹੈ ਜੋ ਹਜ਼ਾਰਾਂ ਸਾਲ ਤਪ ਕਰ ਕੇ ਕਿਸੇ ਜੋਗੀ ਨੂੰ ਵੀ ਨਹੀਂ ਮਿਲਦਾ।" ਇਸੇ ਸ਼ਹੀਦੀ ਪਰੰਪਰਾ ਦੇ ਸਬੰਧ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਚਨ ਕੀਤਾ ਕਿ ਕੋਲ ਆਏ ਮਹਿਮਾਨ ਲਈ 'ਦੇਗ' ਅਤੇ ਸਿਰ ਫਿਰੇ ਆਕੀ ਲਈ 'ਤੇਗ' ਹਰ ਗੁਰਸਿੱਖ ਦੇ ਘਰ ਸਦਾ ਤਿਆਰ ਮਿਲਣੀ ਚਾਹੀਦੀ ਹੈ।

ਗੁਰਬਾਣੀ ਅਤੇ ਕੁਰਬਾਨੀ ਦੇ ਇਸ ਮਹਾਨ ਪੰਥ ਵਿਚ ਪਹਿਲਾਂ ਸਤਿਗੁਰੂ ਸਾਹਿਬਾਨ ਨੇ ਆਪ ਤੇ ਫਿਰ ਸਿੱਖਾਂ ਨੇ ਇਸੇ ਲਹਿਰ .ਤੇ ਚੱਲ ਕੇ ਸ਼ਹੀਦੀ ਪਰੰਪਰਾ ਨੂੰ ਜਨਮ ਦਿੱਤਾ ਤੇ ਅੱਗੇ ਤੋਰਿਆ। ਧਰਮ ਯੁੱਧ ਵਿਚ ਜੂਝਦੇ ਹੋਏ ਸਿੰਘਾਂ ਦੀ ਗੱਲ ਹੀ ਦੁਨੀਆਂ ਤੋਂ ਵੱਖਰੀ ਕਿਸਮ ਦੀ ਸੀ। ਨਾ ਤਾਂ ਉਨ੍ਹਾਂ ਵਿਚ ਗੁੱਸੇ ਜਾਂ ਕ੍ਰੋਧ ਵਾਲੀ ਕੋਈ ਗੱਲ ਸੀ ਅਤੇ ਨਾ ਹੀ ਬਦਲਾਖੋਰੀ ਵਾਲੀ। ਮੈਦਾਨ-ਏ-ਜੰਗ ਵਿਚ ਸਿੰਘ ਕਦੇ ਵੀ ਆਪਣੇ ਆਪ ਨੂੰ ਇਕੱਲਾ ਨਹੀਂ ਸੀ ਸਮਝਦਾ, ਸਗੋਂ ਸਰਬ-ਸ਼ਕਤੀਵਾਨ ਸਤਿਗੁਰੂ ਨੂੰ ਉਹ ਸਦਾ ਹੀ ਆਪਣੇ ਅੰਗ-ਸੰਗ ਸਮਝਦੇ ਸਨ। ਆਪਣੇ ਗੁਰੂ ਅਤੇ ਸੱਚ ਵਿਚ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ। ਤਾਂ ਹੀ ਤਾਂ ਸਿੰਘ ਇਕੱਲਾ ਕਦੇ ਵੀ ਨਹੀਂ ਹੁੰਦਾ ਤੇ ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿ ਕੇ, ਸਦਾ ਸਫ਼ਲਤਾ ਪ੍ਰਾਪਤ ਕਰਦਾ ਹੈ। ਸਿੰਘਾਂ ਦੇ ਵਿਲੱਖਣ ਧਰਮ ਯੁੱਧ ਬਾਰੇ ਕਿਹਾ ਜਾਂਦਾ ਹੈ ਕਿ "ਜੇਕਰ ਯੁੱਧ ਵਿਚ ਜੂਝਦੇ ਦੁਸ਼ਮਣ ਦੀ ਪੱਗ ਉਤਰ ਜਾਂਦੀ ਸੀ ਤਾਂ ਸਿੰਘ ਕਿਰਪਾਨ ਮਿਆਨ ਵਿਚ ਪਾ ਲੈਂਦੇ ਸਨ ਤੇ ਕਹਿੰਦੇ ਸਨ– "ਐ ਭਲੇ ਪੁਰਸ਼! ਆਪਣੀ ਪੱਗ ਸੰਭਾਲ, ਮੈਂ ਤੇਰੀ ਇੱਜ਼ਤ ਲਾਹੁਣ ਨਹੀਂ ਆਇਆ।" ਯੁੱਧ ਵਿਚ ਸਿੰਘ ਕਦੇ ਕਿਸੇ ਔਰਤ ਦੇ ਗਹਿਣੇ ਨੂੰ ਵੀ ਹੱਥ ਨਹੀਂ ਸਨ ਲਾਉਂਦੇ ਅਤੇ ਨਾ ਹੀ ਕਿਸੇ ਔਰਤ ਨੂੰ ਬੁਰੀ ਨਿਗ੍ਹਾ ਨਾਲ ਹੀ ਵੇਖਦੇ ਸਨ। ਔਰਤ, ਬੱਚੇ ਜਾਂ ਬਿਰਧ ਉੱਤੇ ਕਦੇ ਵੀ ਸਿੰਘ ਵਾਰ ਨਹੀਂ ਸਨ ਕਰਦੇ ਅਤੇ ਨਾ ਹੀ ਰਣ ਵਿਚ ਭੱਜੇ ਜਾਂਦੇ ਉੱਤੇ ਹੀ ਵਾਰ ਕਰਦੇ ਸਨ। ਇਹ ਸੀ ਸਿੱਖਾਂ ਦਾ ਵਿਲੱਖਣ ਧਰਮ-ਯੁੱਧ, ਜਿਸ ਦੇ ਪ੍ਰਤਾਪ ਕਰਕੇ ਹੀ ਸਿੰਘਾਂ ਨਾਲ ਕੋਈ ਵੀ ਦੁਸ਼ਮਣ ਨਾ ਅੜ ਸਕਿਆ, ਦਸ-ਦਸ ਲੱਖ ਦੀਆਂ ਫੌਜਾਂ ਦੇ ਲਸ਼ਕਰ ਬੁਰੀ ਤਰ੍ਹਾਂ ਮਾਰ ਖਾ-ਖਾ ਕੇ ਭੱਜੇ ਅਤੇ ਖਾਲਸੇ ਦੀ ਹਰ ਮੈਦਾਨ ਫਤਹਿ ਹੋਈ। ਆਕੀਆਂ, ਦੁਸ਼ਟਾਂ ਅਤੇ ਹੰਕਾਰੀਆਂ ਦਾ ਨਾਸ਼ ਹੋਇਆ ਅਤੇ ਅਕਾਲ ਪੁਰਖ ਦੀ ਫੌਜ. ਦੇ ਬੋਲ-ਬਾਲੇ ਹੋਏ। ਮਾਤਾ ਗੁਜਰੀ ਜੀ ਦੀ ਮਹਾਨਤਾ ਕਿਸੇ ਤੋਂ ਲੁਕੀ-ਛਿਪੀ ਨਹੀਂ ਹੈ, ਆਪ ਤਾਂ ਮਾਤਾ ਜੀ ਮਹਾਨ ਸ਼ਹੀਦ ਹਨ ਹੀ, ਪਰ ਜਿਨ੍ਹਾਂ ਦਾ ਸਮੁੱਚਾ ਖਾਨਦਾਨ ਹੀ ਮਹਾਨ ਸ਼ਹੀਦ ਹੋਵੇ, ਐਸੀ ਸ਼ਹੀਦ ਮਾਤਾ ਨੂੰ ਸ਼ਿਰੋਮਣੀ ਸ਼ਹੀਦ ਮਾਤਾ ਕਿਹਾ ਜਾਂਦਾ ਹੈ।

ਸ਼ਹੀਦ ਪਤੀ (ਸ੍ਰੀ ਗੁਰੂ ਤੇਗ ਬਹਾਦਰ ਜੀ), ਸ਼ਹੀਦ ਪੁੱਤਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਸ਼ਹੀਦ ਭਰਾ (ਮਾਮਾ ਕ੍ਰਿਪਾਲ ਚੰਦ ਜੀ), ਨਣਾਨ (ਬੀਬੀ ਵੀਰੋ ਜੀ) ਦੇ ਪੰਜ ਪੁੱਤਰ ਸ਼ਹੀਦ (ਨਦੋਤਰੇ) ਬਾਬਾ ਸੰਗੋ ਸ਼ਾਹ ਜੀ, ਬਾਬਾ ਗੁਲਾਬ ਚੰਦ ਜੀ, ਬਾਬਾ ਜਤੀ ਮੱਲ ਜੀ, ਬਾਬਾ ਗੰਗਾ ਰਾਮ ਜੀ, ਬਾਬਾ ਸਹਾਰੀ ਚੰਦ ਜੀ। ਇਸ ਸ਼ਹੀਦੀ ਖਾਨਦਾਨ (ਵੰਸ਼) ਦੀ ਪ੍ਰਧਾਨ, ਸ਼ਹੀਦ ਮਾਤਾ ਗੁਜਰੀ ਜੀ ਦਾ ਜਨਮ 1627 ਈ. ਨੂੰ ਭਾਈ ਲਾਲ ਚੰਦ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਜਲੰਧਰ ਨੇੜੇ ਕਰਤਾਰਪੁਰ ਵਿਖੇ ਹੋਇਆ। ਆਪ ਜੀ ਦਾ ਵਿਆਹ ਨੌਂਵੇਂ ਸਤਿਗੁਰੂ, ਹਿੰਦ ਦੀ ਚਾਦਰ, ਧਰਮ ਹੇਤ ਮਹਾਨ ਸਾਕਾ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ। ਜਦੋਂ ਡੋਲੀ ਤੁਰਨ ਲੱਗੀ ਤਾਂ ਮਾਤਾ ਬਿਸ਼ਨ ਕੌਰ ਜੀ ਨੇ ਸਿਰ .ਤੇ ਪਿਆਰ ਦੇ ਕੇ ਸਮਝਾਇਆ, "ਗੁਜਰੀ! ਪਤੀ ਨੂੰ ਪਰਮੇਸ਼ਰ ਜਾਣ ਕੇ ਸੇਵਾ ਕਰੀਂ, ਇਸ ਦੇ ਬਰਾਬਰ ਹੋਰ ਕੋਈ ਸੇਵਾ ਨਹੀਂ।" ਪਤਿ ਸਮ ਈਸ ਪਛਾਨ ਕੈ, ਹੇ ਪੁੱਤਰੀ ਕਰ ਸੇਵ। ਪਤਿ ਪਰਮੇਸ਼ਰ ਜਾਨੀਐ, ਔਰ ਤੁਛ ਲਖ ਏਵ। (ਗੁਰ ਬਿਲਾਸ) ਮਾਤਾ ਬਿਸ਼ਨ ਕੌਰ ਤੇ ਪਿਤਾ ਲਾਲ ਚੰਦ ਜੀ ਨੇ ਅਰਦਾਸ ਕੀਤੀ, "ਹੇ ਸਤਿਗੁਰੂ ਜੀਓ! ਗਰੀਬ ਦੀ ਲਾਜ ਰੱਖਿਓ। ਗੁਰੂ ਦੇ ਘਰੋਂ ਸਦਾ ਨਿੱਘ ਹੀ ਆਵੇ, ਸੇਕ ਨਾ ਆਵੇ।" ਮਾਤਾ ਗੁਜਰੀ ਜੀ ਦੀ ਸੁੰਦਰਤਾ ਬੇਮਿਸਾਲ ਸੀ। ਲੰਮਾ ਕੱਦ, ਸੁੰਦਰ ਨੈਣ, ਹੱਸਮੁਖ ਚਿਹਰਾ, ਬੋਲ ਮਿੱਠੇ-ਮਿੱਠੇ, ਆਵਾਜ਼ ਸਹਿਜ ਅਵਸਥਾ ਵਾਲੀ, ਮਨ ਦੀ ਨਿਰਮਾਣਤਾ, ਸ਼ਰਮ ਲੱਜਾ ਅਤੇ ਨਿਮਰਤਾ ਦੀ ਸੁੰਦਰ ਮੂਰਤ ਸਨ, ਮਾਤਾ ਗੁਜਰੀ ਜੀ। ਹਰ ਵੇਲੇ ਮਾਤਾ ਗੁਜਰੀ ਜੀ, ਸੱਸ-ਸਹੁਰੇ ਅਤੇ ਘਰ ਆਈ ਸਾਧ-ਸੰਗਤ ਦੀ ਸੇਵਾ ਵਿਚ ਐਸਾ ਲੀਨ ਰਹਿੰਦੇ ਸਨ ਕਿ ਆਪ ਨੇ ਕਦੇ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਹੀ ਨਹੀਂ ਸੀ ਦਿੱਤਾ। ਆਪ ਦਾ ਵਿਆਹ ਹੋਏ ਨੂੰ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ, ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ, ਕਰਤਾਰਪੁਰ ਦੀ ਜੰਗ ਬੇਸ਼ੁਮਾਰ ਮੁਗ਼ਲ ਸੈਨਾ ਨਾਲ ਲੜਨੀ ਪਈ। ਇਸ ਭਿਆਨਕ ਜੰਗ ਨੂੰ ਨਵੀਂ ਵਿਆਹੀ ਆਈ, ਮਾਤਾ ਗੁਜਰੀ ਜੀ ਨੇ, ਮਕਾਨਾਂ ਦੀਆਂ ਛੱਤਾਂ ਉੱਪਰ ਚੜ੍ਹ ਕੇ ਅੱਖੀਂ ਵੇਖਿਆ।

ਪਤੀ ਨੂੰ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਖ਼ੂਬ ਹੱਲਾਸ਼ੇਰੀ ਦਿੱਤੀ। ਐਸੀ ਧਰਮੀ, ਬਹਾਦਰ ਅਤੇ ਨਿਰਭੈ ਸ਼ਖ਼ਸੀਅਤ ਦੇ ਮਾਲਕ ਸਨ, ਮਾਤਾ ਜੀ। ਸ੍ਰੀ ਗੁਰੂ ਤੇਗ ਬਹਾਦਰ ਜੀ, ਪਿਤਾ/ਗੁਰੂ ਦੇ ਹੁਕਮ ਅਨੁਸਾਰ, ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨਾਲ ਬਾਬਾ ਬਕਾਲਾ ਵਿਖੇ ਆ ਗਏ। ਬਾਬਾ ਬਕਾਲਾ ਵਿਖੇ ਜੋ ਤਿਆਗ, ਸੰਜਮ, ਸੇਵਾ, ਭਗਤੀ ਅਤੇ ਸਿਮਰਨ, ਗੁਰੂ ਜੀ ਦੇ ਨਾਲ, ਮਾਤਾ ਗੁਜਰੀ ਜੀ ਨੇ (ਲਗਭਗ 21 ਸਾਲ) ਕੀਤਾ, ਇਸ ਦੀ ਉਦਾਹਰਣ ਮਿਲਣੀ ਕਠਿਨ ਲੱਗਦੀ ਹੈ। ਮਾਤਾ ਗੁਜਰੀ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਦੀ ਬੇਅੰਤ ਬੰਦਗੀ ਕੀਤੀ ਜਿਸ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਬਚਿਤਰ ਨਾਟਕ. ਰਚਨਾ ਵਿਚ ਵੀ ਕੀਤਾ ਹੈ: ਤਾਤ ਮਾਤ ਮੁਰ ਅਲਖ ਅਰਾਧਾ।ਬਹੁ ਬਿਧਿ ਜੋਗ ਸਾਧਨਾ ਸਾਧਾ।।ਤਿਨ ਜੋ ਕਰੀ ਅਲਖ ਕੀ ਸੇਵਾ।। ਤਾਤੇ ਭਏ ਪ੍ਰਸੰਨ ਗੁਰਦੇਵਾ।। ਇਥੇ ਹੀ ਬਸ ਨਹੀਂ, ਕਸ਼ਮੀਰੀ ਪੰਡਤਾਂ ਦੀ ਅਰਜ਼ੋਈ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ੍ਰੀ ਅਨੰਦਪਰ ਸਾਹਿਬ ਛੱਡ ਕੇ, ਦਿੱਲੀ ਜਾ ਕੇ ਸ਼ਹੀਦ ਹੋਣਾ ਤੇ ਮਾਤਾ ਗੁਜਰੀ ਜੀ ਦਾ ਭਾਣੇ ਵਿਚ ਅਡੋਲ ਰਹਿਣਾ, ਹਰ ਦੁੱਖ-ਸੁੱਖ ਨੂੰ ਸਮ (ਬਰਾਬਰ) ਕਰਕੇ ਜਾਣਨਾ, ਇਕ ਔਰਤ ਵਾਸਤੇ ਕੋਈ ਛੋਟੀ ਜਿਹੀ ਗੱਲ ਨਹੀਂ ਹੈ। ਜਦੋਂ ਮਹਾਨ ਸ਼ਹੀਦ ਪਿਤਾ ਦਾ ਸੀਸ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਉਠਾ ਕੇ ਭਾਈ ਜੈਤਾ ਜੀ ਕੀਰਤਪੁਰ ਸਾਹਿਬ ਲੈ ਕੇ ਆਏ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕੱਟਿਆ ਹੋਇਆ ਸੀਸ ਵੇਖ ਕੇ ਮਾਤਾ ਗੁਜਰੀ ਜੀ ਨੇ ਗੁਰੂ-ਪਤੀ. ਨੂੰ ਮੱਥਾ ਟੇਕਿਆ। ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਬਚਨ ਕਹੇ, ਤੁਹਾਡੀ ਨਿਭ ਆਈ, ਇਹ ਕਿਰਪਾ ਕਰੋ ਕਿ ਮੇਰੀ ਵੀ ਨਿਭ ਜਾਏ!. ਅੱਖਾਂ ਵਿਚ ਅੱਥਰੂ ਨਹੀਂ, ਨਾ ਹੀ ਗ਼ਮ ਸੀ, ਸਗੋਂ ਮੱਥੇ ਤੇ ਚਿਹਰੇ ਤੋਂ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਪੜ੍ਹਿਆ ਜਾ ਸਕਦਾ ਸੀ। ਸ੍ਰੀ ਅਨੰਦਪੁਰ ਸਾਹਿਬ ਵਿਖੇ ਇਖੰਡੇ ਕੀ ਪਾਹੁਲ. ਅਤੇ ਇਖਾਲਸਾ ਸਿਰਜਣਾ ਵੇਲੇ. ਗੁਰੂ ਜੀ ਵਲੋਂ ਸੀਸ ਮੰਗਣ .ਤੇ ਬਹੁਤ ਸਾਰੇ ਸ਼ਰਧਾਲੂ ਅਤੇ ਮਸੰਦ ਦੌੜ ਕੇ ਮਾਤਾ ਗੁਜਰੀ ਜੀ ਪਾਸ ਫਰਿਆਦੀ ਹੋਏ ਸਨ ਪਰ ਮਾਤਾ ਜੀ ਅੰਤਰਯਾਮੀ ਦੂਰਦ੍ਰਿਸ਼ਟੀ ਦੇ ਮਾਲਕ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਅਨੋਖੀ ਖੇਡ ਵਿਚ ਦਖਲ ਨਾ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਜੰਗ (1700 ਈ.) ਜਿੱਤ ਕੇ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਏ ਤਾਂ ਮਾਤਾ ਗੁਜਰੀ ਜੀ ਨੇ ਗਲਵਕੜੀ ਵਿਚ ਲੈ ਕੇ, ਨਿੱਘਾ ਪਿਆਰ ਦਿੱਤਾ ਤੇ ਸ਼ਾਬਾਸ਼ ਦਿੱਤੀ। ਗੰਗੂ ਰਸੋਈਏ ਨੇ ਜਦੋਂ ਲੂਣ ਹਰਾਮੀ ਕਰ ਕੇ ਮਾਤਾ ਜੀ ਦੀ ਧਨ ਹੀਰਿਆਂ ਆਦਿ ਵਾਲੀ ਗਠੜੀ ਲੁਕਾ ਲਈ ਤਾਂ ਮਾਤਾ ਜੀ ਨੇ ਬੜੇ ਪਿਆਰ ਤੇ ਠਰ੍ਹੰਮੇ ਨਾਲ ਗੰਗੂ ਨੂੰ ਆਖਿਆ ਸੀ, "ਗੰਗੂ! ਤੂੰ ਇੰਜ ਕਿਉਂ ਕੀਤਾ, ਜੇ ਤੂੰ ਮੇਰੇ ਕੋਲੋਂ ਉਂਝ ਮੰਗ ਲੈਂਦਾ ਤਾਂ ਕਿਹੜੀ ਮੈਂ ਨਾਂਹ ਕਰ ਦੇਣੀ ਸੀ?" ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਲੈਣ ਲਈ ਆਏ ਸਿਪਾਹੀ ਵੇਖ ਕੇ ਮਾਤਾ ਗੁਜਰੀ ਜੀ ਨੇ ਛੋਟੇ ਪੋਤਰਿਆਂ ਦੇ ਸੁੰਦਰ ਮੁਖੜੇ ਧੋਤੇ, ਸਿਰ .ਤੇ ਦਸਤਾਰਾਂ ਸਜਾਈਆਂ ਤੇ ਕਿਹਾ– "ਬੇਟਾ! ਤੁਸੀਂ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹੋ। ਕਿਸੇ ਅੱਗੇ ਜਾ ਕੇ ਸਿਰ ਨਹੀਂ ਝੁਕਾਉਣਾ, ਗੱਜ ਕੇ ਫਤਹਿ ਬੁਲਾਉਣੀ, ਆਪਣਾ ਧਰਮ ਨਹੀਂ ਛੱਡਣਾ, ਕਿਸੇ ਪ੍ਰਕਾਰ ਦੇ ਵੀ ਲਾਲਚ ਵਿਚ ਨਹੀਂ ਆਉਣਾ, ਕਿਤੇ ਪਿਉ-ਦਾਦੇ ਦੀ ਪੱਗ ਨੂੰ ਲਾਜ ਨਾ ਲੱਗੇ!" ਸਾਹਿਬਜ਼ਾਦਿਆਂ ਨੇ ਜਾਨਾਂ ਕੁਰਬਾਨ ਤਾਂ ਕਰ ਦਿੱਤੀਆਂ, ਨੀਹਾਂ ਵਿਚ ਤਾਂ ਚਿਣੇ ਗਏ ਪਰ ਇਸਲਾਮ ਕਬੂਲ ਨਾ ਕੀਤਾ। ਇਹ ਸੀ ਦਾਦੀ ਮਾਂ ਗੁਜਰੀ ਜੀ ਦੀ ਸਿੱਖਿਆ ਉਪਦੇਸ਼ ਦਾ ਚਮਤਕਾਰ। ਬੱਚਿਆਂ ਦੀ ਸ਼ਹੀਦੀ ਸੁਣ ਕੇ ਮਾਤਾ ਜੀ ਨੇ ਨਿਰੰਕਾਰ ਦਾ ਸ਼ੁਕਰਾਨਾ ਕੀਤਾ, ਆਪਣੀ ਸਮਾਧੀ ਰੂਪ ਵਿਚ ਬਿਰਾਜਮਾਨ ਹੋ ਗਏ ਅਤੇ ਆਪਣੇ ਪ੍ਰਾਣ ਤਿਆਗ ਦਿੱਤੇ। ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ, ਤਿੰਨਾਂ ਦਾ ਇਕੱਠਿਆਂ ਹੀ ਸਸਕਾਰ, ਗੁਰਦੁਆਰਾ ਸਾਹਿਬ ਜੋਤੀ ਸਰੂਪ ਵਾਲੀ ਥਾਂ, ਫਤਹਿਗੜ੍ਹ ਸਾਹਿਬ (ਸਰਹਿੰਦ) ਵਿਖੇ 28 ਦਸੰਬਰ, 1704 ਈ. ਨੂੰ ਕੀਤਾ ਗਿਆ। ਨਿਰਸੰਦੇਹ ਮਾਤਾ ਗੁਜਰੀ ਜੀ ਵਰਗੀ ਅਮਰ ਸ਼ਹੀਦ ਅਤੇ ਲਾਸਾਨੀ ਕੁਰਬਾਨੀ ਵਾਲੀ ਮਹਾਨ ਸ਼ਖ਼ਸੀਅਤ ਦੁਨੀਆਂ ਭਰ ਦੇ ਇਤਿਹਾਸ ਵਿਚ ਕਿਤੇ ਵੀ ਨਜ਼ਰ ਨਹੀਂ ਆਉਂਦੀ ਜੋ ਆਪਣਾ ਆਪ, ਆਪਣਾ ਸਾਰਾ ਖਾਨਦਾਨ ਅਰਥਾਤ ਪਤੀ, ਪੁੱਤਰ, ਪੋਤਰੇ, ਭਰਾ ਅਤੇ ਨਦੋਤਰੇ ਦੇਸ਼-ਧਰਮ ਹਿੱਤ ਕੁਰਬਾਨ ਕਰਵਾ ਕੇ ਪ੍ਰਭੂ-ਭਾਣੇ ਵਿਚ ਅਡੋਲ ਰਹੀ ਹੋਵੇ।

JARNAIL SINGH



ART CLASSES
▸ 604-825-4659
▸ 604-724-6922
▸ 604-595-5885
#106- 12882-85 Ave. Surrey

# ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ ਮਲੇਰਕੋਟਲੇ ਦੇ ਨਵਾਬ ਵਲੋਂ 'ਹਾਅ ਦਾ ਨਾਅਰਾ'

ਇਤਿਹਾਸ ਗਵਾਹ ਹੈ ਕਿ ਸਿੱਖ ਸਮਾਜ ਨੇ ਜਿੱਥੇ ਉਨ੍ਹਾਂ 'ਤੇ ਜ਼ਬਰ ਜ਼ੁਲਮ ਅਤੇ ਧਾਰਮਿਕ ਹੱਠਧਰਮੀ ਕਰਨ ਵਾਲਿਆਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ, ਉੱਥੇ ਸੰਕਟ ਦੀ ਘੜੀ ਵਿਚ ਉਨ੍ਹਾਂ ਦਾ ਪੱਖ ਪੂਰਨ ਅਤੇ ਹਮਦਰਦੀ ਦਾ ਪ੍ਰਗਟਾਵਾ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਅਤੇ ਪੁਸ਼ਤਾਂ ਤੱਕ ਉਨ੍ਹਾਂ ਦਾ ਅਹਿਸਾਨਮੰਦ ਵੀ ਰਿਹਾ। ਸਿੱਖ ਕੌਮ 'ਤੇ ਇਹੋ ਜਿਹਾ ਇੱਕ ਅਹਿਸਾਨ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਕੀਤਾ ਸੀ, ਜਿਸ ਦਾ ਭਰਵਾਂ ਮੁੱਲ ਚੁਕਾ ਦੇਣ ਉਪਰੰਤ ਵੀ ਸਿੱਖ ਭਾਈਚਾਰਾ ਇਸ ਅਹਿਸਾਨ ਦੇ ਮਿੱਠੇ ਭਾਰ ਹੇਠ ਦੱਬੇ ਰਹਿਣ ਵਿਚ ਅੰਤਾਂ ਦਾ ਫ਼ਖ਼ਰ ਮਹਿਸੂਸ ਕਰਦਾ ਹੈ। ਸਰਹਿੰਦ ਦੀ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਿਹ ਸਿੰਘ (7 ਸਾਲ) ਨੂੰ ਪੇਸ਼ ਕੀਤਾ ਗਿਆ। ਉਸ ਸਮੇਂ ਕਚਹਿਰੀ ਵਿਚ ਹੋਰਨਾਂ ਤੋਂ ਇਲਾਵਾ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਸੂਬੇਦਾਰ ਨੇ ਕਾਜ਼ੀ ਨੂੰ ਸਾਹਿਬਜ਼ਾਦਿਆਂ ਦਾ 'ਕਸੂਰ' ਸਮਝਾਉਂਦਿਆਂ ਉਨ੍ਹਾਂ ਵਿਰੁੱਧ ਤੁਰੰਤ ਸਜ਼ਾ ਸੁਣਾਉਣ ਦਾ ਫ਼ੈਸਲਾ ਦੇਣ ਲਈ ਕਿਹਾ ਪਰ ਕਾਜ਼ੀ ਨੇ ਵਿਚਾਰ ਪ੍ਰਗਟ ਕੀਤਾ ਕਿ ਇਸਲਾਮ, ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਕਚਹਿਰੀ ਵਿਚ ਬੈਠੇ ਦੀਵਾਨ ਸੁੱਚਾ ਨੰਦ ਦੇ ਇਸ਼ਾਰੇ 'ਤੇ ਸੂਬੇਦਾਰ ਵਜ਼ੀਰ ਖਾਂ ਨੇ ਨਵਾਬ ਮਲੇਰਕੋਟਲਾ ਨੂੰ ਚੇਤੇ ਕਰਵਾਇਆ ਕਿ ਉਸ ਦਾ ਭਰਾ, ਗੁਰੂ ਗੋਬਿੰਦ ਸਿੰਘ ਦੇ ਹੱਥੋਂ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਉਨ੍ਹਾਂ ਨੂੰ ਸ਼ਹੀਦ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ।

ਨਵਾਬ ਮਲੇਰਕੋਟਲਾ ਨੇ ਇਸ ਪੇਸ਼ਕਸ਼ ਨੂੰ ਠੁਕਰਾਉਂਦਿਆਂ ਸਪੱਸ਼ਟ ਕੀਤਾ ਕਿ ਬਾਪ ਵੱਲੋਂ ਕੀਤੇ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਨਹੀਂ ਲਿਆ ਜਾ ਸਕਦਾ। ਨਵਾਬ ਮਲੇਰਕੋਟਲਾ ਦਾ ਠੋਕਵਾਂ ਜਵਾਬ ਸੁਣ ਕੇ ਸੂਬੇਦਾਰ ਤੇ ਸੁੱਚਾ ਨੰਦ ਫਿੱਕੇ ਪੈ ਗਏ। ਹਕੀਮ ਅੱਲ੍ਹਾ ਯਾਰ ਖਾਂ ਯੋਗੀ ਨੇ ਇਨ੍ਹਾਂ ਪਲਾਂ ਨੂੰ ਇੰਝ ਕਲਮਬੱਧ ਕੀਤਾ ਹੈ...

***ਝਾੜੂ ਸਾ ਖਾ ਕੇ ਦੋਨੋਂ ਸ਼ਰਮਸਾਰ ਹੋ ਗਏ।***
***ਜੱਲਾਦ ਸਾਰੇ ਕਤਲ ਸੇ ਬੇਜ਼ਾਰ ਹੋ ਗਏ।***

(ਹਕੀਮ ਅੱਲ੍ਹਾ ਯਾਰ ਖਾਂ ਜੋਗੀ, ਸਰਹਿੰਦ ਅਤੇ ਚਮਕੌਰ ਸਾਹਿਬ ਦੇ ਖ਼ੂਨੀ ਸਾਕਿਆਂ ਨੂੰ ਦੋ ਲੰਬੀਆਂ ਉਰਦੂ ਨਜ਼ਮਾਂ ਵਿਚ ਲਿਖਣ ਵਾਲੇ ਲਾਸਾਨੀ ਸ਼ਾਇਰ ਹਨ। ਇਨ੍ਹਾਂ ਦੀ ਸੰਨ 1913 ਈਸਵੀ ਵਿਚ ਲਿਖੀ ਉਰਦੂ ਨਜ਼ਮ 'ਸ਼ਹੀਦਾਨਿ ਵਫ਼ਾ' (ਸਾਕਾ ਸਰਹਿੰਦ) ਨੇ ਬਹੁਤ ਲੋਕਪ੍ਰਿਯਤਾ ਅਤੇ ਪ੍ਰਸਿੱਧੀ ਹਾਸਲ ਕੀਤੀ।)



ਇਸੇ ਦੌਰਾਨ ਚਲਾਕ ਅਤੇ ਮੱਕਾਰ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਬਾਗ਼ੀ ਸਿੱਧ ਕਰਕੇ ਸੂਬੇਦਾਰ ਅਤੇ ਕਾਜ਼ੀ ਨੂੰ ਜਚਾ ਦਿੱਤਾ ਕਿ ਮੁਸਲਿਮ ਸ਼ਰ੍ਹਾ ਅਨੁਸਾਰ ਬਾਗੀਆਂ ਨੂੰ ਸਜ਼ਾ-ਏ-ਮੌਤ ਦਿੱਤੀ ਜਾ ਸਕਦੀ ਹੈ। ਅੰਤ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਕੰਧਾਂ ਵਿਚ ਚਿਣਵਾ ਦੇਣ ਦਾ ਮੰਦਭਾਗਾ ਫ਼ੈਸਲਾ ਕੀਤਾ ਗਿਆ। ਉਹ ਫ਼ੈਸਲਾ ਜਿਸ 'ਤੇ ਸਿੱਖ ਸਮਾਜ ਹੁਬਕੀਂ ਰੋਇਆ। ਉਹ ਫ਼ੈਸਲਾ, ਜਿਸ ਨੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਉਹ ਫ਼ੈਸਲਾ, ਜੋ ਸੂਬੇਦਾਰ ਅਤੇ ਮੁਗ਼ਲ ਹਕੂਮਤ ਨੂੰ ਬਹੁਤ ਜ਼ਿਆਦਾ ਮਹਿੰਗਾ ਪਿਆ। ਨਵਾਬ ਮਲੇਰਕੋਟਲਾ ਨੇ ਇਸ ਫ਼ੈਸਲੇ 'ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ ਪਰ ਇਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ। ਇਸ ਫ਼ੈਸਲੇ ਤੋਂ ਬਾਅਦ ਨਵਾਬ ਮਲੇਰਕੋਟਲਾ ਰੋਸ ਵਜੋਂ ਕਚਹਿਰੀ ਵਿੱਚੋਂ ਉੱਠ ਕੇ ਚਲੇ ਗਏ ਸਨ। ਉਨ੍ਹਾਂ ਦੇ ਇਸ ਰੋਸ ਪ੍ਰਗਟਾਵੇ ਨੂੰ ਸਿੱਖ ਜਗਤ ਵੱਡੀ ਸ਼ਰਧਾ ਨਾਲ 'ਹਾਅ ਦਾ ਨਾਅਰਾ' ਦੇ ਨਾਂਅ ਨਾਲ ਯਾਦ ਕਰਦਾ ਹੈ ਅਤੇ ਸਿੱਖ ਇਤਿਹਾਸ ਵਿਚ ਇਹ ਘਟਨਾ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਕੁਝ ਲਿਖਤਾਂ ਅਨੁਸਾਰ ਇਹ ਘਟਨਾ 27 ਦਸੰਬਰ 1704 ਨੂੰ ਵਾਪਰੀ ਦੱਸੀ ਜਾਂਦੀ ਹੈ ਪਰ ਆਧੁਨਿਕ ਖੋਜ ਤੋਂ ਸਿੱਧ ਹੋ ਚੁੱਕਿਆ ਹੈ ਕਿ ਕੰਧ ਵਿੱਚ ਚਿਣਵਾਉਣ ਦੀ ਘਟਨਾ 25 ਦਸੰਬਰ ਨੂੰ ਵਾਪਰੀ ਸੀ। 27 ਦਸੰਬਰ ਨੂੰ ਤਾਂ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਕੇ ਸ਼ਹੀਦੀ ਜਾਮ ਪਿਲਾਏ ਗਏ ਸਨ। ਇਸ ਤੱਥ ਦੀ ਪੁਸ਼ਟੀ ਲਈ ਮਹਾਨ ਵਿਦਵਾਨ ਸ. ਹਰਬੰਸ ਸਿੰਘ ਦੀ ਪੁਸਤਕ 'ਗੁਰੂ ਗੋਬਿੰਦ ਸਿੰਘ' 'ਚੋਂ ਹਵਾਲਾ ਦਿੱਤਾ ਜਾ ਸਕਦਾ ਹੈ। ਬੇਸ਼ੱਕ ਇਹ 'ਹਾਅ ਦਾ ਨਾਅਰਾ' ਸਾਹਿਬਜ਼ਾਦਿਆਂ ਨੂੰ ਦਿੱਤੇ ਦੰਡ ਦੇ ਫ਼ੈਸਲੇ ਨੂੰ ਅਮਲੀ ਰੂਪ ਵਿਚ ਕੋਈ ਫ਼ਰਕ ਨਹੀਂ ਪਾ ਸਕਿਆ, ਫਿਰ ਵੀ ਨਵਾਬ ਨੇ ਸਿੱਖਾਂ 'ਤੇ ਇੱਕ ਅਜਿਹਾ ਅਹਿਸਾਨ ਚੜ੍ਹਾ ਦਿੱਤਾ ਹੈ, ਜਿਸ ਨੂੰ ਉਤਾਰਨ ਲਈ ਉਹ ਪਿਛਲੇ 309 ਵਰ੍ਹਿਆਂ ਤੋਂ ਯਤਨਸ਼ੀਲ ਹਨ। ਸਿੱਖ ਬੱਚਾ ਜਿੱਥੇ ਹੋਸ਼ ਸੰਭਾਲਦੇ ਹੀ ਸਰਹਿੰਦ ਦਾ ਸਾਕਾ ਕੰਠ ਕਰ ਲੈਂਦਾ ਹੈ, ਉੱਥੇ ਹਾਅ ਦਾ ਨਾਅਰਾ ਵੀ ਉਸ ਦੇ ਨਰਮ ਮਨ 'ਤੇ ਡੂੰਘਾ ਉੱਕਰਿਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਤ ਸਮੁੱਚਾ ਸਿੱਖ ਜਗਤ ਇਸ ਜ਼ੁਲਮ ਦਾ ਬਦਲਾ ਲੈਣ ਲਈ ਸਹੀ ਸਮੇਂ ਦੀ ਉਡੀਕ ਕਰਨ ਲੱਗਾ। ਅੰਤ ਸੰਨ 1710 ਈਸਵੀ ਵਿਚ ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇੱਕ ਫ਼ੈਸਲਾਕੁੰਨ ਜੰਗ ਲੜੀ। ਇਸ ਜੰਗ ਵਿਚ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਇੱਕ ਉੱਘੇ ਜਰਨੈਲ ਫਤਿਹ ਸਿੰਘ ਨੇ ਖੰਡੇ ਦੇ ਇੱਕੋ ਵਾਰ ਨਾਲ ਸੂਬੇਦਾਰ ਵਜ਼ੀਰ ਖਾਂ ਨੂੰ ਗਰਦਨ ਤੋਂ ਲੈ ਕੇ ਲੱਕ ਤੱਕ ਦੋਫਾੜ ਕਰ ਦਿੱਤਾ ਸੀ। (ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸੂਬੇਦਾਰ ਦੀ ਮੌਤ ਕਿਸੇ ਸਿੰਘ ਦੇ ਤੀਰ ਨਾਲ ਹੋਈ ਸੀ।)

ਸਿੱਖ ਜਗਤ ਨੇ 'ਹਾਅ ਦਾ ਨਾਅਰੇ' ਦਾ ਮੁੱਲ ਵੀ ਮੋੜਿਆ। 18ਵੀਂ ਸਦੀ ਸਿੱਖਾਂ ਦੇ ਇਮਤਿਹਾਨ ਦਾ ਸਮਾਂ ਸੀ। ਸਿੱਖਾਂ ਨੂੰ ਪਰਖਿਆ ਜਾਣ ਲੱਗਾ। ਮੁਗ਼ਲ ਹਕੂਮਤ ਨੇ ਜੀਅ ਭਰ ਕੇ ਸਿੱਖਾਂ 'ਤੇ ਜ਼ੁਲਮ ਢਾਹੇ। ਅੰਤ ਮੁਗ਼ਲ ਰਾਜ ਆਪਣੇ ਆਪ ਹੀ ਪਾਪਾਂ ਦੇ ਭਾਰ ਹੇਠ ਦਬਣਾ ਸ਼ੁਰੂ ਹੋ ਗਿਆ ਅਤੇ ਸਿੱਖਾਂ ਦੀ ਚੜ੍ਹਤ ਹੋਣ ਲੱਗ ਪਈ। ਇਸੇ ਚੜ੍ਹਤ ਦੌਰਾਨ ਸਿੱਖ ਸੰਨ 1783 ਵਿਚ ਲਾਲ ਕਿਲ੍ਹੇ ਵਿਚ ਦਾਖ਼ਲ ਹੋ ਗਏ ਅਤੇ ਦੀਵਾਨੇ-ਏ-ਆਮ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। (ਸਿੱਖਾਂ ਨੇ ਇੱਕ ਵਾਰ ਸ. ਬਘੇਲ ਸਿੰਘ ਦੀ ਕਮਾਨ ਹੇਠ ਵੀ ਦਿੱਲੀ ਨੂੰ ਫਤਿਹ ਕੀਤਾ ਸੀ।)

ਇਸ ਤੋਂ ਬਾਅਦ ਸਿੱਖ ਪੰਜਾਬ ਦੇ ਮਾਲਕ ਬਣ ਗਏ। ਫਿਰ ਇੱਕ ਸਮਾਂ ਆਇਆ ਜਦੋਂ ਕੈਥਲ-ਕਰਨਾਲ ਤੋਂ ਲੈ ਕੇ ਦੱਰਾ ਖ਼ੈਬਰ ਤੱਕ ਸਿੱਖਾਂ ਦਾ ਬੋਲਬਾਲਾ ਸੀ। (ਰਿਆਸਤ ਕੈਥਲ ਦੇ ਆਖਰੀ ਰਾਜੇ ਭਾਈ ਉਦੈ ਸਿੰਘ ਦਾ ਕਿਲ੍ਹਾ ਅੱਜ ਵੀ ਸਿੱਖ ਚੜ੍ਹਤ ਦੀ ਯਾਦ ਨੂੰ ਸਾਂਭੀ ਬੈਠਾ ਹੈ।) ਪਰ 'ਹਾਅ ਦੇ ਨਾਅਰੇ' ਦਾ ਸਤਿਕਾਰ ਕਰਦਿਆਂ ਕਿਸੇ ਵੀ ਸਿੱਖ ਨੇ ਮਲੇਰਕੋਟਲੇ ਵੱਲ ਅੱਖ ਭਰ ਵੀ ਦੇਖਣ ਦੀ ਹਿੰਮਤ ਨਹੀਂ ਕੀਤੀ, ਬਲਕਿ ਸਦਾ ਉਸ ਨਵਾਬ ਮਲੇਰਕੋਟਲਾ ਅਤੇ ਉਸ ਦੇ ਵੰਸ਼ ਨੂੰ ਸਨਮਾਨਿਤ ਕਰਦੇ ਰਹੇ।

ਇਸ ਤਰ੍ਹਾਂ ਸਿੱਖ ਰਿਆਸਤਾਂ ਵਿਚ ਘਿਰੀ ਇਹ ਮੁਸਲਮਾਨ ਰਿਆਸਤ ਸੰਨ 1948 ਈਸਵੀ ਤੱਕ ਕਾਇਮ ਰਹੀ ਅਤੇ ਨਵਾਬ ਸ਼ੇਰ ਮੁਹੰਮਦ ਖਾਂ ਦੀ ਵੰਸ਼ ਧੌਣ ਉੱਚੀ ਕਰਕੇ ਰਾਜ ਕਰਦੀ ਰਹੀ, ਜਾਂ ਇੰਝ ਕਹਿ ਲਓ ਕਿ ਸਿੱਖਾਂ ਨੇ ਨਵਾਬ ਮਲੇਰਕੋਟਲਾ ਨੂੰ ਇੱਕ 'ਹਾਅ ਦੇ ਨਾਅਰੇ' ਬਦਲੇ ਲਗਭਗ ਦੋ ਸਦੀਆਂ ਦਾ ਰਾਜ ਬਖਸ਼ਿਆ। ਇਹ ਉਸ 'ਹਾਅ ਦੇ ਨਾਅਰੇ' ਦਾ ਹੀ ਚਮਤਕਾਰ ਹੈ ਕਿ ਅੱਜ ਵੀ ਮਲੇਰਕੋਟਲਾ ਸ਼ਹਿਰ ਅਤੇ ਉਸ ਦੇ ਆਲੇ-ਦੁਆਲੇ ਦੇ ਪਿੰਡ ਮੁਸਲਮਾਨਾਂ ਦਾ ਗੜ੍ਹ ਹਨ।

'ਹਾਅ ਦੇ ਨਾਅਰੇ' ਦੀ ਦਾਸਤਾਨ ਦਾ ਸਬਕ ਹਰ ਸਿੱਖ ਅੰਤਰ ਪ੍ਰੇਰਨਾ ਸਦਕਾ ਆਪਣੇ ਬੱਚਿਆਂ ਨੂੰ ਛੋਟੀ ਉਮਰੇ ਹੀ ਦੇਣਾ ਸ਼ੁਰੂ ਕਰ ਦਿੰਦਾ ਹੈ। ਅਜਿਹਾ ਕਰਕੇ ਸ਼ਾਇਦ ਉਹ ਅਚੇਤ ਹੀ ਇਸ ਅਹਿਸਾਨ ਦੇ ਭਾਰ ਨੂੰ ਬੱਚਿਆਂ ਨਾਲ ਸਾਂਝਾ ਕਰਕੇ ਹੌਲਾ ਕਰਨ ਦਾ ਯਤਨ ਕਰ ਰਿਹਾ ਹੁੰਦਾ ਹੈ। ਗੱਲ ਕੀ, ਸਿੱਖ ਮਾਨਸਿਕਤਾ ਕਦੇ ਇਸ ਅਹਿਸਾਨ ਨੂੰ ਭੁਲਾ ਨਹੀਂ ਕਰੇਗੀ, ਸਿੱਖ ਨਵਾਬ ਮਲੇਰਕੋਟਲਾ ਦੇ ਹਮੇਸ਼ਾਂ ਰਿਣੀ ਰਹਿਣਗੇ। ਸ਼ਹੀਦ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦਾ ਚੜ੍ਹਦੀ ਦਿਸ਼ਾ ਵੱਲ ਗੇਟ ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਦੀ ਯਾਦ ਨੂੰ ਸਮਰਪਿਤ ਹੈ ਜੋ ਸਿੱਖ ਸਮਾਜ ਦੀ ਉਨ੍ਹਾਂ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ।

# ਦੀਵਾਨ ਟੋਡਰ ਮੱਲ ਜੀ

ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਦਾ ਉਹ ਮਹਾਨ ਪਾਤਰ ਹੈ ਜਿਸ ਨੇ ਆਪਣੇ ਇਸ਼ਟ ਦੇ ਲਖਤੇ ਜਿਗਰਾਂ ਦੇ ਅੰਤਿਮ ਸੰਸਕਾਰ ਲਈ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਖਰੀਦੀ। ਇਹ ਅਦੁੱਤੀ ਕਾਰਨਾਮਾ ਕਰ ਕੇ ਉਹ ਰਾਤੋ ਰਾਤ ਸਿੱਖ ਪੰਥ ਦੀਆਂ ਅਤਿ ਆਦਰਯੋਗ ਸ਼ਖ਼ਸੀਅਤਾਂ ਵਿੱਚ ਸ਼ਾਮਲ ਹੋ ਗਿਆ। ਉਸ ਦੀ ਇਹ ਕੁਰਬਾਨੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚਾਂਦਨੀ ਚੌਕ ਦਿੱਲੀ ਤੋਂ ਆਨੰਦਪੁਰ ਸਾਹਿਬ ਪਹੁੰਚਾਉਣ ਵਾਲੇ ਭਾਈ ਜੈਤਾ ਤੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਹੈ। ਦੀਵਾਨ ਟੋਡਰ ਮੱਲ ਦੇ ਜਨਮ ਸਥਾਨ, ਖਾਨਦਾਨ, ਜੀਵਨ ਅਤੇ ਵਾਰਸਾਂ ਬਾਰੇ ਇਤਿਹਾਸ ਵਿੱਚ ਜਿਆਦਾ ਨਹੀਂ ਮਿਲਦਾ। ਕਈ ਵਿਦਵਾਨ ਦੀਵਾਨ ਟੋਡਰ ਮੱਲ ਸਰਹਿੰਦੀ ਨੂੰ ਅਕਬਰ ਦਾ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਹੋਣ ਬਾਰੇ ਭੁਲੇਖਾ ਖਾ ਜਾਂਦੇ ਹਨ। ਦੋਵਾਂ ਦੇ ਜੀਵਨ ਕਾਲ ਵਿੱਚ ਕਰੀਬ 125 ਸਾਲ ਦਾ ਫਰਕ ਹੈ। ਮੰਨਿਆਂ ਜਾਂਦਾ ਹੈ ਕਿ ਉਹ ਜਾਤ ਦਾ ਜੈਨ ਖੱਤਰੀ ਸੀ ਤੇ ਗੁਰੂ ਘਰ ਦਾ ਅਤਿਅੰਤ ਸ਼ਰਧਾਲੂ ਸੀ। ਉਹ ਉਸ ਵੇਲੇ ਸਰਹਿੰਦ ਸੂਬੇ ਦਾ ਇੱਕ ਸਭ ਤੋਂ ਅਮੀਰ ਵਪਾਰੀ ਤੇ ਮੁਅੱਜਜ਼ ਦਰਬਾਰੀ ਸੀ। ਪਟਿਆਲਾ ਸਟੇਟ ਗਜ਼ਟੀਅਰ ਦੇ ਮੁਤਾਬਕ ਉਸ ਦਾ ਜੱਦੀ ਪਿੰਡ ਕਾਕੜਾ ਸੀ ਜੋ ਸਮਾਣਾ-ਪਟਿਆਲਾ ਸੜਕ 'ਤੇ ਹੈ ਅਤੇ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਸ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਪੁਰਖੇ ਕਾਰੋਬਾਰ ਕਾਰਨ ਪਿੰਡ ਛੱਡ ਕੇ ਸਰਹਿੰਦ ਵੱਸ ਗਏ ਸਨ। ਉਸ ਦੀ ਅਮੀਰੀ, ਸਰਕਾਰੀ ਪ੍ਰਭਾਵ ਅਤੇ ਸ਼ਾਨੋ ਸ਼ੌਕਤ ਇਸ ਗੱਲ ਤੋਂ ਸਾਹਮਣੇ ਆਉਂਦੀ ਹੈ ਕਿ ਉਸ ਦੀ ਰਿਹਾਇਸ਼ (ਜਹਾਜ਼ ਹਵੇਲੀ) ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਮਹਿਲ ਦੇ ਬਿਲਕੁਲ ਨਜ਼ਦੀਕ ਸੀ।

ਸੰਨ 13 ਦਸੰਬਰ 1704 ਈ. ਨੂੰ ਵਜ਼ੀਰ ਖਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸ ਅਨੁਸਾਰ ਇਸ ਕਾਂਡ ਵਿੱਚ ਦੀਵਾਨ ਸੁੱਚਾ ਨੰਦ ਨੇ ਬਹੁਤ ਘਟੀਆ ਅਤੇ ਨਵਾਬ ਮਲੇਰ ਕੋਟਲਾ ਸ਼ੇਰ ਮੁਹੰਮਦ ਖਾਨ ਨੇ ਬਹੁਤ ਸ਼ਲਾਘਾ ਯੋਗ ਕਿਰਦਾਰ ਨਿਭਾਇਆ। ਹੋ ਸਕਦਾ ਹੈ ਕਿ ਗੁਰੂ ਘਰ ਦੇ ਪ੍ਰੇਮੀ ਦੀਵਾਨ ਟੋਡਰ ਮੱਲ ਅਤੇ ਹੋਰ ਪਤਵੰਤਿਆਂ ਨੇ ਵੀ ਵਜ਼ੀਰ ਖਾਨ ਨੂੰ ਸਮਝਾਇਆ ਹੋਵੇ, ਪਰ ਪੱਥਰ ਦਿਲ ਸੂਬੇਦਾਰ ਨੇ ਕਿਸੇ ਦੀ ਨਾ ਸੁਣੀ। ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਤੋਂ ਬਾਅਦ ਡਰਦੇ ਮਾਰੇ ਕਿਸੇ ਦੀ ਇਹ ਹਿੰਮਤ ਨਾ ਪਈ ਕਿ ਉਹਨਾਂ ਦਾ ਵਿਧੀ ਪੂਰਵਕ ਅੰਤਿਮ ਸੰਸਕਾਰ ਕਰ ਸਕੇ। ਉਸ ਵੇਲੇ ਸਰਹਿੰਦ ਵਿੱਚ ਹਿੰਦੂ ਵੱਡੀ ਗਿਣਤੀ ਵਿੱਚ ਵੱਸਦੇ ਸਨ ਤੇ ਉਥੇ ਹਿੰਦੂਆਂ ਦੇ ਕਈ ਸ਼ਮਸ਼ਾਨ ਘਾਟ ਵੀ ਮੌਜੂਦ ਸਨ। ਫਿਰ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸੰਸਕਾਰ ਉਥੇ ਕਿਉਂ ਨਾ ਕੀਤਾ ਗਿਆ? ਕਿਉਂ ਉਹਨਾਂ ਦੇ ਅੰਤਿਮ ਸੰਸਕਾਰ ਲਈ ਜ਼ਮੀਨ ਖਰੀਦਣੀ ਪਈ? ਲੱਗਦਾ ਹੈ ਕਿ ਸੂਬੇਦਾਰ ਦਾ ਦਿਲ ਗੁਰੂਘਰ ਪ੍ਰਤੀ ਨਫਰਤ ਨਾਲ ਐਨਾ ਭਰਿਆ ਹੋਇਆ ਸੀ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਵੀ ਉਸ ਦਾ ਮਨ ਸ਼ਾਂਤ ਨਾ ਹੋਇਆ। ਉਹ ਪਵਿੱਤਰ ਦੇਹਾਂ ਦਾ ਵੀ ਅਪਮਾਨ ਕਰਨਾ ਚਾਹੁੰਦਾ ਸੀ। ਉਸ ਦੀ ਇੱਛਾ ਸੀ ਕਿ ਉਹਨਾਂ ਦਾ ਸਿੱਖ ਰਹੁ ਰੀਤਾਂ ਮੁਤਾਬਕ ਸੰਸਕਾਰ ਹੋ ਸਕੇ। ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਮਾਤਾ ਜੀ ਅਤੇ



ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਿਸੇ ਸ਼ਮਸ਼ਾਨ ਘਾਟ ਵਿੱਚ ਨਾ ਕੀਤਾ ਜਾਵੇ। ਇਹ ਵੀ ਹੋ ਸਕਦਾ ਹੈ ਕਿ ਜਦੋਂ ਦੀਵਾਨ ਟੋਡਰ ਮੱਲ ਨੇ ਤਰਲੇ ਮਿੰਨਤਾਂ ਕਰ ਕੇ ਦੇਹਾਂ ਪ੍ਰਾਪਤ ਕੀਤੀਆਂ ਹੋਣ ਤਾਂ ਕਿਸੇ ਸੁੱਚਾ ਨੰਦ ਵਰਗੇ "ਸਿਆਣੇ" ਨੇ ਸੂਬੇਦਾਰ ਨੂੰ ਸਲਾਹ ਦਿੱਤੀ ਹੋਵੇ ਕਿ ਸੇਠ ਕੋਲ ਬਹੁਤ ਪੈਸਾ ਹੈ, ਜੇ ਉਸ ਨੇ ਅੰਤਿਮ ਸੰਸਕਾਰ ਕਰਨਾ ਹੈ ਤਾਂ ਉਸ ਨੂੰ ਜਗ੍ਹਾ ਖਰੀਦਣੀ ਚਾਹੀਦੀ ਹੈ। ਇਸ ਲਈ ਲੱਗਦਾ ਕਿ ਸੂਬੇਦਾਰ ਨੇ ਉਸ ਨੂੰ ਸ਼ਰਤਾਂ ਅਧੀਨ ਹੀ ਦੇਹਾਂ ਦਿੱਤੀਆਂ ਸਨ।

ਸਰਕਾਰੀ ਕਹਿਰ ਦੇ ਡਰ ਕਾਰਨ ਸਰਹਿੰਦ ਦੇ ਕਿਸੇ ਜ਼ਿੰਮੀਦਾਰ ਦੀ ਜ਼ਮੀਨ ਦੇਣ ਦੀ ਹਿੰਮਤ ਨਾ ਪਈ। ਅਖੀਰ ਇੱਕ ਜ਼ਿੰਮੀਦਾਰ ਚੌਧਰੀ ਅੱਤਾ ਜ਼ਮੀਨ ਵੇਚਣ ਲਈ ਰਾਜ਼ੀ ਹੋ ਗਿਆ। ਪਰ ਉਸ ਨੇ ਵੀ ਰੱਜ ਕੇ ਦੀਵਾਨ ਦੀ ਮਜ਼ਬੂਰੀ ਦਾ ਫਾਇਦਾ ਉਠਾਇਆ। ਉਸ ਨੇ ਸ਼ਰਤ ਰੱਖੀ ਕਿ ਜੇ ਜ਼ਮੀਨ ਚਾਹੀਦੀ ਹੈ ਤਾਂ ਉਸ ਦੀ ਕੀਮਤ ਸੋਨਾ ਵਿਛਾ ਕੇ ਦੇਣੀ ਪਵੇਗੀ। ਕਈ ਤਾਂ ਕਹਿੰਦੇ ਹਨ ਕਿ ਉਸ ਨੇ ਸੋਨੇ ਦੇ ਸਿੱਕੇ ਖੜੇ ਕਰ ਕੇ ਕੀਮਤ ਲਈ ਸੀ। ਉਸ ਵੇਲੇ ਸੋਨੇ ਦੀ ਅਸ਼ਰਫੀ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇੱਕ ਤੋਲਾ (10 ਗ੍ਰਾਮ) ਹੁੰਦਾ ਸੀ। ਸਾਹਿਬਜ਼ਾਦਿਆਂ ਦੇ ਅੰਤਿਮ ਸੰਸਕਾਰ ਲਈ 2 x 2 ਮੀਟਰ ਅਤੇ ਮਾਤਾ ਜੀ ਲਈ 2 x 1.5 ਮੀਟਰ ਦੇ ਕਰੀਬ ਜਗ੍ਹਾ ਲਈ ਗਈ ਹੋਵੇਗੀ। ਇਸ ਲਈ ਕਰੀਬ 7800 ਅਸ਼ਰਫੀਆਂ (78 ਕਿੱਲੋ ਸੋਨਾ) ਵਿਛਾਈਆਂ ਗਈਆਂ ਹੋਣਗੀਆਂ। ਜੇ ਅਸ਼ਰਫੀਆਂ ਖੜ੍ਹੇ ਰੁਖ ਰੱਖੀਆਂ ਗਈਆਂ ਹੋਣਗੀਆਂ ਤਾਂ 78000 ਦੇ ਕਰੀਬ ਅਸ਼ਰਫੀਆਂ (780 ਕਿੱਲੋ ਸੋਨਾ) ਵਿਛਾਉਣੀਆਂ ਪਈਆਂ ਹੋਣਗੀਆਂ।

ਇਸ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖਰੀਦਣ ਵਿੱਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ। ਪਰ ਉਸ ਮਹਾਨ ਇਨਸਾਨ ਨੇ ਆਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਆਪਣੇ ਵਿਸ਼ਵਾਸ਼ ਨੂੰ ਡੋਲਣ ਨਾ ਦਿੱਤਾ। ਉਸ ਨੇ ਆਪਣਾ ਸਭ ਕੁਝ ਦਾਅ 'ਤੇ ਲਗਾ ਕੇ ਵੀ ਗੁਰੂ ਜੀ ਅਤੇ ਸਿੱਖੀ ਦੀ ਮਹਾਨ ਸੇਵਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਸੰਨ ਮਈ 1710 ਈ. ਵਿੱਚ ਸਰਹਿੰਦ ਫਤਿਹ ਕੀਤੀ ਤਾਂ ਉਹਨਾਂ ਨੂੰ ਵੀ ਦੀਵਾਨ ਟੋਡਰ ਮੱਲ ਦੀ ਇਸ ਕੁਰਬਾਨੀ ਬਾਰੇ ਪਤਾ ਸੀ। ਦੀਵਾਨ ਟੋਡਰ ਮੱਲ ਦੇ ਘਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ।

ਸੂਬਾ ਸਰਹਿੰਦ ਵਜ਼ੀਰ ਖਾਨ ਬਹੁਤ ਹੀ ਜ਼ਾਲਮ, ਬੇਰਹਿਮ ਤੇ ਪਾਪੀ ਇਨਸਾਨ ਸੀ। ਉਸ ਨੇ ਬਾਬਾ ਮੋਤੀ ਰਾਮ ਮਹਿਰਾ ਦਾ ਸਾਰਾ ਪਰਿਵਾਰ ਸਿਰਫ ਇਸ ਲਈ ਵੇਲਣੇ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਸੀ ਕਿ ਉਸ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਠੰਡੇ ਬੁਰਜ ਵਿੱਚ ਦੁੱਧ ਨਾਲ ਸੇਵਾ ਕੀਤੀ ਸੀ। ਇਸ ਲਈ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਉਸ ਦੀ ਹੁਕਮ ਅਦੂਲੀ ਕਰ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸੰਸਕਾਰ ਕਰੇ? ਜਦੋਂ ਉਸ ਨੂੰ ਦੀਵਾਨ ਟੋਡਰ ਮੱਲ ਦੇ ਇਸ "ਗੁਨਾਹ" ਬਾਰੇ ਪਤਾ ਚੱਲਿਆ ਤਾਂ ਉਸ ਦਾ ਕਹਿਰ ਦੀਵਾਨ 'ਤੇ ਟੁੱਟ ਪਿਆ। ਉਸ ਨੇ ਦੀਵਾਨ ਟੋਡਰ ਮੱਲ ਨੂੰ ਬਿਲਕੁਲ ਬਰਬਾਦ ਕਰ ਦਿੱਤਾ। ਆਪਣੇ ਪਰਿਵਾਰ ਦੀ ਸੁਰੱਖਿਆ ਲਈ ਦੀਵਾਨ ਨੂੰ ਆਪਣਾ ਜੰਮਿਆਂ ਜਮਾਇਆ ਘਰ ਬਾਰ ਅਤੇ ਕਾਰੋਬਾਰ ਛੱਡ ਕੇ ਇਤਿਹਾਸ ਦੇ ਹਨੇਰਿਆਂ ਵਿੱਚ ਗੁੰਮ ਹੋ ਜਾਣਾ ਪਿਆ। ਇਸ ਤੋਂ ਬਾਅਦ ਉਸ ਦੇ ਪਰਿਵਾਰ ਜਾਂ ਉਸ ਦੇ ਆਖਰੀ ਦਿਨਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਦੇ ਸਰਹਿੰਦ 'ਤੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖ਼ਸ਼ੀ ਗਈ। ਕਿਸੇ ਨੇ ਉਸ ਨੂੰ ਨੁਕਸਾਨ ਪਹੁੰਚਾਉਣ ਜਾਂ ਲੁੱਟਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਲਾਵਾਰਿਸ ਪਈ ਹਵੇਲੀ ਹੌਲੀ ਹੌਲੀ ਵਕਤ ਦੇ ਥਪੇੜਿਆਂ ਅਤੇ ਨਜਾਇਜ਼ ਕਬਜਿਆਂ ਕਾਰਨ ਢਹਿਣ ਲੱਗ ਪਈ। ਹੁਣ ਇੱਕ ਬਹੁਤ ਹੀ ਵਧੀਆ ਉਪਰਾਲੇ ਹੇਠ ਪੰਜਾਬ ਸਰਕਾਰ ਦੀ ਮਦਦ ਨਾਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਜਹਾਜ਼ ਹਵੇਲੀ ਦੀ ਮੁਰੰਮਤ ਦਾ ਬੀੜਾ ਚੁੱਕਿਆ ਹੈ। ਮਾਹਰ ਕਾਰੀਗਰ ਇਸ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਅਤਿ ਆਧੁਨਿਕ ਤਕਨੀਕਾਂ ਦੀ ਮਦਦ ਨਾਲ ਮੁੜ ਉਸਾਰੀ ਕਰ ਰਹੇ ਹਨ।

ਸਿੱਖ ਪੰਥ ਵਿੱਚ ਦੀਵਾਨ ਟੋਡਰ ਮੱਲ ਦਾ ਬਹੁਤ ਸਤਿਕਾਰ ਹੈ। ਉਸ ਦੀ ਯਾਦ ਵਿੱਚ ਗੁਰਦਵਾਰਾ ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਬਹੁਤ ਵਿਸ਼ਾਲ ਦੀਵਾਨ ਟੋਡਰ ਮੱਲ ਦੀਵਾਨ ਹਾਲ ਬਣਿਆ ਹੋਇਆ ਹੈ। ਗੁਰਦਵਾਰਾ ਫਤਿਹਗੜ੍ਹ ਸਾਹਿਬ ਅਤੇ ਗੁਰਦਵਾਰਾ ਜੋਤੀ ਸਰੂਪ ਵਿਚਾਲੜੀ ਸੜਕ ਦਾ ਨਾਮ ਦੀਵਾਨ ਟੋਡਰ ਮੱਲ ਮਾਰਗ ਹੈ। ਜੀ.ਟੀ ਰੋਡ ਤੋਂ ਸਰਹਿੰਦ ਨੂੰ ਆਉਣ ਵਾਲੀ ਸੜਕ 'ਤੇ ਇੱਕ ਸ਼ਾਨਦਾਰ ਦੀਵਾਨ ਟੋਡਰ ਮੱਲ ਸਵਾਗਤੀ ਦੁਆਰ ਵੀ ਉਸਾਰਿਆ ਗਿਆ ਹੈ। ਇਹ ਅਤਿਅੰਤ ਜ਼ਰੂਰੀ ਹੈ ਕਿ ਇਤਿਹਾਸਕਾਰ ਦੀਵਾਨ ਟੋਡਰ ਮੱਲ ਵਰਗੇ ਮਹਾਨ ਇਨਸਾਨ ਦੇ ਵਾਰਸਾਂ ਬਾਰੇ ਖੋਜ ਕਰ ਕੇ ਉਹਨਾਂ ਨੂੰ ਦੁਨੀਆਂ ਦੇ ਸਾਹਮਣੇ ਲਿਆਉਣ। ਇਹ ਉਸ ਨੇਕ ਇਨਸਾਨ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ।




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਕਿਸ਼ਤ - 52

## ਹਾਜ਼ਰ ਖ਼ਾਂ ਕੈਦ

ਅਗਲੇ ਦਿਨ ਖ਼ਵਾਜਾ ਮਿਰਜ਼ਾ 'ਤੇ ਮਰਹੱਟਿਆਂ ਨੇ ਹਮਲਾ ਕਰਕੇ ਮੀਰ ਹਾਜ਼ਰ ਖ਼ਾਂ ਸਣੇ ਫ਼ੌਜ ਫੜ ਲਿਆ।ਅਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਨੂੰ ਫੇਰ ਆਪਣੀ ਮਦਦ 'ਤੇ ਲੈ ਲਿਆ ਗਿਆ। ਸਿੱਖਾਂ ਤੋਂ ਮਰਹੱਟਿਆਂ ਨੇ ਤੈਮੂਰ ਤੇ ਜਹਾਨ ਖ਼ਾਂ ਨੂੰ ਝਨਾਂ 'ਤੇ ਜਾ ਘੇਰਿਆ। ਮਰਹੱਟੇ ਵੀਹ ਹਜ਼ਾਰ ਸਿੱਖ ਦਸ ਹਜ਼ਾਰ ਸਨ।

## ਝਨਾਂ ਕੰਢੇ ਲੜਾਈ

ਤੈਮੂਰ ਤੇ ਜਹਾਨ ਖ਼ਾਂ ਤਾਂ ਰਾਤ ਜਾਨ ਬਚਾ ਕੇ ਨੱਸ ਗਏ, ਪਰ ਉਹਨਾਂ ਦਾ ਡੇਰਾ ਸਿੱਖਾਂ ਤੇ ਮਰਹੱਟਿਆਂ ਲੁੱਟ ਲਿਆ। ਏਥੇ ਹਜ਼ਾਰਾਂ ਦੁਰਾਨੀ ਸਿਪਾਹੀ ਕਤਲ ਹੋਏ ਤੇ ਰਹਿੰਦੇ ਕੈਦੀ ਬਣਾ ਲਏ ਗਏ।

ਮਰਹੱਟਿਆਂ ਨੇ ਸਾਰਾ ਪੰਜਾਬ ਮੱਲ ਲਿਆ। ਦੂੱਜੇ ਪਾਸੇ ਮੁਲਤਾਨ ਤਕ ਉਹਨਾਂ ਦੀਆਂ ਫ਼ੌਜਾਂ ਜਾ ਪੁੱਜੀਆਂ। ਅਬਦਾਲੀ ਤੋਂ ਡਰਦੇ ਉਹ ਪੰਜਾਬ ਉੱਤੇ ਆਪਣਾ ਸਿੱਧਾ ਕਬਜ਼ਾ ਨਹੀਂ ਸਨ ਰਖਣਾ ਚਾਹੁੰਦੇ। ਉਹਨਾਂ ਮੁਲਤਾਨ, ਲਾਹੌਰ ਏਥੋਂ ਕੁਛ ਪਠਾਣਾਂ ਨੂੰ ਫੜ ਕੇ ਸਿੱਖ ਅੰਮ੍ਰਿਤਸਰ ਲੈ ਆਏ, ਤੇ ਜਹਾਨ ਖ਼ਾਂ ਦਾ ਪੂਰਿਆ ਹੋਇਆ ਸਰੋਵਰ ਉਹਨਾਂ ਤੋਂ ਸਾਫ਼ ਕਰਾਇਆ।

## ਮਰਹੱਟਿਆਂ ਪੰਜਾਬ ਅਦੀਨਾਬੇਗ ਨੂੰ ਦਿੱਤਾ

ਤੇ ਸਰਹਿੰਦ 75 ਲੱਖ ਸਾਲਾਨਾ ਬਦਲੇ ਅਦੀਨਾਬੇਗ ਨੂੰ ਦਿੱਤਾ ਤੇ ਉਸਨੂੰ ਨਵਾਬ ਦਾ ਖ਼ਿਤਾਬ ਬਖ਼ਸ਼ਿਆ। ਪੰਜ ਜੂਨ, 1758 ਈ: ਨੂੰ ਮਰਹੱਟੇ ਜਰਨੈਲ ਵਾਪਸ ਥਾਨੇਸਰ ਆ ਗਏ। ਏਸ ਗੜਬੜ ਦੇ ਸਮੇਂ ਸਿੱਖਾਂ ਨੇ ਆਪਣਿਆਂ ਇਲਾਕਿਆਂ ਵਿਚ ਥਾਂ-ਥਾਂ ਕੱਚੇ ਕਿਲੇ ਬਣਾ ਲਏ। ਉਹ ਜਾਣਦੇ ਸਨ, ਕਿ ਹੁਣ ਅਦੀਨਾਬੇਗ ਨਾਲ ਟੱਕਰ ਲੈਣੀ ਪਏਗੀ।

## ਅਦੀਨਾਬੇਗ ਦੀਨਾ ਨਗਰ

ਅਦੀਨਾਬੇਗ ਨੇ ਆਪਣੀ ਰਾਜਧਾਨੀ ਬਟਾਲੇ ਦੇ ਇਲਾਕੇ ਵਿਚ ਦੀਨਾ ਨਗਰ ਬਣਾ ਲਈ। ਉਹਨੇ ਆਪਣੇ ਮਾਤਹਿਤ ਲਾਹੌਰ ਵਿਚ ਖ਼ਵਾਜਾ ਮਿਰਜ਼ਾ ਖ਼ਾਂ (ਜੋ ਹੁਣ ਉਸਦਾ ਜਵਾਈ ਬਣ ਚੁੱਕਾ ਸੀ) ਨੂੰ ਸੂਬੇਦਾਰ ਤੇ (ਉਸ ਦੇ ਭਰਾ) ਖ਼ਵਾਜਾ ਸਦੀਕਖ਼ਾਂ ਨੂੰ ਨਾਇਬ ਥਾਪਿਆ। ਸਦੀਕਬੇਗ ਨੂੰ ਸਰਹਿੰਦ ਦਾ ਫ਼ੌਜਦਾਰ ਬਣਾਇਆ ਗਿਆ। ਮੁਰਾਦ ਬੇਗਮ ਅਦੀਨਾਬੇਗ ਨਾਲ ਬਟਾਲੇ ਚਲੀ ਗਈ।

## ਅਦੀਨਾਬੇਗ ਸਿੱਖਾਂ ਦਾ ਵੈਰੀ

ਪੰਜਾਬ ਦਾ ਹੁਕਮਰਾਨ ਬਣ ਕੇ ਅਦੀਨਾਬੇਗ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਖ਼ਤਮ ਕਰਨ ਦਾ ਇਰਾਦਾ ਕੀਤਾ। ਦਸ ਹਜ਼ਾਰ ਫ਼ੌਜ ਉਹਦੀ ਪੁਰਾਣੀ ਹੈਗੀ ਸੀ, ਤੇ ਕਈ ਹਜ਼ਾਰ ਨਵੀਂ ਹੋਰ ਭਰਤੀ ਕਰ ਲਈ। ਪੰਜਾਬ ਭਰ ਦੇ ਛੋਟੇ ਵੱਡੇ ਹਾਕਮ ਤੇ ਚੌਧਰੀ ਉਹਨੇ ਏਸ ਕੰਮ ਵਾਸਤੇ ਆਪਣੇ ਨਾਲ ਗੰਢ ਲਏ। ਸਿੱਖ ਵੀ ਏਸ ਚਾਲ ਨੂੰ ਤਾੜ ਗਏ ਤੇ ਬਹੁਤ ਸਾਰੇ ਦੀਨਾ ਨਗਰ ਦੇ ਉਦਾਲੇ ਆ ਕੱਠੇ ਹੋਏ। ਅਦੀਨਾਬੇਗ ਨੇ ਦੀਵਾਨ ਹੀਰਾ ਮੱਲ ਤੇ ਆਕਲ ਦਾਸ (ਜੰਡਿਆਲੀਆ) ਨੂੰ ਫੌਜ ਦੇ ਕੇਸਿੱਖਾਂ ਦੇ ਟਾਕਰੇ ਘੱਲਿਆ।

## ਕਾਦੀਆਂ ਦੀ ਲੜਾਈ

ਕਾਦੀਆਂ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਹੀਰਾ ਮੱਲ ਮਾਰਿਆ ਗਿਆ। ਸਿੱਖਾਂ ਨੇ ਉਹਨਾਂ ਦੇ ਡੇਰਾ ਲੁੱਟ ਲਿਆ।

## ਕਤਲਾਮ ਦਾ ਹੁਕਮ

ਗ਼ੁੱਸੇ ਵਿਚ ਅਦੀਨਾਬੇਗ ਨੇ ਸਿੱਖਾਂ ਦੀ ਕਤਲਾਮ ਦਾ ਹੁਕਮ ਦੇ ਦਿੱਤਾ। ਇਲਾਕੇ ਦੇ ਚੌਧਰੀਆਂ ਤੇ ਹਾਕਮਾਂ ਨੂੰ ਸਖ਼ਤ ਹੁਕਮ ਭੇਜੇ ਗਏ, ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਏ। ਜਿਨਾਂ ਸਿੱਖਾਂ ਦੀ ਮਦਦ ਨਾਲ ਅਦੀਨਾਬੇਗ ਕਈ ਵਾਰ ਆਪਣੇ ਸਿੰਘਾਸਣ 'ਤੇ ਬੈਠਾ ਸੀ, ਹੱਥ ਧੋ ਕੇ ਮਗਰ ਪੈ ਗਿਆ। ਅਦੀਨਾਬੇਗ ਜਾਣਦਾ ਸੀ, ਕਿ ਸਿੱਖਾਂ

## ਝੱਲ ਸਾੜੇ

ਦਾ ਅਜਿੱਤ ਕਿਲਾ ਦਰਿਆਵਾਂ ਦੇ ਝੱਲ ਹਨ।ਉਹਨੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਇਕ ਹਜ਼ਾਰ ਤਖਾਣ ਤੇ ਫੌਜ ਦੇ ਕੇ ਝੱਲ ਵਢਣ ਤੇ ਸਾੜਨ 'ਤੇ ਲਾ ਦਿੱਤਾ। ਝੱਲ ਵਿਚੋਂ ਨਿਕਲ ਕੇ ਸ: ਨੰਦ ਸਿੰਘ ਸਾਂਘਣਾ, ਜੱਸਾ ਸਿੰਘ ਰਾਮਗੜੀਆ, ਜੈ ਸਿੰਘ ਕਨ੍ਹਈਆ ਤੇ ਅਮਰ ਸਿੰਘ ਕਿੰਗਰਾ ਕੁਛ ਸਿੰਘਾਂ ਸਣੇ ਅੰਮ੍ਰਿਤਸਰ ਕਿਲਾ ਰਾਮਗੜ ਵਿਚ ਆ ਵੜੇ।

## ਰਾਮ ਗੜ ਨੂੰ ਘੇਰਾ

ਮੀਰ ਅਜ਼ੀਜ਼ ਨੇ ਰਾਮਗੜ੍ਹ ਨੂੰ ਘੇਰਾ ਪਾ ਲਿਆ। ਸਿੱਖ ਬੜੀਬਹਾਦਰੀ ਨਾਲ ਲੜੇ ਤੇ ਵੈਰੀ ਦੀ ਇਕਬਾਹੀ ਚੀਰ ਕੇ ਮਾਲਵੇ ਨੂੰ ਨਿਕਲ ਗਏ।

## ਸੰਘੋਲੋ ਦੀ ਲੜਾਈ

ਸਿੰਘ ਦੁਆਬੇ ਤੇ ਮਾਲਵੇ ਵਿਚ ਲੁੱਟਮਾਰ ਕਰਦੇ ਹੋਏ ਆਨੰਦਪੁਰ ਨੂੰ ਜਾ ਰਹੇ ਸਨ।ਉਹਨਾਂ ਦਾ ਡੇਰਾ ਪਿੰਡ ਸੰਘੋਲੇ ਵਿਚ ਸੀ, ਜਾਂਸਦੀਕਬੇਗ ਬੜੀ ਭਾਰੀ ਫ਼ੌਜ ਤੇ ਤੋਪਖ਼ਾਨਾਲੈ ਕੇ ਜਾ ਪਿਆ।ਏਸ ਹਮਲੇ ਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ।ਉਹ ਡੇਰਾ ਛੱਡ ਕੇ ਆਨੰਦਪੁਰ ਨੂੰ ਭੱਜ ਉਠੇ। ਸਦੀਕਬੇਗ ਤੋਪਖ਼ਾਨਾ ਪਿਛੇ ਛੱਡਕੇ ਸਿੱਖਾਂ ਦੇ ਮਗਰ ਪਿਆ। ਵੈਰੀ ਆਪਣੇ ਤੋਪਖ਼ਾਨੇ ਤੋਂ ਚਾਰ ਪੰਜ ਮੀਲ ਦੂਰ (ਰੋਪੜ ਕੋਲੈ ) ਚਲਾ ਗਿਆ, ਤਾਂ ਸਿੰਘਾਂ ਨੇ ਇਕ ਵਾਰ ਪਿਛੇ ਮੁੜ ਕੇ ਵੈਰੀ ਉੱਤੇ ਹਮਲਾਕਰ ਦਿੱਤਾ।

## ਰੋਪੜ ਦੀ ਲੜਾਈ ਵਿਚ ਸਦੀਕਬੇਗ ਹਾਰ ਗਿਆ ।

ਸਿੰਘਾਂ ਦੇ ਦਿਲ ਵਿਚ ਪਿਛਲੀ ਹਾਰ ਦੀ ਬੜੀ ਖਾਰ ਸੀ। ਉਹ ਇਸ ਦਲੇਰੀ ਨਾਲ ਲੜੇ, ਕਿ ਵੈਰੀ ਨੂੰ ਜਾਨ ਬਚਾਉਣ ਵਾਸਤੇ ਪਿੜ ਛੱਡ ਕੇ ਨੱਸਣਾ ਪਿਆ। ਸਦੀਕਬੇਗ ਭੱਜ ਕੇ ਸਰਹਿੰਦ ਜਾ ਵੜਿਆ। ਸਿੰਘਾਂ ਨੇ ਉਹਦਾ ਡੇਰਾ ਲੁੱਟ ਲਿਆ।ਏਥੋਂ ਤਰਨਾ ਦਲ ਨੇ ਆਨੰਦਪੁਰਹੋਲਾ ਮਹੱਲਾ ਜਾ ਕੀਤਾ ਤੇ ਬੁੱਢਾ ਦਲ ਡਰੋਲੀ ਆ ਬੈਠਾ।

## ਅਦੀਨਾਬੇਗ ਮਰਿਆ

ਥਾਂ-ਥਾਂ ਅਦੀਨਾਬੇਗ ਦੇ ਅਫ਼ਸਰ ਸਿੱਖਾਂ ਨੂੰ ਤੰਗ ਕਰਨ ਲੱਗੇ। ਪਰ ਇਹ ਤੰਗੀ ਛੇਤੀ ਹੀ ਕੱਟੀ ਗਈ। ਬਟਾਲੇ ਵਿਚ ਬੀਮਾਰ ਹੋ ਕੇ ਅਦੀਨਾਬੇਗ ਮਰ ਗਿਆ।

• ਬਾਕੀ ਅਗਲੇ ਅੰਕ ਵਿੱਚ

# ਮਹਾਨ ਜਰਨੈਲ ਬਾਬਾ ਜੀਵਨ ਸਿੰਘ

ਦਲਬੀਰ ਸਿੰਘ ਸੱਖੋਵਾਲੀਆ



ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਉਹ ਮਹਾਨ ਜਰਨੈਲ ਹੋਏ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨਾਲ ਵੱਖ ਵੱਖ ਜੰਗਾਂ ਵਿੱਚ ਹਿੱਸਾ ਲਿਆ ਤੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਉਹ ਤਲਵਾਰ ਦੇ ਧਨੀ, ਘੋੜਸਵਾਰੀ 'ਚ ਨਿਪੁੰਨ ਵਫ਼ਾਦਾਰ ਯੋਧੇ ਹੋਣ ਦੇ ਨਾਲ-ਨਾਲ ਇੱਕ ਕਵੀ ਵੀ ਸਨ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਸਦਾਨੰਦ ਅਤੇ ਮਾਤਾ ਦਾ ਨਾਮ ਲਾਜਵੰਤੀ ਸੀ। ਉਨ੍ਹਾਂ ਦਾ ਜਨਮ 1661 ਈਸਵੀ ਵਿੱਚ ਹੋਇਆ।

ਇਤਿਹਾਸ ਅਨੁਸਾਰ ਗੁਰੂ ਤੇਗ ਬਹਾਦਰ ਜਦੋਂ ਆਪਣੀ ਦੂਜੀ ਯਾਤਰਾ ਪਟਨਾ (ਬਿਹਾਰ) ਗਏ ਸਨ ਤਾਂ ਉਸ ਸਮੇਂ ਗੁਰੂ ਕੇ ਮਹਿਲ (ਮਾਤਾ ਗੁਜਰੀ ਜੀ), ਭਾਈ ਸਦਾਨੰਦ ਅਤੇ ਉਨ੍ਹਾਂ ਦੀ ਪਤਨੀ ਲਾਜਵੰਤੀ ਵੀ ਨਾਲ ਹੀ ਗਏ ਸਨ, ਜਿੱਥੇ ਭਾਈ ਜੈਤਾ ਦਾ ਜਨਮ 1661 ਵਿੱਚ ਹੋਇਆ। ਗੁਰੂ ਗੋਬਿੰਦ ਸਿੰਘ ਪਾਤਸ਼ਾਹ ਵੱਲੋਂ ਜਦੋਂ 1699 'ਚ ਆਨੰਦਪੁਰ ਸਾਹਿਬ ਵਿੱਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਗੁਰੂ ਜੀ ਨੇ ਚਾਰ ਸਾਹਿਬਜ਼ਾਦਿਆਂ ਨਾਲ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਦਾ ਨਾਂ ਭਾਈ ਜੈਤਾ ਤੋਂ ਬਾਬਾ ਜੀਵਨ ਸਿੰਘ ਰੱਖਿਆ। ਦਲਬੀਰ ਸਿੰਘ ਦੀ ਕਿਤਾਬ 'ਵਰਿਆਮ ਇਕੇਲਾ' ਅਨੁਸਾਰ, ਭਾਈ ਕਲਿਆਣ ਦੇ ਪੁੱਤਰ ਸੁੱਖਭਾਨ ਹੋਏ, ਅੱਗੋਂ ਉਨ੍ਹਾਂ ਦੇ ਪੁੱਤਰ ਜਸਭਾਨ ਹੋਏ ਸਨ। ਉਨ੍ਹਾਂ ਦੇ ਦੋ ਪੁੱਤਰ ਆਗਿਆ ਰਾਮ ਅਤੇ ਭਾਈ ਸਦਾਨੰਦ ਹੋਏ, ਪਰ ਭਾਈ ਸਦਾਨੰਦ ਬਚਪਨ ਤੋਂ ਸਾਧੂ ਸੁਭਾਅ ਦੇ ਹੋਣ ਕਰਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆ ਗਏ ਸਨ। ਜਿੱਥੇ ਨੌਵੇਂ ਗੁਰੂ ਤੇਗ ਬਹਾਦਰ ਪਾਤਸ਼ਾਹ ਅਤੇ ਮਾਤਾ ਗੁਜਰ ਕੌਰ ਦੇ ਕਹਿਣ 'ਤੇ ਭਾਈ ਸਦਾਨੰਦ ਦਾ ਵਿਆਹ ਦਿੱਲੀ ਦੇ ਪੰਡਿਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਨਾਲ ਹੋਇਆ। ਗੁਰੂ ਕੇ ਮਹਿਲ ਮਾਤਾ ਨਾਨਕੀ ਅਤੇ ਮਾਤਾ ਗੁਜਰ ਕੌਰ ਨੇ ਲਾਜਵੰਤੀ ਦਾ ਨਾਂ ਪ੍ਰੇਮੋ ਰੱਖਿਆ ਸੀ। ਉਨ੍ਹਾਂ ਦੇ ਦੋ ਪੁੱਤਰ ਜੈਤਾ (ਬਾਬਾ ਜੀਵਨ ਸਿੰਘ) ਅਤੇ ਛੋਟੇ ਪੁੱਤਰ ਸੰਗਤਾ (ਭਾਈ ਸੰਗਤ ਸਿੰਘ) ਹੋਏ।

ਬਾਬਾ ਜੀਵਨ ਸਿੰਘ ਯੁੱਧ ਵਿੱਦਿਆ ਦੇ ਮਾਹਿਰ, ਰਹਿਤਨਾਮਾਕਾਰ, ਕਵੀ ਅਤੇ ਵਿਦਵਾਨ ਸਨ। ਉਨ੍ਹਾਂ ਦੀ ਲਿਖੀ ਰਚਨਾ 'ਸ਼੍ਰੀ ਗੁਰੂ ਕਥਾ' ਵਿੱਚ ਦਰਜ ਹੈ, 'ਪ੍ਰਭ ਕ੍ਰਿਪਾ ਕਰ ਦੀਜੀਏ ਜੀਵਨ ਸਿੰਘ ਕੋ ਦਾਨ। ਤਨ ਮਨ ਧਨ ਅਰਪਿਤ ਕਰਹੂੰ ਪ੍ਰੀਤੀ ਕੇ ਪ੍ਰਮਾਨ।' ਉਸ ਸਮੇਂ ਦੀ ਇਤਿਹਾਸਿਕ ਜਾਣਕਾਰੀ ਵੀ ਲਿਖੀ ਹੈ ਕਿ ਕਿਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸਬੱਬ ਬਣਿਆ, ਔਰੰਗਜ਼ੇਬ ਦੀ ਕੂਟਨੀਤੀ ਕੀ ਸੀ, ਦਸਵੇਂ ਗੁਰੂ ਜੀ ਨਾਲ ਪਹਾੜੀ ਰਾਜਿਆਂ ਵੱਲੋਂ ਕਿਵੇਂ ਅਤੇ ਕਿਸ ਤਰ੍ਹਾਂ ਦਾ ਸਾੜਾ ਕੀਤਾ ਜਾਂਦਾ ਰਿਹਾ, ਸਬੰਧੀ ਗਿਆਨ ਭਰਪੂਰ ਜਾਣਕਾਰੀ ਮਿਲਦੀ ਹੈ।

ਨਿਸ਼ਾਨ ਸਿੰਘ ਗੰਡੀਵਿੰਡ ਦੀ ਰਚਿਤ ਕਿਤਾਬ 'ਸ਼ਹੀਦ ਬਾਬਾ ਜੀਵਨ ਸਿੰਘ, ਜੀਵਨ ਰਚਨਾ ਅਤੇ ਵਿਆਖਿਆ' ਨੂੰ ਘੋਖਣ 'ਤੇ ਉਨ੍ਹਾਂ ਦੁਆਰਾ ਰਚਿਤ ਸਾਹਿਤ ਵਿੱਚ ਖ਼ਾਲਸੇ ਦੀ ਸਾਜਨਾ ਦਾ ਜ਼ਿਕਰ ਮਿਲਦਾ ਹੈ, ਦਸਵੇਂ ਗੁਰੂ ਦੀਆਂ ਗਤੀਵਿਧੀਆਂ, ਸੇਵਾ, ਭਗਤੀ, ਕੁਰਬਾਨੀ ਅਤੇ ਆਤਮਿਕ ਸੱਚਾਈਆਂ ਬਾਰੇ ਵੀ ਲਿਖਿਆ ਕੀਤਾ ਗਿਆ ਹੈ। ਨੌਵੇਂ ਗੁਰੂ ਨੂੰ ਜਦੋਂ ਦਿੱਲੀ ਗ੍ਰਿਫ਼ਤਾਰ ਕੀਤਾ ਗਿਆ ਤਾਂ ਮੁਗਲ ਫ਼ੌਜਾਂ ਦੇ ਸਖ਼ਤ ਘੇਰੇ ਵਿੱਚੋਂ ਉਹ ਗੁਰੂ ਜੀ ਵੱਲੋਂ ਦਿੱਤੇ 57 ਸਲੋਕ, ਗੁਰਗੱਦੀ ਲਈ ਸਮੱਗਰੀ, ਪੰਜ ਪੈਸੇ, ਨਾਰੀਅਲ ਲੈ ਕੇ ਆਨੰਦਪੁਰ ਸਾਹਿਬ ਆਏ ਜਿੱਥੇ ਬਾਲ ਗੁਰੂ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਨੇ ਭਾਈ ਜੈਤਾ ਨੂੰ ਛਾਤੀ ਨਾਲ ਲਗਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦਿੱਤਾ। ਬਾਬਾ ਜੀਵਨ ਸਿੰਘ ਧਰਮ ਨੂੰ ਸਰਵਉੱਚ ਮੰਨਦੇ ਸਨ, ਉਨ੍ਹਾਂ ਵੱਲੋਂ ਗੁਰੂ ਕਥਾ 'ਚ ਦਰਜ ਹੈ 'ਜਯਤੇ ਸਰਵ ਉਤਮ ਧਰਮ ਜੂਝਨ ਬੀਚ ਮੈਦਾਨਿ। ਜੋ ਰਣ ਤੈ ਮੁਖ ਫੇਰ ਹੈ ਖੋਵਹਿ ਦੀਨ ਇਮਾਨ'।

ਉਨ੍ਹਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਗਤਕਾ, ਘੋੜਸਵਾਰੀ ਅਤੇ ਯੁੱਧ ਦੇ ਹੋਰ ਦਾਅ ਪੇਚ ਸਿਖਾਉਣ ਦਾ ਮਾਣ ਵੀ ਮਿਲਿਆ ਹੈ। ਬਾਬਾ ਜੀਵਨ ਸਿੰਘ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਨਾਲ ਆਖ਼ਰੀ ਦਮ ਤੱਕ ਬਿਖੜੇ ਰਾਹਾਂ ਦਾ ਪਾਂਧੀ ਰਿਹਾ। ਉਨ੍ਹਾਂ ਦੇ ਛੋਟੇ ਪੁੱਤਰ (ਭਾਈ ਗੁਲਜ਼ਾਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ) ਸਰਸਾ ਨਦੀ ਦੇ ਕੰਢੇ ਸ਼ਹੀਦ ਹੋ ਗਏ ਜਦੋਂਕਿ ਉਨ੍ਹਾਂ ਦੇ ਮਾਤਾ ਪ੍ਰੇਮੋ (ਮਾਤਾ ਲਾਜਵੰਤੀ), ਪਤਨੀ ਰਾਜ ਕੌਰ ਸਿਰਸਾ ਨਦੀ ਦੇ ਕੰਢੇ ਜਾਂ ਤਾਂ ਸ਼ਹੀਦ ਹੋ ਗਏ ਜਾਂ ਨਦੀ 'ਚ ਵਹਿ ਗਏ। ਬਾਬਾ ਜੀਵਨ ਸਿੰਘ ਦੇ ਵੱਡੇ ਪੁੱਤਰ ਸੇਵਾ ਸਿੰਘ ਅਤੇ ਸੁੱਖਾ ਸਿੰਘ, ਭਰਾ ਭਾਈ ਸੰਗਤ ਸਿੰਘ ਅਤੇ ਸਹੁਰਾ ਭਾਈ ਖਜਾਨ ਸਿੰਘ ਚਮਕੌਰ ਦੀ ਗੜ੍ਹੀ ਦੀ ਅਸਾਂਵੀ ਜੰਗ ਦੌਰਾਨ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਨੂੰ ਚਮਕੌਰ ਦੀ ਗੜ੍ਹੀ ਛੱਡਣ ਦੀ ਸਲਾਹ ਦਿੱਤੀ ਤਾਂ ਗੁਰੂ ਜੀ ਨੇ ਬਾਬਾ ਜੀਵਨ ਸਿੰਘ ਨੂੰ ਆਪਣੀ ਦਸਤਾਰ, ਖ਼ੁਦ ਕਲਗੀ ਸਜਾ ਕੇ ਗੜ੍ਹੀ ਦੀ ਮਮਟੀ 'ਤੇ ਬੈਠਾਇਆ ਤਾਂ ਜੋ ਗੁਰੂ ਗੋਬਿੰਦ ਸਿੰਘ ਦੇ ਯੁੱਧ ਵਿੱਚ ਦੁਸ਼ਮਣ ਫ਼ੌਜਾਂ ਨੂੰ ਹਾਜ਼ਰ ਹੋਣ ਦਾ ਭੁਲੇਖਾ ਪੈਂਦਾ ਰਹੇ। ਬਾਬਾ ਜੀਵਨ ਸਿੰਘ ਗੜ੍ਹੀ ਦੀ ਮਮਟੀ 'ਤੇ ਆਪਣੀ ਨਾਗਣੀ ਅਤੇ ਬਾਗਣੀ ਬੰਦੂਕ ਨਾਲ ਫ਼ੌਜਾਂ ਨੂੰ ਟੱਕਰ ਦਿੰਦੇ ਹੋਏ ਅੰਤ ਨੂੰ ਸ਼ਹੀਦ ਹੋ ਗਏ।

ਮੁਗ਼ਲ ਫ਼ੌਜਾਂ ਬਾਬਾ ਜੀਵਨ ਸਿੰਘ ਦੇ ਕਲਗੀ ਲੱਗੇ ਸੀਸ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਝ ਕੇ ਦਿੱਲੀ ਔਰੰਗਜ਼ੇਬ ਨੂੰ ਦਿਖਾਉਣ ਲੈ ਗਏ, ਪਰ ਔਰੰਗਜ਼ੇਬ ਦੀ ਪੁੱਤਰੀ ਜੈਬੋਨਿਸ਼ਾ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਸੀਸ ਗੁਰੂ ਗੋਬਿੰਦ ਸਿੰਘ ਦਾ ਹੈ। ਬਾਬਾ ਜੀਵਨ ਸਿੰਘ ਇੱਕੋ-ਇੱਕ ਅਜਿਹੇ ਯੋਧੇ ਹੋਏ ਜੋ ਆਪਣੀਆਂ ਦੋ ਬੰਦੂਕਾਂ ਨਾਗਣੀ ਅਤੇ ਬਾਗਣੀ ਨੂੰ ਇੱਕੋ ਸਮੇਂ ਚਲਾਉਣ ਦੀ ਮੁਹਾਰਤ ਰੱਖਦੇ ਸਨ। ਹਿਸਟੋਰੀਅਨ ਲਕਸ਼ਮਣ ਸਿੰਘ ਗਿੱਲ ਦੀ ਕਿਤਾਬ 'ਉਮਰ ਕੈਦੀ' ਵਿੱਚ ਬਿਆਨ ਕੀਤਾ ਕਿ ਉਹ ਸ਼ਕਤੀਸ਼ਾਲੀ ਯੋਧਾ ਦਸਮੇਸ਼ ਦਲਾਂ ਦੇ ਜਰਨੈਲ ਅਤੇ ਸਿੱਖ ਗੁਪਤ ਵਿਭਾਗ ਦੇ ਮੁਖੀ ਤੀਖਣਬੁੱਧੀ, ਸਤਿਕਾਰਤ, ਨਿਡਰ, ਸੂਝਬੂਝ, ਸ਼ਰਧਾ ਅਤੇ ਸੂਰਮਗਤੀ ਦੇ ਮਾਲਕ ਹੋਏ। ਦੁੱਖਦਾਈ ਗੱਲ ਇਹ ਹੈ ਕਿ ਅਜਿਹੇ ਮਹਾਨ ਜਰਨੈਲ ਅਤੇ ਉਸ ਦੇ ਪਰਿਵਾਰ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਕੁਝ ਅਖੌਤੀ ਇਤਿਹਾਸਕਾਰਾਂ ਨੇ ਇਨਸਾਫ਼ ਨਹੀਂ ਦਿੱਤਾ, ਸਗੋਂ ਸਿੱਖ ਕੌਮ ਅੰਦਰ ਅਨੇਕਾਂ ਭਰਮ ਭੁਲੇਖੇ ਪਾਉਣ ਦੇ ਯਤਨ ਕੀਤੇ।

ਸਿੱਖ ਇਤਿਹਾਸ ਦੇ ਅਣਗੌਲੇ ਪਾਤਰ

# ਕੁੰਮਾ ਮਾਸ਼ਕੀ ਤੇ ਬੀਬੀ ਲੱਛਮੀ

ਸਿੱਖ ਇਤਿਹਾਸ ਸ਼ਹਾਦਤਾਂ ਦਾ ਦੂਜਾ ਨਾਂ ਹੈ। ਜਿਉਂ ਹੀ ਦਸੰਬਰ ਮਹੀਨਾ ਸ਼ੁਰੂ ਹੁੰਦਾ ਹੈ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਦੇ ਅਤਿ ਔਖੇ ਪਲਾਂ ਦੀ ਯਾਦ ਮਨ ਨੂੰ ਝੰਜੋੜਨ ਲੱਗਦੀ ਹੈ। 20-21 ਦਸੰਬਰ 1704 ਦੀ ਰਾਤ ਨੂੰ ਆਨੰਦਗੜ੍ਹ ਕਿਲ੍ਹਾ (ਆਨੰਦਪੁਰ ਸਾਹਿਬ) ਛੱਡਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮੁਸ਼ਕਲਾਂ ਨਾਲ ਜੂਝਦੇ ਰਹੇ। ਬਿਖੜੇ ਪੈਂਡਿਆਂ 'ਤੇ ਤੁਰਦਿਆਂ ਵੀ ਉਹ ਸਮੁੱਚੀ ਮਨੁੱਖਤਾ ਲਈ ਰਾਹ ਦਸੇਰਾ ਬਣ ਗਏ।

ਇਸੇ ਕਹਿਰ ਭਰੀ ਰਾਤ ਨੂੰ ਮੁਗ਼ਲ ਦੁਸ਼ਮਣਾਂ ਵੱਲੋਂ ਵਸਾਹਘਾਤ ਕਰ ਕੇ ਕੀਤੇ ਹਮਲੇ ਅਤੇ ਸਰਸਾ ਨਦੀ ਵਿੱਚ ਆਏ ਹੜ੍ਹ ਕਾਰਨ ਪਰਿਵਾਰ ਸਰਸਾ ਨਦੀ ਤੋਂ ਵਿੱਛੜ ਗਿਆ। ਗੁਰੂ ਜੀ ਨਾਲ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਮਾਤਾ ਗੁਜਰੀ ਨਾਲ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸਮੇਂ ਦੀ ਕਰੋਪੀ ਨੇ ਅੱਡ-ਅੱਡ ਦਿਸ਼ਾਵਾਂ ਵੱਲ ਤੋਰ ਦਿੱਤੇ। ਇੱਥੋਂ ਹੀ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ, ਭਾਈ ਮਨੀ ਸਿੰਘ ਨਾਲ ਆਪਣੇ ਪਰਿਵਾਰ ਤੋਂ ਵਿਛੜ ਗਏ।

ਸਰਸਾ ਤੋਂ ਵਿੱਛੜ ਕੇ ਮਾਤਾ ਜੀ ਨੇ ਮਾਸੂਮ ਬਾਲਾਂ ਨਾਲ ਕੁੰਮੇ ਮਾਸ਼ਕੀ ਦੀ ਝੁੱਗੀ ਵਿੱਚ ਚਰਨ ਪਾਏ ਸਨ। ਤਕਦੀਰ ਅਤੇ ਹਾਲਾਤ ਨੇ ਜਦੋਂ ਮਾਤਾ ਗੁਜਰੀ ਜੀ ਨੂੰ ਸੱਤ ਅਤੇ ਨੌਂ ਸਾਲਾਂ ਦੇ ਮਾਸੂਮ ਬਾਲਾਂ ਦੀਆਂ ਉਂਗਲਾਂ ਫੜਾ ਕੇ ਸਰਸਾ ਨਦੀ ਦੇ ਕਿਨਾਰਿਓਂ ਤੋਰ ਦਿੱਤਾ, ਉਦੋਂ ਸ਼ਹਾਦਤ ਦੇ ਰਾਹ ਦਾ ਪਹਿਲਾ ਪੜਾਅ ਇਹ ਸਥਾਨ ਕੁੰਮੇ ਮਾਸ਼ਕੀ ਦੀ ਝੁੱਗੀ ਦੱਸੀ ਜਾਂਦੀ ਹੈ।

ਇਤਿਹਾਸਕਾਰਾਂ ਅਨੁਸਾਰ ਮਾਤਾ ਜੀ ਪਰਿਵਾਰ ਤੋਂ ਵਿੱਛੜ ਕੇ ਸਰਸਾ ਨਦੀ ਦੇ ਕਿਨਾਰੇ ਤੁਰਦੇ ਹੋਏ ਸਤਲੁਜ ਦਰਿਆ ਦੇ ਪੱਤਣ 'ਤੇ ਪੁੱਜ ਗਏ, ਜਿੱਥੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਅਭੇਦ ਹੋ ਜਾਂਦੀ ਹੈ। ਸਰਸਾ ਤੇ ਸਤਲੁਜ ਦੇ ਇਸੇ ਸਾਂਝੇ ਪੱਤਣ ਉੱਤੇ 'ਕੁੰਮਾ' ਨਾਂ ਦੇ ਮਾਸ਼ਕੀ ਦੀ ਘਾਹ-ਫੂਸ ਅਤੇ ਕੱਖਾਂ ਕਾਨਿਆਂ ਦੀ ਛੋਟੀ ਜਿਹੀ ਛੰਨ ਸੀ। ਬਿਖੜੇ ਰਾਹਾਂ ਤੋਂ ਤੁਰਦੇ ਮਾਤਾ ਜੀ ਦੋਵਾਂ ਪੋਤਰਿਆਂ ਸਮੇਤ ਇੱਥੇ ਪੁੱਜੇ।

ਕੁੰਮਾ ਮਾਸ਼ਕੀ ਨੇਕ ਤੇ ਰੱਬ ਦਾ ਖ਼ੌਫ਼ ਖਾਣ ਵਾਲਾ ਇਨਸਾਨ ਸੀ। ਉਸ ਨੇ ਤਿੰਨਾਂ ਰੂਹਾਨੀ ਮੂਰਤਾਂ ਨੂੰ ਆਪਣੀ ਛੰਨ ਵਿੱਚ ਵਿਸ਼ਰਾਮ ਕਰਨ ਦੀ ਬੇਨਤੀ ਕੀਤੀ। ਉਸ ਰਾਤ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਠਾਹਰ ਕੀਤੀ।

ਨੇੜਲੇ ਨਗਰ ਵਿੱਚ ਲੱਛਮੀ ਨਾਂ ਦੀ ਇੱਕ ਬ੍ਰਾਹਮਣ ਔਰਤ ਰਹਿੰਦੀ ਸੀ। ਕੁੰਮਾ ਮਾਸ਼ਕੀ ਉਸ ਤੋਂ ਭੋਜਨ ਲੈ ਕੇ ਆਇਆ। ਉਸ ਔਰਤ ਨੇ ਠੰਢ ਤੋਂ ਬਚਣ ਲਈ ਕੁਝ ਗਰਮ ਕੱਪੜੇ ਵੀ ਦਿੱਤੇ। ਦਿਨ ਚੜ੍ਹੇ ਬੀਬੀ ਲੱਛਮੀ ਆਪ ਭੋਜਨ ਤਿਆਰ ਕਰ ਕੇ ਲਿਆਈ ਤੇ ਕੁੰਮੇ ਮਾਸ਼ਕੀ ਸਮੇਤ ਚਾਰਾਂ ਨੂੰ ਅੰਨ ਪਾਣੀ ਛਕਾਇਆ।

ਇਤਿਹਾਸਕਾਰਾਂ ਅਨੁਸਾਰ ਗੰਗੂ ਬ੍ਰਹਮਣ ਵੀ ਕੁੰਮੇ ਮਾਸ਼ਕੀ ਦੀ ਛੰਨ 'ਚ ਆ ਕੇ ਹੀ ਮਾਤਾ ਜੀ ਨੂੰ ਮਿਲਿਆ। ਇਸ ਦਾ ਪਤਾ 'ਪੋਹ ਦੀਆਂ ਰਾਤਾਂ' ਨਾਮੀ ਪੁਸਤਕ ਵਿੱਚੋਂ ਮਿਲਦਾ ਹੈ। ਇਹ ਛੰਨ ਵਾਲਾ ਸਥਾਨ ਵੀ ਪਿੰਡ ਚੱਕ ਢੇਰਾ, ਜ਼ਿਲ੍ਹਾ ਰੋਪੜ ਵਿੱਚ ਹੀ ਹੈ।

ਪੁਰਾਤਨ ਹਵਾਲੇ ਦੇ ਕੇ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਇੱਕ ਖੱਚਰ ਸਮੇਤ ਕੁੰਮਾ ਮਾਸ਼ਕੀ ਮਾਤਾ ਜੀ, ਦੋਵਾਂ ਸਾਹਿਬਜ਼ਾਦਿਆਂ ਤੇ ਗੰਗੂ ਨੂੰ ਆਪਣੀ ਬੇੜੀ ਵਿੱਚ ਬਿਠਾ ਕੇ ਸਤਲੁਜ ਦਰਿਆ ਕੰਢੇ ਪਿੰਡ ਚੱਕ ਢੇਰਾ ਲਿਆਇਆ। ਇੱਥੋਂ ਹੀ ਗੰਗੂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈ ਗਿਆ।

ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਗੰਗੂ ਨੂੰ ਪਤਾ ਸੀ ਕਿ ਮਾਤਾ ਜੀ ਕੋਲ ਧਨ ਦੌਲਤ ਹੈ, ਇਸੇ ਖੋਟੀ ਨੀਅਤ ਸਦਕਾ ਉਹ ਮਾਤਾ ਜੀ ਨੂੰ ਲੱਭਦਾ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਆ ਮਿਲਿਆ। ਮਾਤਾ ਗੁਜਰੀ ਜੀ ਨੇ ਇੱਥੋਂ ਜਾਣ ਸਮੇਂ ਬੀਬੀ ਲੱਛਮੀ ਨੂੰ ਦੋ ਮੋਹਰਾਂ ਦੇ ਮੁੱਲ ਵਾਲੀ ਕੀਮਤੀ ਆਰਸੀ ਤੇ ਸੋਨੇ ਦੀਆਂ ਪੰਜ ਚੂੜੀਆਂ ਦਿੱਤੀਆਂ ਸਨ। ਕੁੰਮੇ ਮਾਸ਼ਕੀ ਨੂੰ ਮਾਤਾ ਜੀ ਨੇ ਪੰਜ ਰੁਪਏ ਦਿੱਤੇ।

ਗੰਗੂ ਲਾਲਚ ਵੱਸ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਇਸ ਥਾਂ ਤੋਂ ਜੰਗਲ-ਬੀਆਬਾਨਾਂ ਵਿੱਚ ਘੁਮਾਉਂਦਾ 'ਕਾਈਨੌਰ' ਪਿੰਡ ਪੁੱਜ ਗਿਆ, ਜੋ ਹੁਣ ਮੋਰਿੰਡਾ ਦੇ ਨੇੜੇ ਜ਼ਿਲ੍ਹਾ ਰੋਪੜ ਵਿੱਚ ਸਥਿਤ ਹੈ। ਇੱਥੇ ਉਨ੍ਹਾਂ ਇੱਕ ਤਲਾਅ ਉੱਤੇ ਸੰਘਣੀ ਝਿੜੀ ਵਿੱਚ ਰਾਤ ਗੁਜ਼ਾਰੀ। ਦੂਜੇ ਦਿਨ ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ, ਜਿਸ ਦਾ ਨਾਂ ਵੀ ਲੋਕ ਨਹੀਂ ਲੈਂਦੇ।

- ਪਰਮਜੀਤ ਕੌਰ ਸਰਹਿੰਦ, ਸੰਪਰਕ: 98728-98599

# ਕੌਣ ਸਨ ਨਬੀ ਖਾਨ-ਗਨੀ ਖਾਨ ਜਿਨਾਂ ਉੱਚ ਦੇ ਪੀਰ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਾ ਕੀਤੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਜੰਗ ਵਿੱਚ ਕੁਝ ਲਾਡਲਿਆਂ ਨੂੰ ਪੰਥ ਤੋਂ ਵਾਰ ਕੇ ਅਤੇ ਕੁਝ ਨੂੰ ਜੂਝਦਾ ਛੱਡ ਕੇ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ , ਭਾਈ ਸੰਗਤ ਸਿੰਘ ਨੂੰ ਜਿਗ਼ਾ ਕਲਗੀ ਸੌਂਪ ਕੇ ਉੱਥੋਂ ਨਿਕਲ ਪਏ। ਜੰਗਲਾਂ ਵਿੱਚੋਂ ਹੁੰਦੇ ਹੋਏ ਝਾੜ ਵਿੱਚ ਵਿਸ਼ਰਾਮ ਕਰਨ ਮਗਰੋਂ ਗੁਰੂ ਜੀ ਮਾਛੀਵਾੜਾ ਵਿੱਚ ਨਗਰ ਤੋਂ ਬਾਹਰ ਗੁਲਾਬੇ ਖੱਤਰੀ ਦੇ ਬਾਗ਼ ਵਿੱਚ ਆ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਪੋਹ ਮਹੀਨੇ ਦੀਆਂ ਠੰਢੀਆਂ ਰਾਤਾਂ ਵਿੱਚ ਇੱਥੇ ਪੁੱਜੇ ਸਨ। ਇਸ ਸਮੇਂ ਤਕ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋ ਚੁੱਕੇ ਸਨ ਗ਼ਜ਼ਾਨ ਤੋਂ ਪਿਆਰੇ ਵਿੱਛੜ ਗਏ ਪਰ ਫਿਰ ਵੀ ਦਸਮੇਸ਼ ਪਿਤਾ ਦਾ ਸਿਦਕ ਨਹੀਂ ਡੋਲਿਆ। ਉਨ੍ਹਾਂ ਅਕਾਲ ਪੁਰਖ ਨੂੰ ਸੰਬੋਧਨ ਹੁੰਦਿਆਂ ਇਹ ਸ਼ਬਦ ਕਹੇ:

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਿਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ*
*ਬਿੰਗ ਕਸਾਈਆਂ ਦਾ ਸਹਿਣਾ॥*
*ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥ ੧ ॥੧ ॥*

**ਗੁਰਦੁਆਰਾ ਗਨੀ ਖਾਂ ਨਬੀ ਖਾਂ:** ਘੋੜਿਆਂ ਦੇ ਸੁਦਾਗਰ (ਵਪਾਰੀ) ਭਾਈ ਗਨੀ ਖਾਂ ਤੇ ਨਬੀ ਖਾਂ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦਾ ਪਤਾ ਲੱਗਾ ਤਾਂ ਉਹ ਗੁਰੂ ਜੀ ਨੂੰ ਭਾਈ ਗੁਲਾਬੇ ਅਤੇ ਪੰਜਾਬੇ ਦੇ ਘਰੋਂ ਆਪਣੇ ਘਰ ਲੈ ਗਏ। ਦੋਵਾਂ ਭਰਾਵਾਂ ਨੇ ਸ਼ਰਧਾ ਨਾਲ ਗੁਰੂ ਜੀ ਦੀ ਸੇਵਾ ਕੀਤੀ। ਭਾਈ ਗਨੀ ਖਾਂ ਤੇ ਨਬੀ ਖਾਂ ਦੇ ਘਰ ਬੈਠ ਕੇ ਸਾਰਿਆਂ ਨੇ ਗੁਰੂ ਸਾਹਿਬ ਨੂੰ ਮੁਗ਼ਲਾਂ ਦੀ ਫ਼ੌਜ ਦੇ ਘੇਰੇ ਵਿੱਚੋਂ ਕੱਢਣ ਦੀ ਵਿਉਂਤ ਬਣਾਈ। ਇਸ ਸਮੇਂ ਭਾਈ ਗੁਲਾਬੇ, ਭਾਈ ਪੰਜਾਬੇ, ਗਨੀ ਖਾਂ ਤੇ ਨਬੀ ਖਾਂ ਤੋਂ ਇਲਾਵਾ ਪੰਜ ਪੀਰ ਸੱਯਦ ਅਨਾਇਤ ਅਲੀ, ਨੂਰਪੁਰੀਆ, ਕਾਜ਼ੀ ਪੀਰ ਮੁਹੰਮਦ, ਸੁਬੇਗ ਸ਼ਾਹ ਹਲਵਾਰੀਆ, ਸੱਯਦ ਹਸਨ ਅਲੀ ਤੇ ਕਾਜ਼ੀ ਚਿਰਾਗ ਸ਼ਾਹ ਵੀ ਮੌਜੂਦ ਸਨ।



ਗੁਰਦੁਆਰਾ ਗਨੀ ਖਾਂ ਨਬੀ ਖਾਂ ਦੇ ਅਸਥਾਨ 'ਤੇ ਮਾਤਾ ਸੋਮਾ, ਮਾਤਾ ਦੇਸਾਂ (ਜਿਨ੍ਹਾਂ ਵਿੱਚੋਂ ਇੱਕ ਬਾਅਦ ਵਿੱਚ ਮਾਤਾ ਹਰਦੇਈ ਦੇ ਨਾਂ ਨਾਲ ਜਾਣੀ ਗਈ) ਵੱਲੋਂ ਸ਼ਰਧਾ ਅਤੇ ਪਿਆਰ ਨਾਲ ਤਿਆਰ ਕੀਤੀ ਖੱਦਰ ਦੀ ਪੋਸ਼ਾਕ (ਚੋਲਾ) ਗ੍ਰਹਿਣ ਕਰਨ ਪਿੱਛੋਂ ਗੁਰੂ ਜੀ ਸਿਰ 'ਤੇ ਢਿੱਲਾ ਜਿਹਾ ਪਰਨਾ ਬੰਨ੍ਹ ਕੇ ਤੇ ਕੇਸ ਪਿੱਛੇ ਨੂੰ ਖੁੱਲ੍ਹੇ ਛੱਡ ਕੇ 'ਉੱਚ ਦੇ ਪੀਰ' ਦੇ ਭੇਸ ਵਿੱਚ ਇੱਕ ਪਲੰਘ ਉੱਤੇ ਬੈਠ ਗਏ। ਗਨੀ ਖਾਂ ਅਤੇ ਨਬੀ ਖਾਂ ਭਰਾਵਾਂ ਨੇ ਪਲੰਘ ਨੂੰ ਅਗਲੇ ਪਾਸਿਓਂ ਅਤੇ ਭਾਈ ਦਇਆ ਸਿੰਘ ਤੇ ਧਰਮ ਸਿੰਘ ਨੇ ਪਿਛਲੇ ਪਾਸਿਓਂ ਚੁੱਕ ਲਿਆ ਤੇ ਤੁਰ ਪਏ। ਭਾਈ ਮਾਨ ਸਿੰਘ ਉਨ੍ਹਾਂ ਨੂੰ ਚੌਰ (ਚਵਰ) ਕਰ ਰਹੇ ਸਨ। ਪਿੰਡ ਤੋਂ ਬਾਹਰ ਨਿਕਲਦਿਆਂ ਹੀ ਮੁਗ਼ਲ ਫ਼ੌਜ ਨੇ ਉਨ੍ਹਾਂ ਨੂੰ ਰੋਕ ਲਿਆ। ਮੁਗ਼ਲ ਜਰਨੈਲ ਦਿਲਾਵਰ ਸਿੰਘ ਨੇ ਪੁੱਛਿਆ ਕਿ ਪਲੰਘ 'ਤੇ ਕੌਣ ਹੈ ਤਾਂ ਗਨੀ ਖਾਂ ਤੇ ਨਬੀ ਖਾਂ ਨੇ ਕਿਹਾ, "ਸਾਡੇ ਉੱਚ ਦੇ ਪੀਰ ਹਨ।" ਨੇੜਲੇ ਪਿੰਡ ਸੱਯਦ ਪੀਰ ਮੁਹੰਮਦ ਕਾਜ਼ੀ ਨੂੰ ਸੁਨੇਹਾ ਭੇਜਿਆ ਗਿਆ। ਉਸ ਨੇ ਭਾਵੇਂ ਆਉਂਦਿਆਂ ਹੀ ਗੁਰੂ ਸਾਹਿਬ ਨੂੰ ਪਛਾਣ ਲਿਆ ਕਿਉਂਕਿ ਗੁਰੂ ਸਾਹਿਬ ਨੇ ਉਸ ਕੋਲੋਂ ਫ਼ਾਰਸੀ ਪੜ੍ਹੀ ਸੀ ਪਰ ਸ਼ਰਧਾ ਵਿੱਚ ਗੜੁੱਚ ਕਾਜ਼ੀ ਨੇ ਪਰਮਾਤਮਾ ਦੀ ਰਜ਼ਾ ਅਨੁਸਾਰ ਕਹਿ ਦਿੱਤਾ ਕਿ ਉਹ ਉੱਚ ਦੇ ਪੀਰ ਹਨ, ਉਨ੍ਹਾਂ ਨੂੰ ਰੋਕਿਆ ਨਾ ਜਾਵੇ। ਜੇ ਰੋਕਿਆ ਤਾਂ ਕਿਆਮਤ ਆ ਜਾਵੇਗੀ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗਨੀ ਖਾਂ ਤੇ ਨਬੀ ਖਾਂ ਦੋਵੇਂ ਭਰਾ ਦਸਮੇਸ਼ ਪਿਤਾ ਜੀ ਕੋਲ ਕੁਝ ਸਮਾਂ ਨੌਕਰ ਰਹੇ। ਜਦੋਂ ਚਮਕੌਰ ਸਾਹਿਬ ਤੋਂ ਚੱਲ ਕੇ ਕਲਗੀਧਰ ਪਾਤਸ਼ਾਹ ਮਾਛੀਵਾੜਾ ਆਏ ਉਦੋਂ ਇਹ ਪ੍ਰੇਮ ਭਾਵ ਨਾਲ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਸਤਿਗੁਰੂ ਦਾ ਪਲੰਘ ਉਠਾ ਕੇ ਹੇਹਰ ਪਿੰਡ ਤਕ ਸਾਥ ਰਹੇ। ਜਗਤ ਗੁਰੂ ਨੇ ਇਸ ਥਾਂ ਤੋਂ ਇਨ੍ਹਾਂ ਨੂੰ ਵਿਦਾ ਕਰਨ ਵੇਲੇ ਹੁਕਮਨਾਮਾ ਬਖ਼ਸ਼ਿਆ ਜਿਸ ਵਿੱਚ ਲਿਖਿਆ ਹੈ ਕਿ ਗਨੀ ਖਾਂ ਅਤੇ ਨਬੀ ਖਾਂ ਸਾਨੂੰ ਪੁੱਤਰਾਂ ਤੋਂ ਵੱਧ ਪਿਆਰੇ ਹਨ।

ਇਸ ਪਵਿੱਤਰ ਅਸਥਾਨ 'ਤੇ ਗੁਰੂ ਸਾਹਿਬ ਨੇ ਦੋ ਦਿਨ ਤੇ ਦੋ ਰਾਤਾਂ ਆਰਾਮ ਕੀਤਾ। ਦਸਮੇਸ਼ ਪਿਤਾ ਜੀ ਵੱਲੋਂ ਬਖ਼ਸ਼ਿਸ਼ ਹੁਕਮਨਾਮਾ ਅੱਜ ਵੀ ਗਨੀ ਖਾਂ ਤੇ ਨਬੀ ਖਾਂ ਦੀ ਨੌਂਵੀਂ ਪੀੜ੍ਹੀ ਕੋਲ ਅਦਬ-ਸਤਿਕਾਰ ਨਾਲ ਜ਼ਿਲ੍ਹਾ ਲਾਹੌਰ ਪਾਕਿਸਤਾਨ ਵਿੱਚ ਸੰਭਾਲਿਆ ਹੋਇਆ ਹੈ। ਗਨੀ ਖਾਂ ਤੇ ਨਬੀ ਖਾਂ ਦੇ ਘਰ ਉਨ੍ਹਾਂ ਦੀਆਂ ਸਮਾਧਾਂ ਬਣੀਆਂ ਹੋਈਆਂ ਹਨ। ਇਹ ਸੁੰਦਰ ਗੁਰਦੁਆਰਾ ਬੱਸ ਸਟੈਂਡ ਦੇ ਨਜ਼ਦੀਕ ਹੀ ਸਥਿਤ ਹੈ।

# ਵੱਡੇ ਸਾਹਿਬਜ਼ਾਦਿਆਂ ਦਾ ਅੰਤਿਮ ਸਸਕਾਰ ਕਰਨ ਵਾਲੀ ਸ਼ਹੀਦ ਬੀਬੀ ਹਰਸ਼ਰਨ ਕੌਰ

ਸਿੱਖ ਧਰਮ ਵਿੱਚ ਦਲੇਰ ਸਿੱਖ ਬੀਬੀਆਂ ਦਾ ਨਾਮ ਬੜੇ ਮਾਣ ਸਤਿਕਾਰ ਨਾਲ ਲਿਆ ਜਾਂਦਾ ਹੈ। ਸ਼ਹੀਦ ਬੀਬੀ ਹਰਸ਼ਰਨ ਕੌਰ ਦਾ ਨਾਮ ਵੀ ਬੜੇ ਮਾਣ ਸਤਿਕਾਰ ਨਾਲ ਲਿਆ ਜਾਂਦਾ ਹੈ। ਉਨ੍ਹਾਂ ਨੇ ਬਿਨਾਂ ਕਿਸੇ ਦੀ ਪਰਵਾਹ ਕੀਤਿਆਂ ਤੇ ਮੁਗਲ ਫੌਜਾਂ ਦਾ ਗੁਰੂਰ ਤੋੜਦਿਆਂ ਉਹ ਕਰ ਦਿਖਾਇਆ ਜੋ ਕਦੀਂ ਕਿਸੇ ਨੇ ਸੋਚਿਆ ਵੀ ਨਹੀਂ ਹੋ ਸਕਦਾ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਮਗਰੋਂ ਜਦੋਂ ਗੁਰੂ ਗੋਬਿੰਦ ਸਿੰਘ ਜੀ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਪੰਜ ਪਿਆਰੇ ਤੇ ਹੋਰ ਸਿੰਘ ਸਰਸਾ ਨਦੀ ਪਾਰ ਕਰਕੇ ਚਮਕੌਰ ਪਹੁੰਚੇ ਤਾਂ ਉਨ੍ਹਾਂ ਦੇ ਪਿੱਛੇ-ਪਿੱਛੇ ਮੁਗਲ ਫੌਜਾਂ ਵੀ ਚਮਕੌਰ ਪਹੁੰਚ ਗਈਆਂ। ਜਦੋਂ ਚਮਕੌਰ ਸਾਹਿਬ ਵਿਖੇ ਯੁੱਧ ਹੋਇਆ ਤਾਂ ਵੱਡੇ ਸਾਹਿਬਜ਼ਾਦੇ ਤੇ ਸਿੰਘ ਸ਼ਹੀਦ ਹੋ ਗਏ, ਜਿਸ ਤੋਂ ਬਾਅਦ ਗੁਰੂ ਜੀ ਨੇ ਬਚੇ ਪੰਜ ਸਿੰਘਾਂ ਨੂੰ ਬੇਨਤੀ ਕੀਤੀ ਕਿ ਖ਼ਾਲਸਾ ਪੰਥ ਦੀ ਖ਼ਾਤਰ ਉਹ ਰਾਤ ਦੇ ਹਨੇਰੇ ਵਿਚ ਗੜ੍ਹੀ ਛੱਡ ਕੇ ਚਲੇ ਜਾਣ। ਨਾ ਮੰਨਣ 'ਤੇ ਉਨ੍ਹਾਂ ਨੇ ਖਾਲਸੇ ਦੇ ਤੌਰ 'ਤੇ ਹੁਕਮ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਦੇ ਜੰਗਲ ਵੱਲ ਨਿਕਲ ਗਏ ਜਿਥੇ ਉਨ੍ਹਾਂ ਨੂੰ ਪਿੱਛੇ ਆ ਰਹੇ ਤਿੰਨ ਸਿੰਘਾਂ ਨੇ ਮਿਲਣਾ ਸੀ।

ਦੋ ਸਿੰਘ ਪਿੱਛੇ ਗੜ੍ਹੀ ਵਿਚ ਮੁਗ਼ਲਾਂ ਦਾ ਮੁਕਾਬਲਾ ਕਰਨ ਲਈ ਠਹਿਰ ਗਏ। ਰਸਤੇ ਵਿਚ ਗੁਰੂ ਸਾਹਿਬ ਬੀਬੀ ਹਰਸ਼ਰਨ ਕੌਰ ਦੇ ਪਿੰਡ ਪਹੁੰਚੇ, ਜਿਸ ਨੇ ਉਨ੍ਹਾਂ ਨੂੰ ਪਛਾਣ ਲਿਆ। ਬੀਬੀ ਨੇ ਸਾਹਿਬਜ਼ਾਦਿਆਂ ਨੂੰ ਬਚਪਨ ਵਿਚ ਖਿਡਾਇਆ ਸੀ। ਉਸ ਨੇ ਜਦੋਂ ਉਨ੍ਹਾਂ ਬਾਰੇ ਪੁੱਛਿਆ ਤਾਂ ਗੁਰੂ ਸਾਹਿਬ ਨੇ ਚਮਕੌਰ ਦੇ ਯੁੱਧ ਵਿਚ ਪਾਈਆਂ ਸ਼ਹੀਦੀਆਂ ਬਾਰੇ ਦੱਸਿਆ। ਬੀਬੀ ਹਰਸ਼ਰਨ ਕੌਰ ਰਾਤ ਦੇ ਹਨੇਰੇ ਵਿਚ ਪੋਲੇ ਪੈਰੀਂ ਯੁੱਧ ਦੇ ਮੈਦਾਨ ਵਿਚ ਪਹੁੰਚੀ। ਮੁਗ਼ਲ ਫ਼ੌਜ ਯੁੱਧ ਤੋਂ ਥੱਕ ਹਾਰ ਕੇ ਤੰਬੂਆਂ ਵਿਚ ਸੌਂ ਰਹੀ ਸੀ। ਬੀਬੀ ਨੇ ਪਛਾਣ ਕੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਸਿੰਘਾਂ ਦੇ ਸਰੀਰ ਇਕੱਠੇ ਕੀਤੇ। ਆਸ-ਪਾਸ ਤੋਂ ਜਿੰਨੀਆਂ ਵੀ ਲੱਕੜਾਂ ਇਕੱਠੀਆਂ ਕਰ ਸਕੀ ਕਰਕੇ ਇੱਕ ਥਾਂ ਢੇਰ ਲਾ ਲਿਆ। ਲੱਕੜਾਂ ਦੇ ਢੇਰ 'ਤੇ ਸ਼ਹੀਦਾਂ ਦੇ ਸਰੀਰ ਚਿਣ ਕੇ ਅੱਗ ਲਾ ਦਿੱਤੀ। ਅੱਗ ਦੇ ਮੱਚਦੇ ਭਾਂਬੜ ਦੇਖ ਕੇ ਮੁਗਲ ਫ਼ੌਜੀ ਹੈਰਾਨੀ ਵਿਚ ਉਠ ਖੜ੍ਹੇ ਹੋਏ। ਆਪਣੇ ਹਾਕਮਾਂ ਤੋਂ ਵੱਡੇ ਇਨਾਮ ਲੈਣ ਅਤੇ ਰੁਤਬੇ ਪ੍ਰਾਪਤ ਕਰਨ ਦੇ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਗਏ ਕਿਉਂਕਿ ਹਾਕਮਾਂ ਨੂੰ ਦਿਖਾਉਣ ਲਈ ਉਨ੍ਹਾਂ ਕੋਲ ਕੁੱਝ ਵੀ ਨਹੀਂ ਬਚਿਆ ਸੀ। ਅੱਗ ਦੀਆਂ ਲਾਟਾਂ ਦੇ ਚਾਨਣ ਵਿਚ ਉਨ੍ਹਾਂ ਨੇ ਦੇਖਿਆ ਕਿ ਬਲ ਰਹੀ ਅੱਗ ਦੇ ਨੇੜੇ ਇੱਕ ਬੀਬੀ ਹੱਥ ਵਿਚ ਬਰਛਾ ਲਈ ਖੜੀ ਸੀ ਜਿਸ ਨੂੰ ਦੇਖ ਕੇ ਉਹ ਹੈਰਾਨ ਰਹਿ ਗਏ।



ਮੁਗ਼ਲ ਉਸ ਕੋਲ ਪਹੁੰਚੇ ਅਤੇ ਪੁੱਛਿਆ ਕਿ ਉਹ ਕੌਣ ਸੀ ਅਤੇ ਕਿੱਥੋਂ ਆਈ ਸੀ? ਪਰ ਬੀਬੀ ਚੁੱਪ ਰਹੀ ਕਿਉਂਕਿ ਉਸ ਨੇ ਝੂਠ ਨਹੀਂ ਸੀ ਬੋਲਣਾ। ਉਸ ਦੀ ਚੁੱਪ ਕਾਰਨ ਉਹ ਉਸ ਦਾ ਭੇਤ ਖੋਲ੍ਹਣ ਵਿਚ ਕਾਮਯਾਬ ਨਹੀਂ ਹੋ ਸਕੇ। ਉਨ੍ਹਾਂ ਨੂੰ ਉਸ ਦੀ ਚੁੱਪ ਉੱਤੇ ਇੰਨਾ ਗੁੱਸਾ ਆ ਗਿਆ ਕਿ ਉਨ੍ਹਾਂ ਨੇ ਬਰਛੇ ਸਮੇਤ ਬੀਬੀ ਨੂੰ ਚੁੱਕ ਕੇ ਬਲਦੀ ਅੱਗ ਵਿਚ ਸੁੱਟ ਦਿੱਤਾ। ਇਸ ਤਰ੍ਹਾਂ ਬੀਬੀ ਹਰਸ਼ਰਨ ਕੌਰ ਨੇ 23 ਦਸੰਬਰ 1704 ਨੂੰ ਸ਼ਹੀਦੀ ਪ੍ਰਾਪਤ ਕਰ ਲਈ। ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰ' ਦੇ ਪੰਜਵੇਂ ਪਾਠ ਵਿਚ ਬੀਬੀ ਦਾ ਨਾਮ ਸ਼ਰਨ ਕੌਰ ਲਿਖਿਆ ਹੈ। ਬੀਬੀ ਹਰਸ਼ਰਨ ਕੌਰ ਨੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਹੋਏ ਸਿੰਘਾਂ ਦਾ ਅੰਤਮ ਸਸਕਾਰ ਕਰਕੇ ਇੱਕ ਬਹਾਦਰੀ ਭਰਿਆ ਕਾਰਨਾਮਾ ਕਰ ਦਿਖਾਇਆ ਜੋ ਸ਼ਾਇਦ ਮੁਗ਼ਲ ਫੌਜਾਂ ਦੇ ਹੁੰਦਿਆਂ ਕੋਈ ਪੁਰਸ਼ ਵੀ ਕਰਨ ਦਾ ਹੌਸਲਾ ਨਾ ਕਰ ਸਕਦਾ। ਇਹ ਹੀ 'ਚਿੜੀਆਂ ਕੋਲੋਂ ਬਾਜ਼ ਤੁੜਾਉਣ' ਦੀ ਕਰਾਮਾਤ ਸੀ ਜੋ ਦਸਮ ਗੁਰੂ ਦੇ ਅੰਮ੍ਰਿਤ ਨੇ ਕਰ ਦਿਖਾਈ। ਹੁਣ ਜਦੋਂ ਵੀ ਸਿੱਖ ਧਰਮ ਵਿੱਚ ਬੀਬੀ ਹਰਸ਼ਰਨ ਕੌਰ ਦਾ ਨਾਮ ਲਿਆ ਜਾਂਦਾ ਹੈ ਤਾਂ ਸਾਰਿਆਂ ਦਾ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਅੱਗੇ ਸੀਸ ਝੁੱਕ ਜਾਂਦਾ ਹੈ।

# ਸਿੱਖ ਗੁਲਾਮ ਨਹੀਂ ਹਨ

ਲੇਖਕ : ਨਰਿੰਦਰ ਸਿੰਘ ਢਿੱਲੋਂ
ਫੋਨ: +1-587-436-4032

ਪੰਜਾਬ ਦੀ ਸਿਆਸਤ ਮੁੱਢ ਤੋਂ ਹੀ ਬੜੀ ਪੇਚੀਦੀ ਰਹੀ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਇਸ ਅੰਦਰ ਹੋਰ ਵੀ ਤਿੱਖੀਆਂ ਤਬਦੀਲੀਆਂ ਵਾਪਰੀਆਂ ਹਨ। ਅੱਜ ਪੰਜਾਬ ਦੀ ਚਰਚਾ ਦਰਪੇਸ਼ ਸਮੱਸਿਆਵਾਂ ਦੇ ਨਾਲ-ਨਾਲ ਆਜ਼ਾਦੀ ਅਤੇ ਗੁਲਾਮੀ ਦੇ ਕੁਝ ਪ੍ਰਸੰਗਾਂ ਬਾਰੇ ਵੀ ਚੱਲ ਰਹੀ ਹੈ। ਸ. ਨਰਿੰਦਰ ਸਿੰਘ ਢਿੱਲੋਂ ਨੇ ਇਸ ਬਾਰੇ ਵਿਚਾਰ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅਤੇ ਵਿਦੇਸ਼ ਵਿਚ ਬੈਠੇ ਕੁਝ ਲੋਕ ਇਹ 'ਫਿਕਰ' ਜ਼ਾਹਰ ਕਰ ਰਹੇ ਹਨ ਕਿ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਸਿੱਖ ਗੁਲਾਮ ਹਨ। ਉਹ ਸਿੱਖਾਂ ਨੂੰ ਆਜ਼ਾਦ ਕਰਾਉਣ ਦੀਆਂ ਗੱਲਾਂ ਵੀ ਕਰਦੇ ਹਨ। ਪੰਜਾਬ ਵਿਚ ਹੁਣ ਕੁਝ ਲੋਕਾਂ ਨੇ ਮੁੜ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੈ ਅਤੇ ਲੋਕਾਂ ਨੂੰ ਗੁਲਾਮੀ ਦੂਰ ਕਰਨ ਲਈ ਸਿਰ ਦੇਣ ਵਾਸਤੇ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ। ਭਾਵੇਂ ਪੰਜਾਬ ਦੇ ਲੋਕਾਂ ਨੇ ਸਦਾ ਹੀ ਇਹੋ ਜਿਹੇ ਪ੍ਰਚਾਰ ਨੂੰ ਨਜ਼ਰ-ਅੰਦਾਜ਼ ਕੀਤਾ ਹੈ ਫਿਰ ਵੀ ਆਪਾਂ ਇਸ 'ਤੇ ਵਿਚਾਰ ਕਰਦੇ ਹਾਂ। ਸਭ ਤੋਂ ਪਹਿਲਾਂ ਇਹ ਵਿਚਾਰ ਕਰਨਾ ਹੋਵੇਗਾ ਕਿ ਆਜ਼ਾਦੀ ਕੀ ਹੈ ਤੇ ਗੁਲਾਮੀ ਕੀ ਹੁੰਦੀ ਹੈ।

ਆਜ਼ਾਦੀ ਤੋਂ ਭਾਵ ਐਸੀਆਂ ਹਾਲਤਾਂ ਤੋਂ ਹੈ ਜਿਨ੍ਹਾਂ ਵਿਚ ਮਨੁੱਖ ਸਿਵਲ, ਰਾਜਸੀ, ਧਾਰਮਿਕ, ਸਮਾਜਿਕ ਆਦਿ ਅਧਿਕਾਰਾਂ ਦੀ ਵਰਤੋਂ ਕਰਦਿਆਂ ਧਰਮ, ਜਾਤ, ਲਿੰਗ ਆਦਿ ਦੇ ਵਿਤਕਰੇ ਤੋਂ ਬਿਨਾਂ ਜੀਵਨ ਬਤੀਤ ਕਰਦਾ ਹੈ। ਆਜ਼ਾਦੀ ਵਿਚ ਮਨੁੱਖ ਨੂੰ ਵੋਟ ਪਾਉਣ ਦਾ ਅਧਿਕਾਰ ਅਤੇ ਨਿੱਜੀ ਜ਼ਿੰਦਗੀ ਗੁਪਤ ਰੱਖਣ ਦਾ ਅਧਿਕਾਰ ਹੁੰਦਾ ਹੈ। ਆਜ਼ਾਦੀ ਵਿਚ ਮਨੁੱਖ ਦੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਨਹੀਂ ਕੀਤਾ ਜਾ ਸਕਦਾ ਹੈ ਅਤੇ ਕਿਸੇ ਵਿਅਕਤੀ ਜਾਂ ਸਮੂਹ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਹੁਕਮ ਠੋਸੇ ਨਹੀਂ ਜਾ ਸਕਦੇ। ਆਜ਼ਾਦੀ ਵਿਚ ਲੋਕਾਂ ਲਈ ਕਾਨੂੰਨ ਤੈਅ ਕੀਤੇ ਜਾਂਦੇ ਹਨ। ਉਨ੍ਹਾਂ ਅਨੁਸਾਰ ਰਾਜਸੀ, ਧਾਰਮਿਕ, ਸਮਾਜਿਕ ਗੱਲ ਕੀ ਹਰ ਖੇਤਰ ਵਿਚ ਵਿਚਰਨਾ ਹੁੰਦਾ ਹੈ ਅਤੇ ਗੈਰ-ਕਾਨੂੰਨੀ ਕਾਰਜ ਵਿਧੀ ਵਿਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਲੋਕ ਮਾਨਸਿਕ ਤੌਰ 'ਤੇ ਆਜ਼ਾਦ ਹੋਣ ਕਰਕੇ ਆਪਣੀ ਜ਼ਿੰਦਗੀ ਬਾਰੇ ਫ਼ੈਸਲੇ ਲੈਣ ਦੇ ਸਮਰੱਥ ਹੁੰਦੇ ਹਨ।

ਆਜ਼ਾਦੀ ਵਿਚ ਗ਼ੈਰਕਾਨੂੰਨੀ ਢੰਗ ਨਾਲ ਵਿਚਰਨਾ ਲੋਕਾਂ ਦੀ ਆਜ਼ਾਦ, ਬੇਖ਼ੌਫ ਅਤੇ ਸ਼ਾਂਤਮਈ ਜ਼ਿੰਦਗੀ ਨੂੰ ਤਬਾਹ ਕਰ ਦਿੰਦਾ ਹੈ। ਆਜ਼ਾਦੀ ਮਨੁੱਖ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਬਿਨਾਂ ਕਿਸੇ ਦਬਾਅ ਜਾਂ ਡਿਕਟੇਟ ਕੀਤਿਆਂ ਆਪਣੇ ਫ਼ੈਸਲੇ ਆਪ ਕਰੇ। ਆਜ਼ਾਦੀ ਦੇ ਵਾਤਾਵਰਨ ਵਿਚ ਮਨੁੱਖ ਮਿਹਨਤ ਕਰ ਕੇ ਉੱਚੇ ਸੁਪਨੇ ਲੈਣ ਦੇ ਯੋਗ ਬਣਦਾ ਹੈ। ਆਜ਼ਾਦੀ ਵਿਚ ਕੋਈ ਵੀ ਵਿਅਕਤੀ ਜਿਸ ਧਰਮ ਨੂੰ ਵੀ ਚਾਹੇ ਉਹ ਮੰਨੇ ਲੇਕਿਨ ਉਸ ਨੂੰ ਦੂਜੇ ਧਰਮਾਂ ਦਾ ਅਪਮਾਨ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ। ਜੇਕਰ ਕੋਈ ਵਿਅਕਤੀ ਦੂਜੇ ਕਿਸੇ ਵੀ ਧਰਮ ਦਾ ਅਪਮਾਨ ਕਰਦਾ ਹੈ ਤਾਂ ਕਾਨੂੰਨ ਉਸ ਧਰਮ ਦੀ ਰਾਖੀ ਅਤੇ ਦੋਸ਼ੀ ਵਿਰੁੱਧ ਕਾਰਵਾਈ ਕਰਨ ਲਈ ਹਰਕਤ ਵਿਚ ਆਉਂਦਾ ਹੈ ਭਾਵੇਂ ਉਸ ਦਾ ਇਹ ਕਦਮ ਜਾਣ ਬੁੱਝ ਕੇ, ਅਗਿਆਨਤਾ ਜਾਂ ਅਣਗਹਿਲੀ ਕਰਕੇ ਹੋਵੇ।

ਆਜ਼ਾਦੀ ਵਿਚ ਮਨੁੱਖ ਆਪਣਾ ਕੰਮ ਆਪਣੀ ਇੱਛਾ ਅਨੁਸਾਰ ਕਰ ਕੇ ਆਪਣਾ ਜ਼ਿੰਮੇਵਾਰ ਖੁਦ ਹੁੰਦਾ ਹੈ। ਮਨੁੱਖ ਮਿਹਨਤ, ਆਤਮ ਗਿਆਨ ਅਤੇ ਕਾਨੂੰਨੀ ਦਾਇਰੇ ਵਿਚ ਰਹਿੰਦਿਆਂ ਸਮਾਜ ਵਿਚ ਬਿਹਤਰ ਕਾਰਗੁਜ਼ਾਰੀ ਨਿਭਾ ਸਕਦਾ ਹੈ। ਆਜ਼ਾਦੀ ਵਿਚ ਮਿਲੇ ਅਧਿਕਾਰਾਂ ਦੀ ਵਰਤੋਂ ਕਰ ਕੇ ਮਨੁੱਖ ਚੰਗੇ ਰੁਤਬੇ 'ਤੇ ਪਹੁੰਚ ਸਕਦਾ ਹੈ। ਇੱਕ ਸ਼ਹਿਰੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਸੁਖਾਵਾਂ ਮਾਹੌਲ ਪ੍ਰਾਪਤ ਹੋਣਾ ਹੀ ਆਜ਼ਾਦੀ ਹੈ।

ਇੱਕ ਜਰਮਨ ਫਿਲਾਸਫਰ ਅਨੁਸਾਰ ਆਜ਼ਾਦੀ ਉਸ ਅਵਸਥਾ ਦਾ ਨਾਂ ਹੈ ਜਿਸ ਵਿਚ ਮਨੁੱਖ ਆਪਣੀ ਯੋਗਤਾ ਮੁਤਾਬਕ ਕੰਮ ਕਰਕੇ ਤਾਕਤ ਜਾਂ ਸਾਧਨਾ ਦਾ ਮਾਲਕ ਬਣਦਾ ਹੈ। ਉਸ ਅਨੁਸਾਰ 'ਰਾਜਨੀਤਕ ਆਜ਼ਾਦੀ ਤੋਂ ਭਾਵ ਜੋ ਜ਼ਬਰਦਸਤੀ ਅਤੇ ਜ਼ੁਲਮ ਤੋਂ ਮਨੁੱਖ ਦੀ ਰਾਖੀ ਕਰੇ, ਸਮਾਜ ਵਿਚ ਮਨੁੱਖ ਨੂੰ ਆਪਣਾ ਟੀਚਾ ਪੂਰਾ ਕਰਨ ਲਈ ਰੁਕਾਵਟ ਪੈਦਾ ਨਾ ਕਰਨ ਦੇਵੇ, ਸਮਾਜ ਵਿਚ ਆਰਥਿਕ ਲੁੱਟ ਅਤੇ ਸਮੱਸਿਆਵਾਂ ਵਿਰੁੱਧ ਲੜਨ ਦਾ ਅਧਿਕਾਰ ਦੇਵੇ। ਮੁੱਕਦੀ ਗੱਲ ਇਹ ਹੈ ਕਿ ਆਜ਼ਾਦੀ ਵਿਚ ਮਨੁੱਖ ਨੂੰ ਬੋਲਣ, ਲਿਖਣ, ਆਪਣੇ ਧਰਮ ਨੂੰ ਮੰਨਣ, ਹਰ ਪੱਧਰ 'ਤੇ ਵੋਟ ਪਾਉਣ, ਇਨਸਾਫ਼ ਲਈ ਅਦਾਲਤ ਵਿਚ ਜਾਣ, ਜਥੇਬੰਦੀ ਬਣਾ ਕੇ ਸੰਘਰਸ਼ ਕਰਨ, ਨਿੱਜੀ ਸੁਰੱਖਿਆ, ਸਿਹਤ, ਸਿੱਖਿਆ ਅਤੇ ਜੀਊਣ ਦਾ ਅਧਿਕਾਰ ਹੁੰਦਾ ਹੈ। ਭਾਰਤੀ ਸੰਵਿਧਾਨ ਅੰਦਰ ਇਹ ਸਾਰੇ ਅਧਿਕਾਰ ਹੈ ਹਰ ਨਾਗਰਿਕ ਨੂੰ ਦਿੱਤੇ ਹੋਏ ਹਨ। ਜੋ ਲੋਕ ਜਮਹੂਰੀ ਢਾਂਚੇ ਵਿਚ ਕਾਨੂੰਨ ਅਧੀਨ ਵਿਚਰਨ ਨੂੰ ਗੁਲਾਮੀ ਦਾ ਨਾਂ ਦਿੰਦੇ ਹਨ ਉਨ੍ਹਾਂ ਲਈ ਦੂਜਿਆਂ ਦੇ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦੀ ਕੋਈ ਮਹੱਤਤਾ ਨਹੀਂ ਹੁੰਦੀ।

ਇਕ ਹੋਰ ਜਰਮਨ ਫਿਲਾਸਫਰ ਫ਼ਹਅਰਲੋਸ ਠੇਲੋਰ ਅਨੁਸਾਰ 'ਸ਼ਹਿਰੀ ਆਜ਼ਾਦੀਆਂ ਦਾ ਅਧਿਕਾਰ ਵਿਅਕਤੀ ਜਾਂ ਗਰੁੱਪ ਵਿਰੁੱਧ ਸਟੇਟ ਵੱਲੋਂ ਤਸ਼ੱਦਦ ਜਾਂ ਧੱਕੇਸ਼ਾਹੀ ਦੀ ਰਾਖੀ ਕਰਦਾ ਹੈ। ਸ਼ਹਿਰੀ ਆਜ਼ਾਦੀਆਂ ਵਿਚ ਧਰਮ, ਜਾਤ, ਲਿੰਗ ਆਦਿ ਦੇ ਵਿਤਕਰੇ, ਨਿੱਜੀ ਸੁਰੱਖਿਆ, ਵੋਟ ਦਾ ਅਧਿਕਾਰ, ਰਾਜਸੀ ਪ੍ਰਕਿਰਿਆ ਵਿਚ ਸ਼ਮੂਲੀਅਤ, ਵਿਚਾਰਾਂ ਦੇ ਪ੍ਰਗਟਾਵੇ, ਇਕੱਠੇ ਹੋਣ ਆਦਿ ਦੀ ਰਾਖੀ ਕਰਦਾ ਹੈ।' ਸ਼ਹਿਰੀ ਆਜ਼ਾਦੀਆਂ ਦਾ ਅਧਿਕਾਰ ਹਰ ਮਨੁੱਖ ਦੀ ਹਰ ਦੇਸ਼ ਵਿਚ ਮੌਲਿਕ ਲੋੜ ਹੈ।

ਆਓ ਹੁਣ ਵੇਖਦੇ ਹਾਂ ਕਿ ਗੁਲਾਮ ਕੌਣ ਹੁੰਦੇ ਹਨ। ਗੁਲਾਮ ਹੋਣ ਤੋਂ ਭਾਵ ਉਹ ਵਿਅਕਤੀ ਜੋ ਕਿਸੇ ਦੂਜੇ ਵਿਅਕਤੀ ਦੀ ਮਲਕੀਅਤ ਹੁੰਦਾ ਹੈ। ਉਸ ਕੋਲ ਬੋਲਣ, ਲਿਖਣ, ਆਪਣੇ ਧਰਮ ਨੂੰ ਮੰਨਣ, ਇਕੱਠੇ ਹੋਣ, ਵੋਟ ਪਾਉਣ ਅਤੇ ਇੱਥੋਂ ਤਕ ਕਿ ਜ਼ਿੰਦਗੀ ਜੀਣ ਦਾ ਕੋਈ ਮਨੁੱਖੀ ਅਧਿਕਾਰ ਵੀ ਨਹੀਂ ਹੁੰਦਾ। ਮਾਲਕ ਤਕੜੇ ਪੂੰਜੀਪਤੀ ਜਾਂ ਜਾਗੀਰਦਾਰ ਹੁੰਦੇ ਹਨ ਅਤੇ ਗੁਲਾਮ ਉਨ੍ਹਾਂ ਦੇ ਕਬਜ਼ੇ ਵਿਚ ਹੀ ਰਹਿੰਦਾ ਹੈ ਤੇ ਉਸਦੀ ਆਪਣੀ ਮਰਜ਼ੀ ਨਹੀਂ ਚਲਦੀ ਅਤੇ ਨਾ ਹੀ ਉਹ ਕੋਈ ਇੱਛਾ ਪ੍ਰਗਟ ਕਰ ਸਕਦਾ ਹੈ। ਗੁਲਾਮ ਮਾਲਕ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦਾ।

ਗੁਲਾਮ ਨੂੰ ਮਨ-ਮਰਜ਼ੀ ਦਾ ਖਾਣ-ਪੀਣ, ਪਹਿਨਣ, ਰਹਿਣ ਦੀ ਆਜ਼ਾਦੀ ਨਹੀਂ ਹੁੰਦੀ। ਉਹ ਪੂਰਨ ਤੌਰ 'ਤੇ ਆਪਣੇ ਮਾਲਕ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਨੂੰ ਜਾਂ ਤਾਂ ਕੰਮ ਦੇ ਪੈਸੇ ਦਿੱਤੇ ਨਹੀਂ ਜਾਂਦੇ ਅਤੇ ਜਾਂ ਬਹੁਤ ਥੋੜੇ ਦਿੱਤੇ ਜਾਂਦੇ ਹਨ। ਗਰਮੀ ਹੋਵੇ ਜਾਂ ਸਰਦੀ ਕੰਮ ਦਾ ਸਮਾਂ ਵੀ ਨਿਰਧਾਰਤ ਨਹੀਂ ਹੁੰਦਾ। ਉਹ ਮਾਲਕ ਦੀ ਮਰਜ਼ੀ ਤੋਂ ਬਿਨਾਂ ਇਕੱਠੇ ਨਹੀਂ ਹੋ ਸਕਦੇ ਅਤੇ ਕੋਈ ਮਨ ਪਰਚਾਵਾ ਨਹੀਂ ਕਰ ਸਕਦੇ। ਵੱਖ-ਵੱਖ ਕਾਰਖਾਨਿਆਂ, ਫਾਰਮਾ, ਢਾਬਿਆਂ ਅਤੇ ਰੈਸਟੋਰੈਂਟਾਂ ਵਿਚ ਇਨ੍ਹਾਂ ਦੀ ਗਿਣਤੀ ਅੱਜ ਵੀ ਵੇਖੀ ਜਾ ਸਕਦੀ ਹੈ। ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਕੁਝ ਵੀਡੀਓ ਵੇਖੀਆਂ ਗਈਆਂ ਹਨ। ਕਈ ਗੁੱਜਰਾਂ ਦੇ ਡੇਰਿਆਂ ਤੋਂ ਪਰਵਾਸੀ ਮਜ਼ਦੂਰ ਛੁਡਾਏ ਗਏ ਜਿਨ੍ਹਾਂ ਨੂੰ ਗੁੱਜਰ ਆਪਣੇ ਕਬਜ਼ੇ ਵਿਚ ਰੱਖ ਕੇ ਉਨ੍ਹਾਂ ਤੋਂ ਬੇਰਹਿਮੀ ਨਾਲ ਕੰਮ ਲੈ ਰਹੇ ਸਨ। ਇਕ ਸਮਾਜ ਸੇਵੀ ਜਥੇਬੰਦੀ ਨੇ ਉਨ੍ਹਾਂ ਨੂੰ ਛੁਡਾ ਕੇ ਉਨ੍ਹਾਂ ਦੇ ਘਰ ਭੇਜਣ ਦਾ ਕਾਰਜ ਕੀਤਾ। ਗੁਲਾਮ ਨੂੰ ਸ਼ਹਿਰੀ ਆਜ਼ਾਦੀਆਂ ਭਾਵ ਮਰਜ਼ੀ ਅਨੁਸਾਰ ਫਿਰਨ ਤੁਰਨ, ਬੋਲਣ,-ਲਿਖਣ, ਇਕੱਠੇ ਹੋਣ, ਧਾਰਮਿਕ ਪਾਠ-ਪੂਜਾ ਕਰਨ, ਮਾਲਕ ਦੀ ਧੱਕੇਸ਼ਾਹੀ ਦਾ ਵਿਰੋਧ ਕਰਨ, ਸਰਕਾਰ ਦੇ ਗਠਨ ਲਈ ਵੋਟ ਪਾਉਣ ਅਤੇ ਨਿੱਜੀ ਆਜ਼ਾਦੀ ਆਦਿ ਦਾ ਕੋਈ ਅਧਿਕਾਰ ਨਹੀਂ ਹੁੰਦਾ। ਇੱਥੋਂ ਤਕ ਕਿ ਉਹ ਸੋਹਣੇ ਸੂਟ-ਬੂਟ ਪਾਉਣ, ਸੋਹਣੀ ਤਰ੍ਹਾਂ ਨਹਾਉਣ-ਧੋਣ ਅਤੇ ਖਾਣ-ਪੀਣ ਤੋਂ ਪੂਰਨ ਤੌਰ 'ਤੇ ਵਿਰਵੇ ਹੁੰਦੇ ਹਨ।

ਉਪਰੋਕਤ ਪਿੱਠ ਭੂਮੀ ਵਿਚ ਆਉਂਦੇ ਦਰਪੇਸ਼ ਵਿਸ਼ੇ ਦਾ ਨਿਰਣਾ ਕਰਦੇ ਹਾਂ। ਕਿਸੇ ਨੇਤਾ ਦੀ ਰਾਜਨੀਤੀ ਕੋਈ ਵੀ ਹੋ ਸਕਦੀ ਹੈ ਲੇਕਨ ਵਿਸ਼ੇ ਮੁਤਾਬਕ ਇੱਥੇ ਨਿਰਣਾ ਸਿੱਖ ਹੋਣ ਮੁਤਾਬਕ ਕਰਨਾ ਪਵੇਗਾ। ਪੰਜਾਬ ਦਾ ਇੱਕ ਸਿੱਖ ਨੇਤਾ ਗਿਆਨੀ ਜ਼ੈਲ ਸਿੰਘ ਵੱਖ-ਵੱਖ ਅਹੁਦਿਆਂ 'ਤੇ ਰਿਹਾ ਸੀ ਤੇ ਆਪਣੇ ਆਪ ਨੂੰ ਸਿੱਖਾਂ ਦੀ ਪਾਰਟੀ ਅਖਵਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਨੇਤਾ ਨੂੰ ਰਾਸ਼ਟਰਪਤੀ ਦੀ ਚੋਣ ਲਈ ਸਿੱਖ ਹੋਣ ਕਰਕੇ ਵੋਟਾਂ ਪਾਈਆਂ ਸਨ ਅਤੇ ਇੱਕ ਸਿੱਖ ਦੇਸ਼ ਦਾ ਰਾਸ਼ਟਰਪਤੀ ਰਿਹਾ ਹੈ। ਇੱਕ ਸਿੱਖ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਡਾਕਟਰ ਮਨਮੋਹਨ ਸਿੰਘ ਵਿਸ਼ਵ ਬੈਂਕ, ਰਿਜ਼ਰਵ ਬੈਂਕ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਉਤੇ ਕੰਮ ਕਰਨ ਤੋਂ ਬਾਅਦ 10 ਸਾਲ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਇਹ ਸਮੁੱਚੇ ਸਿੱਖ ਭਾਈਚਾਰੇ ਲਈ ਫ਼ਖ਼ਰ ਦੀ ਗੱਲ ਹੈ। ਕਿਸੇ ਵੀ ਪਾਰਟੀ ਦੀ ਕੇਂਦਰ ਸਰਕਾਰ ਦੇ ਵਿਚ ਕਈ ਸਿੱਖ ਕੈਬਨਿਟ ਮੰਤਰੀ ਰਹੇ ਹਨ। ਗੁਰਦਿਆਲ ਸਿੰਘ ਢਿੱਲੋਂ ਲੋਕ ਸਭਾ ਦੇ ਸਪੀਕਰ ਅਤੇ ਚਰਨਜੀਤ ਸਿੰਘ ਅਟਵਾਲ ਡਿਪਟੀ ਸਪੀਕਰ ਰਹੇ ਹਨ। ਸਰਦਾਰ ਦਰਬਾਰਾ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਵੱਖ-ਵੱਖ ਰਾਜਾਂ ਦੇ ਗਵਰਨਰ ਰਹੇ ਅਤੇ ਏਅਰ ਮਾਰਸ਼ਲ ਅਰਜਨ ਸਿੰਘ ਅਤੇ ਇਕਬਾਲ ਸਿੰਘ ਲੈਫਟੀਨੈਂਟ ਗਵਰਨਰ ਰਹੇ। ਇਕ ਹੋਰ ਮਾਣਯੋਗ ਅਤੇ ਮੰਨੀ-ਪ੍ਰਮੰਨੀ ਸ਼ਖ਼ਸੀਅਤ ਮਨੋਹਰ ਸਿੰਘ ਗਿੱਲ ਦੇਸ਼ ਅਤੇ ਵਿਦੇਸ਼ ਵਿਚ ਵੱਖ-ਵੱਖ ਅਹੁਦਿਆਂ ਉਤੇ ਰਹਿਣ ਤੋਂ ਬਾਅਦ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵੀ ਰਹੇ ਅਤੇ ਮੌਨਟੇਕ ਸਿੰਘ ਆਹਲੂਵਾਲੀਆ ਹੋਰ ਅਹੁਦਿਆਂ ਤੋਂ ਇਲਾਵਾ ਪਲੈਨਿੰਗ ਕਮਿਸ਼ਨ ਦੇ ਚੇਅਰਮੈਨ ਵੀ ਰਹੇ। ਕੇਂਦਰ ਦੀ ਪ੍ਰਸਿੱਧ ਜਾਂਚ ਏਜੰਸੀ ਸੀ.ਬੀ.ਆਈ. ਦੇ ਡਾਇਰੈਕਟਰ ਹੋਣ ਦਾ ਮਾਣ ਸਿੱਖ ਅਫਸਰ ਜੋਗਿੰਦਰ ਸਿੰਘ ਨੂੰ ਮਿਲਿਆ ਅਤੇ ਦੇਸ਼ ਦੀ ਸਰਵ-ਉੱਚ ਅਦਾਲਤ (ਸੁਪਰੀਮ ਕੋਰਟ) ਦੇ ਚੀਫ਼ ਜਸਟਿਸ, ਜਸਟਿਸ ਜਗਦੀਸ਼ ਸਿੰਘ ਖੇਹਰ ਰਹੇ। ਕੀ ਇਨ੍ਹਾਂ ਅਦਾਰਿਆਂ ਦੇ ਉਚ ਅਹੁਦਿਆਂ 'ਤੇ ਰਹਿਣਾ ਗੁਲਾਮੀ ਦੀ ਨਿਸ਼ਾਨੀ ਹੈ?

ਅਸਲ ਵਿਚ ਸਿੱਖਾਂ ਨੂੰ ਗੁਲਾਮ ਕਹਿਣ ਵਾਲੇ ਕਈ ਪੰਜਾਬ ਅਤੇ ਕਈ ਵਿਦੇਸ਼ ਵਿਚ ਬੈਠੇ ਲੋਕ ਐਵੇਂ ਤਰਕਹੀਣ ਗੱਲਾਂ ਕਰ ਰਹੇ ਹਨ। ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਰਤੀ ਫੌਜ ਦੁਨੀਆ ਵਿਚ ਸ਼ਕਤੀਸ਼ਾਲੀ ਫੌਜ ਹੈ। ਇਸ ਦੇ ਜਨਰਲ ਜਸਵੰਤ ਜੋਗਿੰਦਰ ਸਿੰਘ ਅਤੇ ਜਨਰਲ ਬਿਕਰਮ ਸਿੰਘ ਦੋ ਸਿੱਖ ਮੁਖੀ ਰਹੇ ਹਨ ਅਤੇ ਇਨ੍ਹਾਂ ਨੂੰ ਇਹ ਮਾਣ ਹਾਸਲ ਹੈ ਕਿ ਇਨ੍ਹਾਂ ਨੇ ਫੌਜ ਦੀ ਸ਼ਲਾਘਾਯੋਗ ਅਗਵਾਈ ਕੀਤੀ। ਪਿਛਲੇ ਲੰਮੇ ਸਮੇਂ ਤੋਂ ਚੀਨ ਨਾਲ ਸਰਹੱਦੀ ਵਿਵਾਦ ਵਿਚ ਚੀਨੀ ਫੌਜੀ ਅਫਸਰਾਂ ਨਾਲ ਭਾਰਤ ਸਰਕਾਰ ਵੱਲੋਂ ਉੱਤਰੀ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਰਣਬੀਰ ਸਿੰਘ ਜੋ ਕਿ ਸਿੱਖ ਅਫਸਰ ਹੈ ਗੱਲਬਾਤ ਵਿਚ ਵਧੀਆ ਕਾਰਗੁਜ਼ਾਰੀ ਦਿਖਾ ਰਿਹਾ ਹੈ। ਭਾਰਤੀ ਫੌਜ ਦੇ ਵੈਸਟਰਨ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਨੇ ਪਾਕਿਸਤਾਨ ਨਾਲ 1965 ਦੀ ਜੰਗ ਵਿਚ ਕਮਾਲ ਦੀ ਕਾਰਗੁਜ਼ਾਰੀ ਵਿਖਾਈ ਸੀ ਜਿਸ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। 1966 ਵਿਚ ਭਾਰਤ ਸਰਕਾਰ ਵੱਲੋਂ ਉਸਨੂੰ ਪਦਮ ਵਿਭੂਸ਼ਨ ਪੁਰਸਕਾਰ ਵੀ ਦਿੱਤਾ ਗਿਆ ਸੀ। ਫੌਜੀ ਅਫਸਰਾਂ ਦੀ ਲਿਸਟ ਬਹੁਤ ਲੰਮੀ ਹੈ ਜੋ ਸਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ, ਜਿਸ ਵਿਚ ਮੇਜਰ ਜਨਰਲ ਸ਼ੁਬੇਗ ਸਿੰਘ, ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਜੋਗਿੰਦਰ ਸਿੰਘ ਢਿੱਲੋਂ ਵੀ ਸ਼ਾਮਲ ਹਨ। ਸਿੱਖ ਹੀ ਨਹੀਂ ਸਮੁੱਚੇ ਭਾਰਤ ਦੇ ਲੋਕ ਇਨ੍ਹਾਂ ਦੇ ਨਾਂ ਅਗੇ ਸਿਰ ਝੁਕਾਉਂਦੇ ਹਨ।

ਇੱਥੇ ਹੀ ਬੱਸ ਨਹੀਂ ਹਵਾਈ ਫੌਜ ਦੇ ਮੁਖੀ ਏਅਰ ਮਾਰਸ਼ਲ ਅਰਜਨ ਸਿੰਘ, ਏਅਰ ਮਾਰਸ਼ਲ ਦਿਲਬਾਗ ਸਿੰਘ ਅਤੇ ਏਅਰ ਮਾਰਸ਼ਲ ਬਰਿੰਦਰ ਸਿੰਘ ਧਨੋਆ ਦਾ ਹਵਾਈ ਫੌਜ ਦੇ ਮੁਖੀ ਰਹਿਣਾ ਮਾਣ ਵਾਲੀ ਗੱਲ ਹੈ। ਇਨ੍ਹਾਂ ਤੋਂ ਇਲਾਵਾ ਸਿੱਖ ਅਫਸਰਾਂ ਦੀ ਲੰਮੀ ਲਿਸਟ ਹੈ। ਇੰਡੀਅਨ ਨੇਵੀ ਵਿਚ ਵੀ ਐਡਮਿਰਲ ਕਰਨਬੀਰ ਸਿੰਘ ਅਤੇ ਵਾਈਸ ਐਡਮਿਰਲ ਮਹਿੰਦਰ ਪਾਲ ਸਿੰਘ ਚੀਮਾ ਤੋਂ ਇਲਾਵਾ ਵੱਡੀ ਗਿਣਤੀ ਸਿੱਖ ਅਫਸਰ ਕੰਮ ਕਰਦੇ ਰਹੇ ਹਨ ਅਤੇ ਅੱਜ ਵੀ ਕਰ ਰਹੇ ਹਨ। ਇਨ੍ਹਾਂ ਸਾਰੇ ਅਫਸਰਾਂ ਦੀ ਕਾਰਗੁਜ਼ਾਰੀ ਉੱਤੇ ਮਾਣ ਕੀਤਾ ਜਾ ਸਕਦਾ ਹੈ।

ਉੱਨੀ ਸੌ ਸੰਤਾਲੀ ਤੋਂ ਬਾਅਦ ਕੁਝ ਕੁ ਮਹੀਨੇ ਛੱਡ ਕੇ ਪੰਜਾਬ ਦੇ ਸਿੱਖ ਹੀ ਮੁੱਖ ਮੰਤਰੀ ਰਹੇ ਹਨ ਅਤੇ ਬਹੁਗਿਣਤੀ ਸਿੱਖ ਮੰਤਰੀਆਂ ਦੀ ਹੀ ਰਹੀ ਹੈ। ਅੱਜ ਕੇਂਦਰ ਅਤੇ ਪੰਜਾਬ ਵਿਚ ਸਿੱਖ ਮੰਤਰੀ, ਖਿਡਾਰੀ, ਲੇਖਕ, ਡਾਕਟਰ, ਜੱਜ, ਰਾਜਸੀ ਨੇਤਾ, ਵਕੀਲ, ਪ੍ਰੋਫੈਸਰ, ਅਧਿਆਪਕ, ਆਈ.ਏ.ਐਸ, ਆਈ.ਪੀ.ਐੱਸ., ਪੀ.ਸੀ.ਐਸ., ਪੀ.ਪੀ.ਐਸ., ਪੱਤਰਕਾਰ, ਕਲਾਕਾਰ, ਸੰਗੀਤਕਾਰਾਂ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵਿਚ ਸਿੱਖ ਅਫਸਰ ਹਨ ਅਤੇ ਪਹਿਲਾਂ ਵੀ ਰਹੇ ਹਨ। ਕੇਵਲ ਪੰਜਾਬ ਹੀ ਨਹੀਂ ਦੇਸ਼ ਭਰ ਵਿਚ ਸਿੱਖ ਵੱਖ-ਵੱਖ ਰਾਜਾਂ ਵਿਚ ਵੱਸਦੇ ਹਨ ਜੋ ਵਧੀਆ ਜੀਵਨ ਬਤੀਤ ਕਰ ਰਹੇ ਹਨ। ਪੰਜਾਬ ਅਤੇ ਬਾਹਰਲੇ ਰਾਜਾਂ ਵਿਚ ਵਸਦੇ ਸਿੱਖਾਂ ਵਿਚੋਂ ਕੁਝ ਇਕ ਤੋਂ ਬਿਨਾ ਸਭ ਕੋਲ ਵਧੀਆ ਘਰ, ਮੋਟਰਸਾਈਕਲ, ਕਾਰ, ਵਾਹੀਯੋਗ ਮਸ਼ੀਨਰੀ, ਖੇਤੀ ਯੋਗ ਜ਼ਮੀਨ ਹੈ। ਖੇਤੀ, ਵਪਾਰ, ਉਦਯੋਗ ਅਤੇ ਟਰਾਂਸਪੋਰਟ ਖੇਤਰ ਵਿਚ ਵੀ ਸਿੱਖਾਂ ਦਾ ਭਾਰਤ ਭਰ ਵਿਚ ਵਿਸ਼ੇਸ਼ ਯੋਗਦਾਨ ਹੈ। ਕੀ ਇਨ੍ਹਾਂ ਸਭ ਸਿੱਖਾਂ ਦਾ ਰਹਿਣ ਸਹਿਣ ਗੁਲਾਮੀ ਦੀ ਨਿਸ਼ਾਨੀ ਹੈ?

ਪੰਜਾਬ ਦੇ ਹਰ ਪਿੰਡ ਵਿਚ ਇੱਕ ਜਾਂ ਇੱਕ ਤੋਂ ਵੱਧ ਗੁਰਦੁਆਰੇ ਹਨ। ਧਾਰਮਿਕ ਦਿਨਾਂ ਉੱਤੇ ਨਗਰ ਕੀਰਤਨ ਕੱਢਣ, ਪਿੰਡ-ਸ਼ਹਿਰ, ਸੜਕਾਂ 'ਤੇ ਲੰਗਰ ਲਾਉਣ, ਸ਼ਬਦ ਕੀਰਤਨ ਕਰਨ ਤੋਂ ਕਦੇ ਕਿਸੇ ਨਹੀਂ ਰੋਕਿਆ। ਕਿਸੇ ਵੀ ਸੜਕ, ਪਾਰਕ, ਖੁੱਲ੍ਹੀ ਥਾਂ 'ਤੇ ਪੰਡਾਲ ਬਣਾ ਕੇ ਧਾਰਮਿਕ ਸਮਾਗਮ ਕਰਨ ਤੋਂ ਕੋਈ ਨਹੀਂ ਰੋਕਦਾ ਸਗੋਂ ਸਿੱਖ ਧਾਰਮਿਕ ਸਮਾਗਮਾਂ ਵਿਚ ਹਰ ਥਾਂ ਭਾਰੂ ਹੁੰਦੇ ਹਨ। ਫਿਰ ਸਿੱਖ ਗੁਲਾਮ ਕਿਵੇਂ ਹੋਏ? ਸਰਕਾਰੀ ਮੁਲਾਜ਼ਮਾਂ ਵਿਚ ਛੋਟੇ ਮੁਲਾਜ਼ਮ ਤੋਂ ਲੈ ਕੇ ਉੱਚ ਅਫਸਰ ਤੱਕ ਸਰਕਾਰੀ ਸੇਵਾ ਨਿਯਮਾਂ ਵਿਚ ਕਿਤੇ ਵੀ ਸਿੱਖਾਂ ਨੂੰ ਨਜ਼ਰ-ਅੰਦਾਜ਼ ਕਰਨ ਦੀ ਕੋਈ ਮਿਸਾਲ ਨਹੀਂ ਮਿਲਦੀ। 1947 ਤੋਂ ਬਾਅਦ ਰਾਜ ਕਰ ਰਹੀ ਰਾਜਨੀਤਕ ਮਸ਼ੀਨਰੀ, ਵੱਖ ਵੱਖ ਵਿਭਾਗਾਂ ਵਿਚ ਅਫਸਰਾਂ ਤੇ ਮੁਲਾਜ਼ਮਾਂ ਵਿਚ, ਧਾਰਮਿਕ ਖੇਤਰ ਵਿਚ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਤਾਂ ਸਿੱਖ ਗੁਲਾਮ ਕਿਵੇਂ ਹੋਏ?

ਸਿੱਖਾਂ ਨੂੰ ਗੁਲਾਮ ਕਹਿਣ ਵਾਲੇ ਸੱਜਣਾਂ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਿਹੜੀ ਗੁਲਾਮੀ ਦੀ ਗੱਲ ਕਰਦੇ ਹਨ ਅਤੇ ਕਿਸ ਤਰ੍ਹਾਂ ਦੀ ਆਜ਼ਾਦੀ ਚਾਹੁੰਦੇ ਹਨ।

ਸਿੱਖਾਂ ਨੂੰ ਗੁਲਾਮ ਕਹਿਣ ਵਾਲੇ ਸੱਜਣਾਂ ਦੀਆਂ ਤਕਰੀਰਾਂ ਵਿਚ ਇਹ ਗੱਲ ਝਲਕਦੀ ਹੈ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਜਾਇਜ਼ ਨਾਜਾਇਜ਼ ਅਸਲਾ ਰੱਖਣ ਦੀ ਖੁੱਲ੍ਹ ਹੋਵੇ। ਉਹ ਭਾਵੇਂ ਇੱਕ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਭਾਵੇਂ ਆਪਣੇ ਵਿਰੋਧੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਉਣ ਉਨ੍ਹਾਂ ਨੂੰ ਕੋਈ ਪੁੱਛੇ ਨਾ। ਉਹ ਜਿਸ ਥਾਂ 'ਤੇ ਦਿਲ ਕਰੇ ਕਬਜ਼ਾ ਕਰ ਲੈਣ, ਕਿਸ ਤਰ੍ਹਾਂ ਦਾ ਪਹਿਰਾਵਾ ਪਾਉਣਾ ਹੈ, ਉਹ ਲੋਕਾਂ ਨੂੰ ਹੁਕਮ ਕਰਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਆਜ਼ਾਦੀ ਹੋਵੇ ਕਿ ਉਹ ਜਿਸ ਗੁਰਦੁਆਰੇ 'ਤੇ ਚਾਹੁੰਦੇ ਹਨ ਕਬਜ਼ਾ ਕਰ ਲੈਣ ਜਾਂ ਬਜ਼ੁਰਗਾਂ ਦੇ ਬੈਠਣ ਲਈ ਰੱਖਿਆ ਗੁਰਦੁਆਰੇ ਦਾ ਫਰਨੀਚਰ ਬਾਹਰ ਕੱਢ ਕੇ ਅੱਗ ਲਾ ਸਕਣ। ਉਹ ਜਿਸ ਵਿਅਕਤੀ ਨੂੰ ਚਾਹੁਣ ਸੋਧਾ ਲਾਉਣ ਦੇ ਨਾਂ 'ਤੇ ਮਾਰ ਕੁੱਟ ਸਕਣ। ਉਹ ਇਹ ਆਜ਼ਾਦੀ ਵੀ ਚਾਹੁੰਦੇ ਹਨ ਕਿ ਉਹ ਕਾਰਖਾਨੇਦਾਰਾਂ, ਵਪਾਰੀਆਂ, ਟਰਾਂਸਪੋਰਟਰਾਂ ਅਤੇ ਹੋਰ ਸਰਦੇ ਪੁੱਜਦੇ ਲੋਕਾਂ ਤੋਂ ਜਬਰੀ ਪੈਸੇ ਇਕੱਠੇ ਕਰ ਸਕਣ। ਇਨ੍ਹਾਂ ਦੇ ਅਖੌਤੀ ਸਿੱਖ ਚਿੰਤਕ ਇਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁੱਲ੍ਹ ਹੋਵੇ ਕਿ ਉਹ ਰੇਲ ਗੱਡੀ ਜਾਂ ਬਾਜ਼ਾਰ ਵਿਚ ਬੰਬ ਬਲਾਸਟ ਕਰ ਕੇ ਭੋਲੇ ਭਾਲੇ ਲੋਕਾਂ ਨੂੰ ਮਾਰ ਸਕਣ ਅਤੇ ਉਨ੍ਹਾਂ ਵੱਲੋਂ ਪੈਦਾ ਕੀਤੀ ਦਹਿਸ਼ਤ ਬਾਰੇ ਉਨ੍ਹਾਂ ਨੂੰ ਕੋਈ ਪੁੱਛੇ ਨਾ। ਜਾਪਦਾ ਹੈ ਕਿ ਉਹ 80ਵੇਂ ਦਹਾਕੇ ਵਾਲੀ ਕਾਰਜ-ਸ਼ੈਲੀ ਮੁੜ ਦੁਹਰਾਉਣਾ ਚਾਹੁੰਦੇ ਹਨ ਅਤੇ ਇਸ ਕਾਰਜ ਸ਼ੈਲੀ ਰਾਹੀਂ ਅਸਲ ਵਿਚ ਇਹ ਸਿੱਖਾਂ ਨੂੰ ਆਪਣੇ ਗੁਲਾਮ ਬਣਾਉਣਾ ਚਾਹੁੰਦੇ ਹਨ।

ਸਿੱਖ ਗੁਲਾਮ ਹੋਣ ਦੀਆਂ ਗੱਲਾਂ ਕਰਨ ਵਾਲੇ ਸਿੱਖ ਚਿੰਤਕ, ਅੱਜ ਕੱਲ੍ਹ ਸਿੱਖ ਨੌਜਵਾਨਾਂ ਨੂੰ ਸੰਦੇਸ਼ ਦੇ ਰਹੇ ਹਨ ਕਿ ਪੜ੍ਹਨ ਦਾ ਕੋਈ ਲਾਭ ਨਹੀਂ ਉਨ੍ਹਾਂ ਦੇ ਪੀਰ ਤਾਂ ਸ਼ਸਤਰ ਹਨ। ਉਹ ਸ਼ਬਦ ਗੁਰੂ, ਗਿਆਨ ਗੁਰੂ ਭੁੱਲ ਚੁੱਕੇ ਹਨ। ਪਾਠਕ ਸਮਝ ਸਕਦੇ ਹਨ ਕਿ ਪੜ੍ਹਾਈ ਛੱਡ ਕੇ ਸ਼ਸ਼ਤਰ ਚੁੱਕਣ ਦਾ ਸੰਦੇਸ਼ ਸਿੱਖ ਨੌਜਵਾਨਾਂ ਨੂੰ ਕਿਸ ਪਾਸੇ ਲੈ ਜਾਵੇਗਾ। ਪੜ੍ਹਾਈ ਵਿਚ ਮਿਹਨਤ ਕਰ ਕੇ ਹੀ ਨੌਜੁਆਨ ਚੰਗੀ ਪੁਜ਼ੀਸ਼ਨ 'ਤੇ ਪਹੁੰਚ ਸਕਦੇ ਹਨ ਅਤੇ ਜਿਨ੍ਹਾਂ ਨੌਜਵਾਨਾਂ ਨੇ ਮਿਹਨਤ ਕੀਤੀ ਹੈ ਉਹ ਚੰਗੀਆਂ ਪੁਜ਼ੀਸ਼ਨਾਂ 'ਤੇ ਪਹੁੰਚੇ ਵੀ ਹਨ। ਜਾਪਦਾ ਹੈ ਇਹ ਅਖੌਤੀ ਸਿੱਖ ਚਿੰਤਕ ਖੁਦ ਹੀ ਮਾਨਸਿਕ ਗੁਲਾਮੀ ਵਿਚ ਹਨ। ਮੇਰਾ ਵਿਚਾਰ ਹੈ ਕਿ ਗੁਲਾਮੀ-ਗੁਲਾਮੀ ਦਾ ਸਿਧਾਂਤ ਪੇਸ਼ ਕਰਨ ਵਾਲੇ ਸੱਜਣਾਂ ਨੂੰ ਇਸ ਸਿਧਾਂਤ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ।

ਭਾਰਤ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਕੇਂਦਰ ਵਿਚ ਬਣੀਆਂ ਸਰਕਾਰਾਂ ਨੇ ਪੰਜਾਬ ਨਾਲ ਵਿਤਕਰੇ ਕੀਤੇ ਹਨ ਅਤੇ ਲੰਮੇ ਸਮੇਂ ਤੋਂ ਪੰਜਾਬ ਦੇ ਲਟਕ ਰਹੇ ਮਸਲੇ ਹੱਲ ਨਹੀਂ ਕੀਤੇ। ਕੇਂਦਰ ਵਿਚ ਜਿਸ ਪਾਰਟੀ ਦੀ ਸਰਕਾਰ ਵੀ ਆਈ ਹੈ ਉਹ ਪੰਜਾਬ ਸਮੇਤ ਦੂਜੀਆਂ ਪਾਰਟੀਆਂ ਦੀਆਂ ਰਾਜ ਸਰਕਾਰਾਂ ਨਾਲ ਵਿਤਕਰਾ ਕਰਦੀ ਰਹੀ ਹੈ। ਇਹ ਵਿਤਕਰਾ ਕਾਂਗਰਸ ਵੀ ਕਰਦੀ ਰਹੀ ਹੈ ਤੇ ਹੁਣ ਭਾਜਪਾ ਵੀ ਕਰ ਰਹੀ ਹੈ। ਪੰਜਾਬ ਦੇ ਕਾਂਗਰਸੀ, ਅਕਾਲੀ ਅਤੇ ਭਾਜਪਾ ਦੇ ਲੀਡਰ ਜਦ ਆਪਣੀ ਪਾਰਟੀ ਦੀ ਕੇਂਦਰ ਵਿਚ ਸਰਕਾਰ ਹੁੰਦੀ ਹੈ ਤਾਂ ਪੰਜਾਬ ਦੇ ਮਸਲਿਆਂ ਬਾਰੇ ਚੁੱਪ ਰਹਿੰਦੇ ਹਨ। ਪ੍ਰੰਤੂ ਜਦ ਉਹ ਪੰਜਾਬ ਵਿਚ ਜਾਂ ਕੇਂਦਰ ਵਿਚ ਚੋਣ ਹਾਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਦੇ ਮੁੱਦੇ ਯਾਦ ਆ ਜਾਂਦੇ ਹਨ। ਅੱਜ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਿਚ ਸਰਕਾਰ ਹੈ ਜਿਸ ਕਰਕੇ ਪੰਜਾਬ ਦੇ ਭਾਜਪਾ ਲੀਡਰ ਕੇਂਦਰ ਸਰਕਾਰ ਕੋਲ ਪੰਜਾਬ ਦੇ ਮੁੱਦੇ ਉਠਾਉਣ ਤੋਂ ਚੁੱਪ ਹਨ। ਇੰਜ ਹੀ ਅਕਾਲੀ ਦਲ ਨੂੰ ਇਹ ਲੱਗਦਾ ਹੈ ਕਿ ਉਹ ਫਿਰ ਭਾਜਪਾ ਨਾਲ ਗੱਠਜੋੜ ਕਰੇਗਾ, ਜਿਸ ਕਰਕੇ ਉਹ ਭਾਜਪਾ ਵਿਰੁੱਧ ਬੋਲਣ ਤੋਂ ਗੁਰੇਜ਼ ਕਰ ਰਿਹਾ ਹੈ। ਇਹ ਸਿਰੇ ਦੀ ਮੌਕਾਪ੍ਰਸਤੀ ਹੈ ਜਿਸ ਦਾ ਪੰਜਾਬ ਸੰਤਾਪ ਭੁਗਤ ਰਿਹਾ ਹੈ ਅਤੇ ਅਗਾਂਹ ਵੀ ਭੁਗਤੇਗਾ।

ਜੇਕਰ ਪੰਜਾਬ ਨਾਲ ਕੇਂਦਰ ਸਰਕਾਰ ਵਿਤਕਰਾ ਕਰਦੀ ਹੈ ਤਾਂ ਇਹ ਸਮੁੱਚੇ ਪੰਜਾਬੀਆਂ ਦਾ ਮਸਲਾ ਹੈ ਇਕੱਲੇ ਸਿੱਖਾਂ ਦਾ ਨਹੀਂ। ਪੰਜਾਬ ਦੇ ਮੁੱਦਿਆਂ ਨੂੰ ਹੱਲ ਕਰਾਉਣ ਲਈ ਦੇਸ਼ ਦੇ ਕਾਨੂੰਨੀ ਦਾਇਰੇ ਵਿਚ ਰਹਿੰਦੇ ਹੋਏ ਸੰਘਰਸ਼ ਕਰਨ ਦੀ ਲੋੜ ਹੈ। ਕਾਨੂੰਨੀ ਦਾਇਰੇ ਵਿਚ ਰਹਿਣਾ ਗੁਲਾਮੀ ਨਹੀਂ ਹੁੰਦੀ। ਜਿਹੜੇ ਸਿੱਖ ਅਮਰੀਕਾ, ਕੈਨੇਡਾ, ਇੰਗਲੈਂਡ, ਅਸਟ੍ਰੇਲੀਆ ਜਾਂ ਹੋਰ ਮੁਲਕਾਂ ਵਿਚ ਰਹਿ ਰਹੇ ਹਨ, ਉਹ ਉਥੋਂ ਦੇ ਕਾਨੂੰਨ ਅਧੀਨ ਹਨ ਜਿਸ ਕਰਕੇ ਉਨ੍ਹਾਂ ਨੂੰ ਗੁਲਾਮ ਕਹਿਣਾ ਉਚਿਤ ਨਹੀਂ। ਇਸੇ ਤਰ੍ਹਾਂ ਭਾਰਤ ਵਿਚ ਆਜ਼ਾਦ ਅਤੇ ਸ਼ਾਂਤੀਪੂਰਨ ਰਹਿ ਰਹੇ ਸਿੱਖਾਂ ਨੂੰ ਗੁਲਾਮ ਕਹਿਣਾ ਤਰਕ ਰਹਿਤ ਅਤੇ ਹਾਸੋਹੀਣਾ ਵਿਚਾਰ ਹੈ, ਜਿਸ ਦਾ ਕੋਈ ਲਾਭ ਨਹੀਂ ਹੈ। ਲੋਕਾਂ ਨੂੰ ਇਸ ਪ੍ਰਚਾਰ ਪਿੱਛੇ ਲੁਕੇ ਮਨਸੂਬੇ ਤੋਂ ਚੌਕਸ ਰਹਿਣ ਦੀ ਲੋੜ ਹੈ।




# ਆਓ ਜਾਣੀਏ ਕੰਪਿਊਟਰ ਦੇ ਭਵਿੱਖ ਬਾਰੇ



ਪਿਆਰੇ ਬੱਚਿਓ, ਕੰਪਿਊਟਰ ਅੱਜ ਸਾਡੀ ਜ਼ਿੰਦਗੀ ਦਾ ਇਕ ਅਨਿੱਖੜਵਾਂ ਅੰਗ ਬਣ ਗਿਆ ਹੈ। ਕੰਪਿਊਟਰ ਹਰੇਕ ਖੇਤਰ ਜਿਵੇਂ ਕਿ ਸਿਹਤ, ਸਿੱਖਿਆ, ਵਕਾਲਤ, ਇੰਜੀਨੀਅਰਿੰਗ, ਪ੍ਰਿੰਟਿੰਗ, ਕਾਰਖਾਨਿਆਂ, ਰੇਲਵੇ, ਹਵਾਈ ਜਹਾਜ਼ਾਂ, ਪੁਲਾੜ ਟੈਕਨਾਲੋਜੀ, ਟ੍ਰੈਫਿਕ ਕੰਟਰੋਲ ਅਤੇ ਹੋਰ ਅਨੇਕਾਂ ਕੰਮਾਂ ਨੂੰ ਪੂਰਨ ਕਰਨ ਵਿਚ ਸਾਡੀ ਸਹਾਇਤਾ ਕਰਦਾ ਹੈ। ਕੰਪਿਊਟਰ ਤਕਨੀਕ ਦਾ ਬਹੁਤ ਹੀ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਕੰਪਿਊਟਰ ਦਾ ਆਕਾਰ ਚਾਹੇ ਛੋਟਾ ਹੋ ਰਿਹਾ ਹੈ ਪਰ ਇਸ ਦੀ ਰਫ਼ਤਾਰ ਬਹੁਤ ਹੀ ਤੇਜ਼ੀ ਨਾਲ ਵਧ ਰਹੀ ਹੈ। ਇਕ ਸਰਵੇ ਦੇ ਮੁਤਾਬਿਕ ਲਗਪਗ ਹਰ 18 ਮਹੀਨੇ ਬਾਅਦ ਮਾਈਕ੍ਰੋਪ੍ਰੋਸੈੱਸਰਾਂ ਦੀ ਗਣਨਾ ਕਰਨ ਦੀ ਰਫ਼ਤਾਰ ਦੁੱਗਣੀ ਹੋ ਰਹੀ ਹੈ। ਕੰਪਿਊਟਰ ਦੇ ਲਗਾਤਾਰ ਹੋ ਰਹੇ ਵਿਕਾਸ ਕਾਰਨ ਅਸੀਂ ਜੋ ਕੰਮ ਪਹਿਲਾਂ ਹੱਥਾਂ ਨਾਲ ਕਰਦੇ ਸੀ, ਉਨ੍ਹਾਂ ਨੂੰ ਹੁਣ ਅਸੀਂ ਕੰਪਿਊਟਰ 'ਤੇ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਸਾਡੀ ਜ਼ਿੰਦਗੀ ਬਹੁਤ ਹੀ ਸੁਖਾਲੀ ਹੋ ਗਈ ਹੈ। ਆਉਣ ਵਾਲੇ ਸਮੇਂ ਵਿਚ ਕੰਪਿਊਟਰ ਤਕਨਾਲੋਜੀ ਵਿਚ ਹੋਰ ਵਿਕਾਸ ਅਤੇ ਖੋਜਾਂ ਹੋਣਗੀਆਂ, ਜਿਸ ਨਾਲ ਮਨੁੱਖ ਦੀ ਕੰਪਿਊਟਰ ਉੱਪਰ ਨਿਰਭਰਤਾ ਹੋਰ ਵਧ ਜਾਵੇਗੀ। ਜੋ ਕੰਮ ਅੱਜ ਅਸੰਭਵ ਲੱਗ ਰਹੇ ਹਨ, ਉਹ ਕੰਪਿਊਟਰ ਦੀ ਨਵੀਂ ਤਕਨੀਕ ਨਾਲ ਸੰਭਵ ਹੋ ਜਾਣਗੇ।

ਦੂਜੇ ਪਾਸੇ ਕੰਪਿਊਟਰ ਹੈਕਿੰਗ ਦੀ ਸਮੱਸਿਆ ਵਿਚ ਵੀ ਵਿਸ਼ਾਲ ਵਾਧਾ ਹੋਵੇਗਾ। ਕਈ ਨਵੇਂ ਤਰ੍ਹਾਂ ਦੇ ਵਾਇਰਸ ਵੀ ਕੰਪਿਊਟਰ ਡਾਟਾ ਨੂੰ ਪ੍ਰਭਾਵਿਤ ਕਰਨਗੇ। ਸਾਇਬਰ ਸੁਰੱਖਿਆ ਵੀ ਇਕ ਚੁਣੌਤੀ ਬਣ ਜਾਵੇਗਾ। ਇਸ ਲਈ ਹੋਰ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਪਵੇਗੀ।

# ਬਣਾਓ ਨਵੇਂ ਸਾਲ ਦੇ ਰੰਗੀਨ ਕਾਰਡ

ਪਿਆਰੇ ਬੱਚਿਓ, ਦਸੰਬਰ ਮੁੱਕਣ ਵਾਲਾ ਹੈ ਅਤੇ ਨਵਾਂ ਬਾਈ ਆਉਣ ਵਾਲਾ ਹੈ। ਸਭ ਤੋਂ ਪਹਿਲਾਂ ਕਿਸੇ ਮੋਟੇ ਕਾਗਜ਼ ਜਾਂ ਪਤਲੇ ਗੱਤੇ ਦਾ 6×4 ਇੰਚ ਦਾ ਇਕ ਟੁਕੜਾ ਕੱਟ ਲਵੋ, ਇਹ ਤੁਹਾਡੇ ਕਰਾਡ ਦੇ ਸਿਰਫ਼ ਸਾਈਜ਼ ਵਾਸਤੇ ਹੈ। 6×4 ਇੰਚ ਦਾ ਸਾਈਜ਼, ਡਾਕਘਰ ਤੋਂ ਮਿਲਣ ਵਾਲੇ 5 ਰੁਪਏ ਦੇ ਲਿਫ਼ਾਫ਼ੇ ਨੂੰ ਪੂਰਾ ਪੂਰਾ ਆ ਜਾਵੇਗਾ। ਤੁਹਾਨੂੰ ਹੋਰ ਟਿਕਟ ਜਾਂ ਹੋਰ ਲਿਫ਼ਾਫ਼ਾ ਨਹੀਂ ਖਰੀਦਣਾ ਪਵੇਗਾ। ਹੁਣ ਅਸਲੀ ਕਾਰਡ ਬਣਾਉਣ ਵਾਸਤੇ, ਮਠਿਆਈ ਦੇ ਡੱਬੇ, ਦਵਾਈਆਂ ਦੇ ਡੱਬੇ ਜਾਂ ਹੋਰ ਮੋਟੇ ਕਾਗਜ਼ ਜਾਂ ਮੋਟੇ ਚਾਰਟ ਦੇ ਉਪਰਲੇ ਸਾਈਜ਼ ਵਾਲਾ (6×4 ਇੰਚ) ਕੱਟਿਆ ਕਾਗਜ਼ ਰੱਖ ਕੇ ਪੈਨਸਲ ਨਾਲ ਚਾਰੇ ਪਾਸੇ ਨਿਸ਼ਾਨ ਲਾ ਲਵੋ ਅਤੇ ਜਿੰਨੇ ਕਾਰਡ ਬਣਾਉਣੇ ਹਨ, ਕੱਟ ਲਵੋ।

ਆਪਾਂ ਰੰਗ ਤਾਂ ਵਰਤਣੇ ਨਹੀਂ, ਇਨ੍ਹਾਂ ਨੂੰ ਰੰਗੀਨ ਕਾਗਜ਼ ਵਿਚ ਹੀ ਮੜ੍ਹ ਲੈਣਾ ਹੈ। ਰੰਗੀਨ ਕਾਗਜ਼, ਗਿਫਟ ਤੋਂ ਉਤਰਿਆ ਚਮਕੀਲਾ ਕਾਗਜ਼ ਜਾਂ ਹੋਰ ਡਿਜ਼ਾਈਨਦਾਰ ਕਾਗਜ਼ ਦੇ ਪੁੱਠੇ ਪਾਸੇ ਰੱਖੋ ਅਤੇ ਅੰਦਰ ਨੂੰ ਮੋੜ ਕੇ ਫੈਵੀਕੋਲ ਨਾਲ ਚਿਪਕਾ ਲਵੋ, ਦੂਸਰਾ ਸਿੱਧਾ ਪਾਸਾ ਪੱਧਰਾ ਅਤੇ ਸਾਫ਼ ਰਹੇਗਾ, ਜਿਥੇ ਤੁਸੀਂ ਡਿਜ਼ਾਈਨ ਡਿਜ਼ਾਈਨ ਬਣਾਉਣਾ ਹੈ। ਕੰਮ ਬੜੀ ਸਫਾਈ ਨਾਲ ਕਰਿਓ। ਅਸਲੀ ਗੱਲ ਕਰੀਏ ਸੁੰਦਰ ਡਿਜ਼ਾਈਨ ਦੀ। ਬੈਕਗਰਾਊਂਡ ਦੇ ਉਲਟ ਰੰਗ (ਕੰਟ੍ਰਾਸਟ) ਦੇ ਕਾਗਜ਼ ਸੁਨਹਿਰੀ ਪੇਪਰ ਜਾਂ ਪਤਲੇ ਰੰਗੀਨ ਕਾਗਜ਼ ਦੇ ਸਵਾ ਡੇਢ ਇੰਚ ਉਚੇ ਫੁੱਲਦਾਨ ਕੱਟ ਲਵੋ। ਉਨ੍ਹਾਂ ਨੂੰ ਖੱਬੇ ਪਾਸੇ ਵੱਲ ਨੇੜੇ-ਨੇੜੇ ਜਾਂ ਜ਼ਰਾ ਇਕ ਦੂਸਰੇ ਦੇ ਅੱਧ ਕੁ 'ਤੇ ਰੱਖ ਕੇ ਚਿਪਕਾ ਦੇਵੋ, ਜਿਵੇਂ ਨੀਲੀ ਬੈਕਗਰਾਊਂਡ 'ਤੇ ਗੁਲਾਬੀ, ਸੁਨਹਿਰੀ, ਸੰਗਤਰੀ, ਫੁੱਲਦਾਨ ਫਬੇਗਾ। ਇਸੇ



ਤਰ੍ਹਾਂ ਸੁਨਹਿਰੀ ਤੇ ਨੀਲਾ ਜਾਂ ਲਾਲ। ਪੈੱਨ ਹੈ ਨਾ? ਪੈੱਨ ਨਾਲ ਲਗਰਾਂ ਖਿੱਚ ਦੇਵੋ। ਬੜੇ ਰੰਗੀਨ ਛੋਟੇ, ਬਾਰੀਕ ਫੁੱਟ ਕੱਟ ਲਵੋ ਅਤੇ ਲਗਰਾਂ 'ਤੇ ਚਿਪਕਾ ਦੇਵੋ। ਕਾਪੀ ਨੂੰ ਮੋਰੀਆਂ ਕਰਨ ਸਮੇਂ ਛੋਟੇ-ਛੋਟੇ ਗੋਲ ਕਾਗਜ਼ ਦੇ ਟੁਕੜੇ ਨਿਕਲਦੇ ਹਨ, ਵੱਖਰੇ-ਵੱਖਰੇ ਰੰਗਾਂ ਦੇ ਉਹ ਬੁਹਤ ਵਧੀਆ ਰਹਿੰਦੇ ਹਨ, ਫੁੱਲਾਂ ਦੇ ਥਾਂ ਚਿਪਕਾ ਦੇਵੋ। ਸਫਾਈ ਅਤੇ ਸੋਹਜ ਜ਼ਰੂਰੀ ਹੈ। ਫੁੱਲ ਵੀ ਉਲਟ ਰੰਗ ਦੇ ਲਾਓ। ਫੁੱਲਦਾਨ ਭਰੇ ਲੱਗਣ। ਥੱਲੇ ਸੁਨਹਿਰੀ ਕਾਗਜ਼ ਦੀ ਪੱਟੀ ਵੀ ਲਾ ਦੇਵੋ। ਉਸ ਤੇ ਹੈਪੀ ਨਵਾਂ ਸਾਲ, ਸ਼ੁੱਭ ਕਾਮਨਾਵਾਂ ਲਿਖ ਸਕਦੇ ਹੋ। ਫੁੱਲਦਾਨਾਂ ਤੇ ਪੈੱਨ ਨਾਲ ਹੀ ਸਜਾਵਟ ਕਰ ਦੇਵੋ। ਤੁਸੀਂ ਹੋਰ ਕਈ ਕੁਝ ਕਰ ਸਕਦੇ ਹੋ। ਪਿਛੇ ਛੋਟਾ ਕਾਗਜ਼ ਦਾ ਸਟੈਂਡ ਜ਼ਰੂਰ ਲਾਓ ਤਾਂ ਜੋ ਭੂਆ ਜੀ, ਮਾਸੀ ਜੀ ਮੇਜ਼ 'ਤੇ ਰੱਖ ਸਕਣ।

# ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

## ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਸੰਤੁਲਿਤ ਵਿਕਾਸ ਅਤੇ ਸਮਾਜਿਕ ਸੰਸਥਾਵਾਂ

ਲੇਖਕ : ਡਾ. ਸੁਖਦੇਵ ਸਿੰਘ,
ਸੰਪਰਕ: 94177-15730

ਸਾਲ 2024 ਲਈ ਅਰਥਵਿਗਿਆਨ ਵਿੱਚ ਨੋਬੇਲ ਇਨਾਮ ਜਿੱਤਣ ਵਾਲੇ ਤਿੰਨ ਅਮਰੀਕੀ ਅਰਥਵਿਗਿਆਨੀਆਂ ਦੀ ਖੋਜ ਦਾ ਮੂਲ ਆਧਾਰ ਹੈ ਕਿ ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਤੇ ਤਰੱਕੀ ਉਨ੍ਹਾਂ ਦੀਆਂ ਸੰਸਥਾਵਾਂ ਦੇ ਰੋਲ ਤੇ ਮਜ਼ਬੂਤੀ ’ਤੇ ਨਿਰਭਰ ਹੈ। ਖੋਜੀਆਂ ਮੁਤਾਬਿਕ, ਉਹ ਸਮਾਜ ਜਿਨ੍ਹਾਂ ਵਿੱਚ ਸੰਸਥਾਵਾਂ ਤੇ ਕਾਨੂੰਨ ਮਾੜੇ ਹਾਲਾਤ ਵਿੱਚ ਹਨ ਅਤੇ ਆਪਣੀ ਆਬਾਦੀ ਦੇ ਸ਼ੋਸ਼ਣ ਵਿੱਚ ਸਹਾਈ ਹਨ, ਉਥੇ ਚੰਗੇਰੇ ਤੇ ਲਾਭਕਾਰੀ ਵਿਕਾਸ ਵਾਲੀ ਤਬਦੀਲੀ ਨਹੀਂ ਉਪਜਦੀ। ਆਪਣੀ ਲੰਮੀ ਖੋਜ ਪ੍ਰਕਿਰਿਆ ਵਿੱਚ ਉਨ੍ਹਾਂ ਦਰਸਾਇਆ ਹੈ ਕਿ ਯੂਰੋਪੀਅਨ ਦੇਸ਼ਾਂ ਨੇ ਜਦੋਂ ਸੰਸਾਰ ਵਿੱਚ ਆਪਣੀਆਂ ਬਸਤੀਆਂ ਬਣਾਈਆਂ ਤਾਂ ਉਨ੍ਹਾਂ ਕਬਜ਼ੇ ਅਧੀਨ ਕੀਤੇ ਮੁਲਕਾਂ ਦੀਆਂ ਸੰਸਥਾਵਾਂ ਤਬਾਹ ਕੀਤੀਆਂ ਤੇ ਫਿਰ ਨਵੀਆਂ ਸੰਸਥਾਵਾਂ ਬਣਾ ਕੇ ਲੋਕਾਂ ਦਾ ਸ਼ੋਸ਼ਣ ਕੀਤਾ; ਉਥੇ ਗਏ ਆਪਣੇ ਪਰਵਾਸੀ ਮਜ਼ਦੂਰਾਂ ਤੇ ਸ਼ਾਸਕਾਂ ਨੂੰ ਲਾਭ ਦਿਵਾਇਆ ਤੇ ਕਾਬਜ਼ ਦੇਸ਼ਾਂ ਦੇ ਕੁਦਰਤੀ ਤੇ ਮਾਨਵੀ ਸਾਧਨ ਬੇਹਿਸਾਬੇ ਲੁੱਟੇ।

ਸਾਮਰਾਜੀ ਤਾਕਤਾਂ ਨੇ ਮੁਕਾਮੀ (ਲੋਕਲ) ਲੋਕਾਂ ਦੀ ਭਾਗੀਦਾਰੀ ਦਾ ਢੌਂਗ ਰਚ ਕੇ ਕੁਝ ਸੰਸਥਾਵਾਂ ਨੂੰ ਮਾਨਵਵਾਦੀ ਦਰਸਾਇਆ ਪਰ ਅਸਿੱਧੇ ਤੌਰ ’ਤੇ ਉਹ ਆਪਣਾ ਹੀ ਫਾਇਦਾ ਦੇਖਦੇ ਰਹੇ। ਬਹੁਤ ਸਾਰੇ ਦੇਸ਼ ਇਨ੍ਹਾਂ ਲੋਟੂ ਸੰਸਥਾਵਾਂ ਦੇ ਚੱਕਰ ਵਿੱਚ ਫਸ ਗਏ ਅਤੇ ਆਰਥਿਕ ਖੁਸ਼ਹਾਲੀ ਉਨ੍ਹਾਂ ਤੋਂ ਕਾਫੀ ਦੂਰ ਰਹੀ। ਜਦੋਂ ਵੀ ਸਾਮਰਾਜੀ ਤਾਕਤਾਂ ਨੂੰ ਕੋਈ ਇਨਕਲਾਬੀ ਤਾਕਤ ਨਜ਼ਰ ਆਉਂਦੀ, ਉਹ ਸੀਮਤ ਲੋਕਤੰਤਰ ਦਾ ਦਿਖਾਵਾ ਅਤੇ ਲੋਕਾਂ ਨੂੰ ਭਵਿੱਖ ਵਿੱਚ ਤਰੱਕੀ ਦਾ ਸੁਫਨਾ ਦਿਖਾ ਕੇ ਰਾਜ ਕਰਦੇ ਰਹੇ। ਕਈ ਵਾਰ ਉਨ੍ਹਾਂ ਦੇ ਸੋਚੇ ਮਨਸੂਬੇ ਫੇਲ੍ਹ ਵੀ ਹੋਏ ਅਤੇ ਅੰਤ ਨੂੰ ਸੱਤਾ ਛੱਡਣੀ ਪਈ।

ਇਨ੍ਹਾਂ ਅਰਥਵਿਗਿਆਨੀਆਂ ਨੇ ਹੋਰ ਖੋਜ ਪੁਸਤਕਾਂ ਤੋਂ ਇਲਾਵਾ 2023 ਵਿੱਚ ‘ਪਾਵਰ ਐਂਡ ਪ੍ਰੋਗਰੈਸ: ਅਵਰ ਥਾਉਂਸਡ ਈਅਰ ਸਟਰਗਲ ਓਵਰ ਟੈਕਨਾਲੋਜੀ ਐਂਡ ਪ੍ਰਾਸਪੈਰਟੀ’ ਕਿਤਾਬ ਛਪਵਾਈ ਜੋ ਉਨ੍ਹਾਂ ਦੇ ਇਨਾਮ ਲਈ ਆਧਾਰ ਬਣੀ। ਉਨ੍ਹਾਂ ਮੁਤਾਬਿਕ, ਗਰੀਬੀ ਅਸਲ ਵਿੱਚ ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਦੀ ਬਣਤਰ ਕਰ ਕੇ ਹੈ। ਇਨ੍ਹਾਂ ਸ਼ਿੱਦਤ ਨਾਲ ਬਿਆਨਿਆ ਕਿ ਅੱਜ ਦੇ ਸਮੇਂ ਵਿੱਚ ਵਧ ਰਹੇ ਆਰਥਿਕ ਪਾੜੇ ਘੱਟ ਕਰਨੇ ਗੰਭੀਰ ਚੁਣੌਤੀ ਹਨ।

ਇਸ ਸਿਧਾਂਤਕ ਤੱਥ ਨੂੰ ਧਿਆਨ ਵਿੱਚ ਰੱਖਦਿਆਂ ਵਿਚਾਰ ਕੀਤਾ ਜਾ ਸਕਦਾ ਹੈ ਕਿ ਕੀ ਅਜਿਹਾ ਹੁਣ ਵੀ ਵਾਪਰ ਹੈ? ਕੀ ਸਾਡੇ ਮੁਲਕ ਤੇ ਰਾਜ ਵਿੱਚ ਆਰਥਿਕ, ਸਮਾਜਿਕ, ਸਭਿਆਚਾਰ ਤੇ ਰਾਜਨੀਤਕ ਸੰਸਥਾਵਾਂ ਦੀ ਕਾਰਗੁਜ਼ਾਰੀ ਤੇ ਮਜ਼ਬੂਤੀ ਸਮੁੱਚੇ ਸਮਾਜ ਦੇ ਵਿਕਾਸ ਨੂੰ ਕਲਾਵੇ ਵਿੱਚ ਲੈਂਦੀ ਹੈ? ਦੇਸ਼ ਤੇ ਸੂਬੇ ਦੀ ਆਰਥਿਕਤਾ ਅਜੇ ਵੀ ਖੇਤੀ ਖੇਤਰ ’ਤੇ ਨਿਰਭਰ ਹੈ ਭਾਵੇਂ ਨਿਰੋਲ ਘਰੇਲੂ ਆਮਦਨ ਵਿੱਚ ਇਸ ਦਾ ਹਿੱਸਾ ਘਟ ਗਿਆ ਹੈ। ਜਦੋਂ ਦੇਸ਼ ਨੇ ਰਾਜਨੀਤਕ ਆਜ਼ਾਦੀ ਹਾਸਲ ਕੀਤੀ ਤਾਂ ਖੇਤੀ, ਉਦਯੋਗ, ਤਕਨੀਕੀ ਵਿਗਿਆਨ, ਸੇਵਾਵਾਂ ਆਦਿ ਰਾਹੀਂ ਆਰਥਿਕ ਖੇਤਰ ਦੀ ਮਜ਼ਬੂਤੀ ਲਈ ਬਹੁਤ ਸਾਰੇ ਅਦਾਰੇ ਤੇ ਸੰਸਥਾਵਾਂ ਬਣਾਈਆਂ ਗਈਆਂ। ਖੇਤੀ ਲਈ ਨਵੀਂ ਮਸ਼ੀਨਰੀ ਤੇ ਉਤਪਾਦਨ ਲਈ ਯੂਨਿਟਾਂ ਅਤੇ ਕਿਸਾਨਾਂ ਦੀ ਲੋੜੀਂਦੀ ਵਿੱਤੀ ਮਦਦ ਲਈ ਸਹਿਕਾਰੀ ਸੈਕਟਰ ਬਣਾਏ। ਲੋੜੀਂਦੇ ਬੀਜਾਂ, ਖਾਦਾਂ, ਕੀਟ ਤੇ ਨਦੀਨ ਨਾਸ਼ਕਾਂ ਦੀ ਭਰੋਸੇਯੋਗ ਸਪਲਾਈ ਦੇ ਉਪਰਾਲੇ ਕੀਤੇ। ਇਨ੍ਹਾਂ ਅਦਾਰਿਆਂ ਦੀ ਸਥਾਪਨਾ ਅਤੇ ਯੋਗ ਪ੍ਰਸ਼ਾਸਨਕ ਨੀਤੀਆਂ ਨਾਲ ਖੇਤੀ ਖੇਤਰ ਤਰੱਕੀ ਦੇ ਰਾਹ ਪਿਆ। ਤਤਕਾਲੀ ਪ੍ਰਧਾਨ ਮੰਤਰੀ ਨਹਿਰੂ ਦੇ ਸ਼ਬਦ ਇਤਿਹਾਸਕ ਹਨ ਕਿ ‘ਹੋਰ ਸਾਰੇ



ਖੇਤਰ ਇੰਤਜ਼ਾਰ ਕਰ ਸਕਦੇ ਹਨ ਪਰ ਖੇਤੀਬਾੜੀ ਨਹੀਂ’ ਕਿਉਂਕਿ ਦੇਸ਼ ਦੀ ਜਨਤਾ ਦਾ ਪੇਟ ਭਰਨ ਲਈ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ। ਇਨ੍ਹਾਂ ਕੋਸ਼ਿਸ਼ਾਂ ਕਰ ਕੇ ਖੇਤੀ ਅਨਾਜ ਇੰਨਾ ਪੈਦਾ ਹੋਣਾ ਸ਼ੁਰੂ ਹੋਇਆ ਕਿ ਨਾ ਸਿਰਫ ਜਨਤਾ ਦਾ ਪੇਟ ਭਰਿਆ ਬਲਕਿ ਦੇਸ਼ ਅਨਾਜ ਬਰਾਮਦ ਕਰਨ ਦੇ ਸਮਰੱਥ ਹੋ ਗਿਆ।

1980 ਤੱਕ ਇਹ ਸਭ ਰਾਹ ਠੀਕ ਚੱਲਦਾ ਰਿਹਾ ਪਰ ਇਸ ਤੋਂ ਬਾਅਦ, ਖਾਸਕਰ 1991-92 ਵਾਲੀਆਂ ਆਰਥਿਕ ਨੀਤੀਆਂ ਸਦਕਾ ਕਾਰਪੋਰੇਟ ਖੇਤਰ ਹੱਥ ਖੇਤੀ ਵੱਲ ਜਾਣ ਕਰ ਕੇ ਪੁਰਾਣੀਆਂ ਕਿਸਾਨ ਪੱਖੀ ਨੀਤੀਆਂ ਨੂੰ ਤਿਲਾਂਜਲੀ ਦੇ ਦਿੱਤੀ ਗਈ। ਅੱਜ ਕਿਸਾਨ ਦਾ ਜੋ ਹਾਲ ਹੈ, ਕਿਸੇ ਤੋਂ ਭੁੱਲਿਆ ਨਹੀਂ। ਕਿਸਾਨੀ ਕਰਜ਼ਾ, ਆਤਮ-ਹੱਤਿਆਵਾਂ, ਖੇਤੀ ਛੱਡਣਾ ਆਦਿ ਪ੍ਰਤੱਖ ਮਿਸਾਲਾਂ ਹਨ। ਆਰਥਿਕ ਖੁਸ਼ਹਾਲੀ ਦਾ ਮੁੱਖ ਧੁਰਾ ਹੈ ਸਮਾਜ ਵਿੱਚ ਉਦਯੋਗਿਕ ਵਿਕਾਸ ਤੇ ਰੁਜ਼ਗਾਰ ਮੌਕਿਆਂ ਦੀ ਉਪਜ। 1950 ਤੋਂ 1970 ਤੱਕ ਜਨਤਕ ਸੈਕਟਰ ਵਿੱਚ ਵੱਡੇ ਪ੍ਰਾਜੈਕਟਾਂ ਅਧੀਨ ਉਦਯੋਗਿਕ ਪਲਾਟਾਂ ਦੀ ਸਥਾਪਨਾ ਕੀਤੀ ਗਈ; ਨਤੀਜੇ ਵਜੋਂ ਲੋਕਾਂ ਨੂੰ ਰੁਜ਼ਗਾਰ ਮਿਲਣਾ ਸ਼ੁਰੂ ਹੋਇਆ। ਇਸ ਦੇ ਨਾਲ ਹੀ ਬੈਂਕ, ਪੰਜਾਬ ਸਕੂਲ ਸਿੱਖਿਆ ਬੋਰਡ, ਬਿਜਲੀ ਬੋਰਡ, ਪਨਸਪ ਅਤੇ ਅਨੇਕ ਹੋਰ ਜਨਤਕ ਅਦਾਰਿਆਂ ਵਿੱਚ ਆਮ ਲੋਕਾਂ ਦੇ ਬੱਚੇ ਵੀ ਆਪਣੀ ਵਿਦਿਅਕ ਯੋਗਤਾ ਨਾਲ ਰੁਜ਼ਗਾਰ ਹਾਸਲ ਕਰ ਲੈਂਦੇ ਸਨ। ਹੁਣ ਨਿੱਜੀਕਰਨ ਦੇ ਦੌਰ ਵਿੱਚ ਇਹ ਸੰਸਥਾਵਾਂ ਖਾਤਮੇ ਦੀ ਕਗਾਰ ’ਤੇ ਹਨ। ਜਨਤਕ ਉਦਯੋਗਾਂ ਵਿੱਚ ਰੁਜ਼ਗਾਰ ਖਤਮ ਹੋ ਰਿਹਾ ਹੈ। ਬਹੁਤ ਸਾਰੀਆਂ ਸੇਵਾਵਾਂ ਠੇਕਾ ਆਧਾਰਿਤ ਕੀਤੀਆਂ ਜਾ ਰਹੀਆਂ ਹਨ। ਕਈ ਵਿਭਾਗਾਂ ਵਿੱਚ ਪਿਛਲੇ 20-25 ਸਾਲਾਂ ਤੋਂ ਕੋਈ ਅਸਾਮੀ ਨਹੀਂ ਭਰੀ ਗਈ। ਕਈ ਵਿਭਾਗ ਬੰਦ ਦਿੱਤੇ। ਸਿੱਟੇ ਵਜੋਂ ਅੱਜ ਦੇਸ਼ ਤੇ ਸਾਡੇ ਸੂਬੇ ਵਿੱਚ ਬੇਰੁਜ਼ਗਾਰੀ ਚਰਮ ਸੀਮਾ ’ਤੇ ਹੈ। ਲੋਕਾਂ ਦਾ ਸਰਕਾਰਾਂ, ਇਥੋਂ ਤੱਕ ਕਿ ਨਿੱਜੀ ਖੇਤਰਾਂ ਤੋਂ ਵੀ ਮਨ ਭਰ ਗਿਆ ਹੈ। ਪੰਜਾਬ ਦੇ ਬੱਚੇ ਵਿਦੇਸ਼ ਜਾ ਰਹੇ ਹਨ।

ਇਹੀ ਨਹੀਂ, ਦੇਸ਼ ਅੰਦਰ ਆਰਥਿਕ ਪਾੜੇ ਬਹੁਤ ਵਧ ਗਏ ਅਤੇ ਵਧ ਰਹੇ ਹਨ। ਧਨ-ਦੌਲਤ ਦੇ ਸ੍ਰੋਤ ਕੁਝ ਕੁ ਹੱਥਾਂ ਵਿੱਚ ਸਿਮਟ ਗਏ ਹਨ। 1980 ਤੋਂ ਪਹਿਲਾਂ ਮੁਲਕ ਵਿੱਚ 2-4 ਹੀ ਖਰਬਪਤੀ ਸਨ, ਅੱਜ ਇਹ ਗਿਣਤੀ 200 ਤੋਂ ਵਧੇਰੇ ਹੈ। ਭਾਰਤ ਦੇ 10% ਲੋਕਾਂ ਕੋਲ ਦੇਸ਼ ਦੇ 60% ਵਸੀਲੇ ਹਨ; 60% ਗਰੀਬਾਂ ਕੋਲ ਕੇਵਲ 4% ਦੇ ਕਰੀਬ ਹਨ।

ਆਰਥਿਕ ਕਾਰਕ ਤੋਂ ਬਿਨਾਂ ਸਿਹਤ ਅਤੇ ਸਿੱਖਿਆ ਅਜਿਹੇ ਖੇਤਰ ਹਨ ਜਿਨ੍ਹਾਂ ਤੋਂ ਕਿਸੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਮਿਣੀ ਜਾਂਦੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਿਆ ਤੇ ਸਿਹਤ ਸੰਸਥਾਵਾਂ ਦਾ ਵੱਡੇ ਪੱਧਰ ’ਤੇ ਵਿਸਤਾਰ ਕੀਤਾ ਗਿਆ। ਸਕੂਲ, ਕਾਲਜ, ਤਕਨੀਕੀ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਬਣਾਏ। ਇਨ੍ਹਾਂ ਸੰਸਥਾਵਾਂ ਦੀ ਵਿਲੱਖਣਤਾ ਸੀ ਕਿ ਘੱਟ ਖਰਚਿਆਂ ਵਿੱਚ ਆਮ ਲੋਕਾਂ ਨੂੰ ਵੀ ਸਿੱਖਿਆ ਮਿਲਣ ਲੱਗੀ; ਅਮੀਰ ਗਰੀਬ ਕੁਝ ਨਾ ਕੁਝ ਰੁਜ਼ਗਾਰ ਲੈ ਲੈਂਦੇ। ਅੱਜ ਹਾਲਤ ਬਿਲਕੁਲ ਉਲਟ ਹੋ ਗਈ ਲੱਗਦੀ ਹੈ। ਸਿੱਖਿਆ ਦਾ ਨਿੱਜੀਕਰਨ ਹੋਣ ਕਰ ਕੇ ਇਹ ਵਪਾਰ ਬਣ ਗਈ ਹੈ। ਜਨਤਕ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਨੂੰ ਜਾਣਬੁਝ ਕੇ ਖਤਮ ਕੀਤਾ ਜਾ ਰਿਹਾ ਹੈ; ਪ੍ਰਾਈਵੇਟ ਅਦਾਰਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਵਿਦਿਆ ਮਹਿੰਗੀ ਹੋਣ ਕਰ ਕੇ ਆਮ ਲੋਕਾਂ ਦਾ ਕਚੂੰਮਰ ਨਿਕਲਿਆ ਪਿਆ ਹੈ। ਛੋਟੇ ਕਿਸਾਨਾਂ ਦੀ ਅੱਧੀ ਕਮਾਈ ਦੇ ਲੱਗਭਗ ਬੱਚਿਆਂ ਦੀ ਸਿੱਖਿਆ ’ਤੇ ਖਰਚ ਹੋ ਜਾਂਦੀ ਹੈ।

1950 ਤੋਂ 1960-65 ਤੱਕ ਜਨਤਕ ਸਿਹਤ ਸੰਸਥਾਵਾਂ, ਡਿਪੈਂਸਰੀਆਂ, ਛੋਟੇ ਤੇ ਵੱਡੇ ਹਸਪਤਾਲਾਂ ਦੀ ਸਥਾਪਨਾ ਤੇਜ਼ੀ ਨਾਲ ਹੋਈ ਸੀ। ਸਰਕਾਰੀ ਸਿਹਤ ਅਦਾਰੇ ਖਤਮ ਕੀਤੇ ਜਾ ਰਹੇ ਹਨ। ਹੋਟਲ ਵਰਗੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਹੱਦੋਂ ਵੱਧ ਮਹਿੰਗਾ ਹੈ। ਰਾਜਨੀਤਕ ਤੌਰ ’ਤੇ ਦੇਖੀਏ ਤਾਂ ਆਜਾਦੀ ਤੋਂ ਬਾਅਦ ਸਾਡੇ ਸਿਆਸਤਦਾਨਾਂ ਦਾ ਕਿਰਦਾਰ ਤੇ ਵਿਹਾਰ ਹੁਣ ਦੇ ਮੁਕਾਬਲੇ ਬਹੁਤ ਠੀਕ ਸੀ। ਹੁਣ ਤਾਂ ਕਹਿਣ ਨੂੰ ਹੀ ਲੋਕਤੰਤਰ ਲਗਦਾ ਹੈ; ਸੱਤਾ ਦੀ ਡੋਰੀ ਇੱਕ ਸ਼ਖ਼ਸ ਜਾਂ ਕੁਝ ਪਰਿਵਾਰਾਂ ਤੱਕ ਸੀਮਤ ਹੈ। ਨਵੀਂ ਪਨੀਰੀ ਨੂੰ ਰਾਜਨੀਤੀ ਵਿੱਚ ਥਾਂ ਬਹੁਤ ਘੱਟ ਮਿਲ ਰਹੀ ਹੈ। ਸੱਭਿਆਚਾਰ ਵਿੱਚ ਉਪਜਾਏ ਜਾ ਰਹੇ ਵਿਗਾੜਾਂ ਕਾਰਨ ਹਿੰਸਾ ਵਧ ਰਹੀ ਹੈ। ਸਾਂਝ ਅਤੇ ਭਾਈਚਾਰਾ ਹੁਣ ਬੀਤੇ ਦੀਆਂ ਗੱਲਾਂ ਲਗਦੇ ਹਨ।

ਪੰਜਾਬ ਦੀ ਮੌਜੂਦਾ ਸੱਤਾਧਾਰੀ ਧਿਰ ਨੂੰ ਲੋਕਾਂ ਨੇ ਇਸ ਕਰ ਕੇ ਸਰਕਾਰ ਚਲਾਉਣ ਲਈ ਚੁਣਿਆ ਸੀ ਕਿ ਇਹ ਰਵਾਇਤੀ ਪਾਰਟੀਆਂ ਤੋਂ ਕੁਝ ਅਲੱਗ ਕਰ ਕੇ ਦਿਖਾਏਗੀ ਪਰ ਅਫਸੋਸ!

ਇਹ ਵੀ ਪੰਜਾਬ ਨੂੰ ਲੀਹਾਂ ’ਤੇ ਨਹੀਂ ਲਿਆ ਸਕੀ। ਛੋਟੇ ਮੋਟੇ ਮੁੱਦੇ ਬਹੁਤ ਜ਼ਿਆਦਾ ਉਭਾਰ ਕੇ ਪ੍ਰਾਪਤੀ ਵਜੋਂ ਪੇਸ਼ ਕੀਤੇ ਜਾ ਰਹੇ ਹਨ; ਜਿਵੇਂ ਕੁਝ ਅਧਿਆਪਕਾਂ ਨੂੰ ਬਾਹਰੋਂ ਸਿਖਲਾਈ ਬਾਰੇ ਦਿਖਾਵਾ। ਮੰਡੀਆਂ ਵਿੱਚ ਰੁਲ ਰਹੇ ਝੋਨੇ ਦਾ ਹੱਲ ਨਹੀਂ ਕੱਢਿਆ ਗਿਆ। ਲੱਗਭੱਗ ਹਰ ਵਿਭਾਗ ਦੇ ਮੁਲਾਜ਼ਮਾਂ ਆਪਣੇ ਹੱਕਾਂ ਵਾਸਤੇ ਧਰਨੇ ਲਾ ਰਹੇ ਹਨ। ਪਰਵਾਸ, ਨਸ਼ਾ, ਬੇਰੁਜ਼ਗਾਰੀ, ਸਿਹਤ ਤੇ ਸਿੱਖਿਆ ਸੰਸਥਾਵਾਂ ਦੇ ਸੁਧਾਰਾਂ ਵਰਗੇ ਮਸਲਿਆਂ ਤੋਂ ਹਾਲਤ ਭਾਂਜ ਵਾਲੀ ਹੈ।

ਪੰਜਾਬ ਸਿਰ ਕਰਜ਼ਾ ਨਿੱਤ ਦਿਨ ਵਧ ਰਿਹਾ ਹੈ। ਅਜਿਹੇ ਹੋਰ ਅਨੇਕ ਮੁੱਦੇ ਛੱਡ ਨੇ ਛੋਟੀਆਂ ਮੋਟੀਆਂ ਗੱਲਾਂ ਲੋਕਾਂ ਅੱਗੇ ਰੱਖੀਆਂ ਜਾ ਰਹੀਆਂ ਹਨ। ਜਿਹੜੀ ਸਰਕਾਰ ਬਦਲਾਓ ਦੇ ਨਾਅਰੇ ਸਦਕਾ ਹੋਂਦ ਵਿੱਚ ਆਈ ਸੀ, ਉਹ ਹੁਣ ਬੁੱਤਾ-ਸਾਰ ਸਰਕਾਰ ਵਿੱਚ ਤਬਦੀਲ ਹੋ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਸਾਰਥਿਕ ਕਦਮ ਚੁੱਕ ਕੇ ਵੱਖ-ਵੱਖ ਖੇਤਰਾਂ ਦੀ ਤਰੱਕੀ ਅਤੇ ਜਨਤਕ ਸੰਸਥਾਵਾਂ ਦੀ ਸੁਰਜੀਤੀ ਲਈ ਕੋਸ਼ਿਸ਼ ਕਰੇ।

# ਵਿੱਦਿਆ ਦਾ ਮੰਦਿਰ

ਲੇਖਕ : ਪ੍ਰਤਾਪ ‘ਪਾਰਸ’ ਗੁਰਦਾਸਪੁਰੀ
ਸੰਪਰਕ: 99888-11681

ਰਾਣੋ ਦਾ ਬਾਪੂ ਜਨਕਾ ਪਿੰਡ ਵਿੱਚ ਲੰਬੜਦਾਰਾਂ ਦਾ ਸੀਰੀ ਲੱਗਿਆ ਹੋਇਆ ਸੀ ਤੇ ਮਾਂ ਵਿੱਦਿਆ ਦੇਵੀ ਉਨ੍ਹਾਂ ਹੀ ਲੰਬੜਦਾਰਾਂ ਦੇ ਘਰ ਗੋਹਾ-ਕੂੜਾ ਕਰਿਆ ਕਰਦੀ ਸੀ। ਰੱਬ ਵੱਲੋਂ ਵਿੱਦਿਆ ਦੇਵੀ ਦੇ ਘਰ ਕੋਈ ਹੋਰ ਸੰਤਾਨ ਨਹੀਂ ਹੋਈ, ਬਸ ਰਾਣੋ ਹੀ ਉਨ੍ਹਾਂ ਦੇ ਘਰ ਦੀ ਰੌਣਕ ਸੀ। ਰਾਣੋ ਆਪਣੀ ਮਾਂ ਦੇ ਨਾਲ-ਨਾਲ ਹੀ ਰਹਿੰਦੀ ਚਾਹੇ ਉਸ ਦੀ ਮਾਂ ਗੋਹਾ-ਕੂੜਾ ਕਿਉਂ ਨਾ ਕਰਦੀ ਹੋਵੇ। ਵਿੱਦਿਆ ਦੇਵੀ ਨੂੰ ਵੀ ਰਾਣੋ ਦਾ ਇੰਝ ਨਾਲ-ਨਾਲ ਹੀ ਰਹਿਣਾ ਚੰਗਾ ਲੱਗਦਾ। ਰਾਣੋ ਲੰਬੜਦਾਰਾਂ ਦੇ ਬੱਚਿਆਂ ਨੂੰ ਸਕੂਲ ਜਾਂਦੇ ਵੇਖ ਕੇ ਪੜ੍ਹਨ ਦੀ ਇੱਛਾ ਜ਼ਾਹਰ ਕਰਦੀ ਤਾਂ ਮਾਂ ਕਹਿੰਦੀ, ‘‘ਧੀਏ, ਅਸੀਂ ਗ਼ਰੀਬ ਲੋਕ ਹਾਂ। ਪੜ੍ਹਨਾ ਸਾਡੇ ਹਿੱਸੇ ਨਹੀਂ ਆਇਆ। ਇਹ ਵੱਡੇ ਲੋਕ ਹੁੰਦੇ ਨੇ ਜਿਹੜੇ ਸਕੂਲ ਵਿੱਚ ਪੜ੍ਹਨ ਜਾਂਦੇ ਨੇ।’’ ਇਹ ਕਹਿ ਕੇ ਉਸ ਨੂੰ ਚੁੱਪ ਕਰਵਾ ਦਿੰਦੀ। ਰਾਣੋ ਦੀ ਮਾਂ ਦਾ ਨਾਂ ਬੇਸ਼ੱਕ ਵਿੱਦਿਆ ਦੇਵੀ ਸੀ, ਪਰ ਵਿੱਦਿਆ ਦੇ ਅਰਥ ਅਤੇ ਅਹਿਮੀਅਤ ਦਾ ਉਸ ਨੂੰ ਕੋਈ ਪਤਾ ਨਹੀਂ ਸੀ।ਰਾਣੋ ਪੜ੍ਹਨਾ ਚਾਹੁੰਦੀ ਸੀ, ਪਰ ਉਸ ਦੀ ਆਸ ਉਸ ਨੂੰ ਆਪਣੀ ਮਾਂ ਵਿਦਿਆ ਦੇਵੀ ਤੋਂ ਬਿਲਕੁਲ ਵੀ ਨਹੀਂ ਸੀ ਜਾਪਦੀ।

ਲੰਬੜਦਾਰਾਂ ਦਾ ਵੱਡਾ ਮੁੰਡਾ ਹੁਸ਼ਿਆਰ ਸਿੰਘ ਸ਼ਹਿਰ ਰਹਿੰਦਾ ਸੀ। ਸਬੱਬੀਂ ਉਹ ਘਰ ਆਇਆ ਹੋਇਆ ਸੀ। ਉਸ ਨੂੰ ਰਾਣੋ ਦੀ ਪੜ੍ਹਨ ਦੀ ਖ਼ਾਹਿਸ਼ ਦਾ ਪਤਾ ਲੱਗਿਆ ਤਾਂ ਉਸ ਨੇ ਘਰ ਕੰਮ ਕਰਨ ਆਈ ਵਿੱਦਿਆ ਦੇਵੀ ਨੂੰ ਕਿਹਾ ਕਿ ਉਹ ਰਾਣੋ ਨੂੰ ਪੜ੍ਹਨ ਲਈ ਸਕੂਲ ਭੇਜਿਆ ਕਰੇ। ਉਹ ਰਾਣੋ ਦੇ ਲੀੜੇ-ਕੱਪੜੇ, ਕਿਤਾਬਾਂ, ਫੀਸ ਅਤੇ ਹੋਰ ਖਰਚਾ ਸਮੇਂ-ਸਮੇਂ ’ਤੇ ਦੇ ਦਿਆ ਕਰੇਗਾ।

ਹੁਸ਼ਿਆਰ ਸਿੰਘ ਨੇ ਕੀਤੇ ਵਾਅਦੇ ਨੂੰ ਅਖੀਰ ਤੱਕ ਬਾਖ਼ੂਬੀ ਨਿਭਾਇਆ।ਰਾਣੋ ਪੜ੍ਹਦੀ-ਪੜ੍ਹਦੀ ਪੰਜਵੀਂ, ਦਸਵੀਂ ਅਤੇ ਫਿਰ ਚੰਗੇ ਨੰਬਰਾਂ ਵਿੱਚ ਬੀ.ਏ. ਕਰ ਗਈ। ਇਸ ਸਮੇਂ ਦੌਰਾਨ ਉਸ ਕੋਲੋਂ ਉਸ ਦੇ ਮਾਂ-ਬਾਪ ਦੋਵੇਂ ਹੀ ਵਾਰੋ-ਵਾਰੀ ਖੁੱਸ ਗਏ ਭਾਵ ਰੱਬ ਨੂੰ ਪਿਆਰੇ ਹੋ ਗਏ। ਇਸ ਕਾਰਨ ਉਹ ਇੱਕ ਵਾਰ ਤਾਂ ਧੁਰ ਅੰਦਰ ਤੱਕ ਟੁੱਟ ਗਈ, ਪਰ ਟੀਚੇ ਮਿੱਥ ਲੈਣ ਵਾਲਿਆਂ ਦੇ ਰਾਹ ਕੋਈ ਔਕੜ-ਮੁਸ਼ਕਿਲ ਕਦੇ ਵੀ ਨਹੀਂ ਰੋਕ ਸਕਦੀ। ਰਾਣੋ ਨੇ ਹੁਸ਼ਿਆਰ ਸਿੰਘ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਬੀ.ਐੱਡ. ਤੇ ਇਸ ਤੋਂ ਬਾਅਦ ਐੱਮ.ਏ. ਪੰਜਾਬੀ ਕਰ ਲਈ। ਹੁਣ ਉਹ ਸਰਕਾਰੀ ਨੌਕਰੀ ਦੀ ਭਾਲ ਵਿੱਚ ਸੀ। ਜਦ ਤੱਕ ਸਰਕਾਰੀ ਨੌਕਰੀ ਨਾ ਮਿਲੀ, ਉਸ ਨੇ ਪ੍ਰਾਈਵੇਟ ਕਾਲਜ ਵਿੱਚ ਮਿਲੀ ਬਤੌਰ ਪੰਜਾਬੀ ਲੈਕਚਰਾਰ ਨੌਕਰੀ ਸਵੀਕਾਰ ਕਰ ਲਈ। ਬੇਸ਼ੱਕ ਉਸ ਨੂੰ ਪਿੰਡ ਤੋਂ ਨੌਕਰੀ ਲਈ ਸ਼ਹਿਰ ਜਾਣ ’ਚ ਮੁਸ਼ਕਿਲ ਆ ਰਹੀ ਸੀ, ਪਰ ਉਹ ਮੁਸ਼ਕਿਲਾਂ ਨਾਲ ਟਕਰਾਉਣ ਦਾ ਵੱਲ ਬਾਖ਼ੂਬੀ ਜਾਣਦੀ ਸੀ।

ਵਕਤ ਆਪਣੀ ਚਾਲ ਚੱਲਦਾ ਗਿਆ। ਭਾਵੇਂ ਰਾਣੋ ਨੂੰ ਸਰਕਾਰੀ ਨੌਕਰੀ ਨਹੀਂ ਮਿਲੀ ਸੀ, ਪਰ ਉਸ ਦੀ ਲਿਆਕਤ ਦੀ ਚਰਚਾ ਲਾਗੇ-ਲਾਗੇ ਦੇ ਸਾਰੇ ਪਿੰਡਾਂ ਵਿੱਚ ਹੋ ਰਹੀ ਸੀ ਕਿ ਉਹ ਕਿੰਝ ਗ਼ਰੀਬੀ ਹੰਢਾਉਂਦੀ ਹੋਈ ਅੱਵਲ ਦਰਜੇ ਦੀ ਪੜ੍ਹਾਈ ਕਰ ਗਈ। ਇਸ ਕਰਕੇ ਰਾਣੋ ਦਾ ਬਹੁਤ ਸਤਿਕਾਰ ਹੋ ਰਿਹਾ ਸੀ। ਉਸ ਨੂੰ ਵਧੀਆ-ਵਧੀਆ ਘਰਾਂ ਦੇ ਰਿਸ਼ਤੇ ਵੀ ਆ ਰਹੇ ਸਨ, ਪਰ ਉਸ ਨੇ ਇਸ ਫ਼ੈਸਲੇ ਦਾ ਅਖਤਿਆਰ ਹੁਸ਼ਿਆਰ ਸਿੰਘ ਨੂੰ ਦੇ ਦਿੱਤਾ ਸੀ ਕਿਉਂਕਿ ਉਹ ਆਪਣੇ ਇਸ ਜੀਵਨ ਨੂੰ ਉਸ ਦੇ ਗਿਰਵੀ ਮੰਨਦੀ ਸੀ।ਸਹੀ ਸਮਾਂ ਤੇ ਸਹੀ ਰਿਸ਼ਤਾ ਵੇਖ ਹੁਸ਼ਿਆਰ ਸਿੰਘ ਨੇ ਰਾਣੋ ਦਾ ਰਿਸ਼ਤਾ ਉਸ ਪ੍ਰਾਈਵੇਟ ਕਾਲਜ ਦੇ ਮਾਲਕ ਦੇ ਹੋਣਹਾਰ ਪੁੱਤਰ ਹਰੀਸ਼ ਨਾਲ ਉਸ ਦੇ ਪੂਰੇ ਪਰਿਵਾਰ ਦੀ ਸਹਿਮਤੀ ਨਾਲ ਪੱਕਾ ਕਰ ਦਿੱਤਾ ਜਿਸ ਕਾਲਜ ਵਿੱਚ ਰਾਣੋ ਲੈਕਚਰਾਰ ਸੀ। ਕੁਝ ਸਮੇਂ ਬਾਅਦ ਹੀ ਹਰੀਸ਼ ਤੇ ਰਾਣੋ ਦਾ ਵਿਆਹ ਬੜੇ ਸਾਦੇ ਢੰਗ ਨਾਲ ਹੋ ਗਿਆ। ਹੁਣ ਰਾਣੋ ਉਸ ਕਾਲਜ ਦੀ ਮਾਲਕ ਬਣ ਗਈ ਸੀ ਜਿੱਥੇ ਉਹ ਕਦੇ ਨੌਕਰੀ ਕਰਿਆ ਕਰਦੀ ਸੀ। ਉਹ ਪਹਿਲਾਂ ਤੋਂ ਵੀ ਵੱਧ ਮਿਹਨਤ ਨਾਲ ਕਾਲਜ ਦੀ ਬਿਹਤਰੀ ਲਈ ਕੰਮ ਕਰਨ ਲੱਗੀ। ਨਤੀਜੇ ਵਜੋਂ ਉਸ ਕਾਲਜ ਵਿੱਚ ਸਿਖਿਆਰਥੀਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਗਈ। ਹੁਣ ਰਾਣੋ ਨੂੰ ਆਉਣ-ਜਾਣ ਲਈ ਗੱਡੀ ਅਤੇ ਇੱਕ ਡਰਾਈਵਰ ਮਿਲ ਗਿਆ ਸੀ। ਉਸ ਨੇ ਆਪਣੇ ਸੰਕਲਪ ਮੁਤਾਬਿਕ ਆਪਣੇ ਜੱਦੀ ਘਰ ਜਿੱਥੇ ਆਪਣੇ ਮਾਪਿਆਂ ਨਾਲ ਬਚਪਨ ਦੇ ਅਤਿ ਗ਼ਰੀਬੀ ਭਰੇ ਦਿਨ ਗੁਜ਼ਾਰੇ ਸਨ, ਵਿੱਚ ਉਸ ਨੇ ਮੁਫ਼ਤ ਟਿਊਸ਼ਨ ਸੈਂਟਰ ਖੋਲ੍ਹ ਦਿੱਤਾ ਸੀ। ਇਸ ਦਾ ਨਾਮ ‘ਵਿੱਦਿਆ ਮੁਫ਼ਤ ਟਿਊਸ਼ਨ ਸੈਂਟਰ’ ਆਪਣੀ ਮਾਂ ਦੇ ਨਾਮ ’ਤੇ ਰੱਖਿਆ ਸੀ ਜਿਸ ਨੂੰ ਉਹ ਬਹੁਤ ਪਿਆਰ ਕਰਦੀ ਸੀ। ਉਹ ਚਾਹੁੰਦੀ ਸੀ ਕਿ ਪੜ੍ਹਾਈ ਨੂੰ ਗ਼ਰੀਬਾਂ ਦੀ ਪਹੁੰਚ ਤੋਂ ਬਹੁਤ ਦੂਰ ਸਮਝਣ ਵਾਲੀ ਉਸ ਦੀ ਮਾਂ ਦੇ ਨਾਮ ’ਤੇ ਬਣੇ ਇਸ ਟਿਊਸ਼ਨ ਸੈਂਟਰ ਤੋਂ ਉਹ ਬੱਚੇ ਪੜ੍ਹਾਈ ਕਰ ਸਕਣ ਜੋ ਗ਼ਰੀਬੀ ਕਾਰਨ ਪੜ੍ਹਾਈ ਬਾਰੇ ਸੋਚ ਵੀ ਨਹੀਂ ਸਕਦੇ।

ਇਸ ਟਿਊਸ਼ਨ ਸੈਂਟਰ ਵਿੱਚ ਉਹ ਕਾਲਜ ’ਚੋਂ ਛੁੱਟੀ ਹੋਣ ਤੋਂ ਬਾਅਦ ਜਾਂਦੀ ਸੀ। ਇਸ ਟਿਊਸ਼ਨ ਸੈਂਟਰ ਵਿੱਚ ਹਰ ਬੱਚਾ ਮੁਫ਼ਤ ਪੜ੍ਹਾਈ ਕਰ ਸਕਦਾ ਸੀ।ਉਸ ਨੇ ਇੱਕ ਹੋਰ ਵਿਲੱਖਣ ਕੰਮ ਕੀਤਾ ਸੀ ਜਿਸ ਵਿੱਚ ਵੱਡੀਆਂ ਕਲਾਸਾਂ ਨੂੰ ਉਹ ਖ਼ੁਦ ਪੜ੍ਹਾਉਂਦੀ ਸੀ ਅਤੇ ਛੋਟੀਆਂ ਕਲਾਸਾਂ ਨੂੰ ਵੱਡੀਆਂ ਕਲਾਸਾਂ ਦੇ ਬੱਚੇ ਪੜ੍ਹਾਉਂਦੇ ਸਨ, ਇਉਂ ਇਸ ਟਿਊਸ਼ਨ ਸੈਂਟਰ ਦਾ ਲੋਕ ਭਰਪੂਰ ਲਾਭ ਉਠਾ ਰਹੇ ਸਨ।

ਓਧਰ ਹੁਸ਼ਿਆਰ ਸਿੰਘ ਦੇ ਆਪਣੇ ਕੋਈ ਬੱਚਾ ਨਹੀਂ ਸੀ। ਉਹ ਆਪਣੇ ਹੱਥੀਂ ਲਾਏ ਇਸ ਵਿੱਦਿਆ ਦੇ ਬੂਟੇ ਨੂੰ ਵਧਦਾ-ਫੁੱਲਦਾ ਵੇਖ ਕੇ ਬਹੁਤ ਖ਼ੁਸ਼ ਹੋ ਰਿਹਾ ਸੀ। ਇੱਕ ਦਿਨ ਹੁਸ਼ਿਆਰ ਸਿੰਘ ਨੇ ਫੋਨ ਕਰਕੇ ਰਾਣੋ ਨੂੰ ਘਰ ਬੁਲਾਇਆ ਅਤੇ ਉਸ ਨੂੰ ਆਪਣੇ ਕੋਲ ਬਿਠਾ ਕਹਿਣ ਲੱਗਾ, ‘‘ਧੀਏ, ਕਈ ਵਾਰ ਬੱਚੇ ਸਾਡੇ ਖ਼ੂਨ ਤੋਂ ਪੈਦਾ ਨਾ ਹੋ ਕੇ ਵੀ ਆਪਣੇ ਬੱਚੇ ਬਣ ਜਾਂਦੇ ਨੇ। ਮੈਨੂੰ ਪਰਮਾਤਮਾ ਨੇ ਔਲਾਦ ਨਹੀਂ ਦਿੱਤੀ। ਕਦੇ ਮੈਨੂੰ ਇਸ ਦਾ ਪਰਮਾਤਮਾ ਨਾਲ ਬਹੁਤ ਰੰਜ ਸੀ, ਪਰ ਜਦੋਂ ਤੋਂ ਮੈਂ ਤੈਨੂੰ ਦਿਲ ਹੀ ਦਿਲ ਵਿੱਚ ਆਪਣੀ ਧੀ ਸਵੀਕਾਰਿਆ ਹੈ ਓਦੋਂ ਤੋਂ ਮੈਂ ਉਸ ਵਾਹਿਗੁਰੂ ਦਾ ਸ਼ੁਕਰਗੁਜ਼ਾਰ ਹਾਂ ਜਿਸ ਨੇ ਤੇਰੇ ਵਰਗੀ ਨੇਕ ਧੀ ਦਾ ਅਮੋਲਕ ਗਹਿਣਾ ਮੇਰੀ ਝੋਲੀ ਪਾਇਆ ਏ। ਧੀਏ, ਮੈਂ ਤੇਰੀਆਂ ਪ੍ਰਾਪਤੀਆਂ ਤੋਂ ਬਹੁਤ ਖ਼ੁਸ਼ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਵਿੱਦਿਆ ਦਾ ਮੰਦਿਰ ਵਿੱਦਿਆ ਦਾ ਦਾਨ ਸਦਾ-ਸਦਾ ਹੀ ਵੰਡਦਾ ਰਹੇ।’’

ਇਸ ਤਰ੍ਹਾਂ ਦੀਆਂ ਭਾਵੁਕ ਗੱਲਾਂ ਕਰਦੇ-ਕਰਦੇ ਹੀ ਹੁਸ਼ਿਆਰ ਸਿੰਘ ਨੂੰ ਇਕਦਮ ਦਿਲ ਦਾ ਦੌਰਾ ਪਿਆ ਜਿਸ ਕਾਰਨ ਉਸ ਦੀ ਰਾਣੋ ਦੇ ਹੱਥਾਂ ਵਿੱਚ ਹੀ ਮੌਤ ਹੋ ਗਈ। ਭੋਗ ਉਪਰੰਤ ਹੁਸ਼ਿਆਰ ਸਿੰਘ ਦੀ ਪਤਨੀ ਨੇ ਉਸ ਦੀ ਕਰਵਾਈ ਵਸੀਅਤ ਰਾਣੋ ਦੇ ਹੱਥ ਫੜਾਈ ਤਾਂ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ। ਹੁਸ਼ਿਆਰ ਸਿੰਘ ਨੇ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਦੀ ਵਾਰਿਸ ਰਾਣੋ ਨੂੰ ਬਣਾਇਆ ਹੋਇਆ ਸੀ। ਉਹ ਸੋਚਣ ਲੱਗੀ, ‘ਹੇ ਪਰਮਾਤਮਾ, ਤੇਰੇ ਰੰਗ ਨਿਆਰੇ ਹਨ। ਕਦੇ ਪੜ੍ਹਾਈ ਨੂੰ ਤਰਸਦੀ ਇੱਕ ਕੁੜੀ ਅੱਜ ਵਿਦਿਆ ਦਾ ਦਾਨ ਵੰਡ ਰਹੀ ਹੈ। ਇੱਕ ਬਾਪ ਦੁਨੀਆ ਤੋਂ ਤੁਰ ਜਾਣ ਤੋਂ ਬਾਅਦ ਦੋ ਬਾਪ ਦੇ ਦਿੱਤੇ ਜੋ ਮੇਰੇ ਜੀਵਨ ਵਿੱਚ ਚਾਨਣ ਹੀ ਚਾਨਣ ਭਰ ਗਏ’।

ਅੱਜ ਰਾਣੋ ਦੇ ਆਪਣੇ ਦੋਵੇਂ ਬੱਚੇ ਪੜ੍ਹ ਲਿਖ ਗਏ। ਪੁੱਤਰ ਐਲ.ਐਲ.ਬੀ. ਕਰਕੇ ਵਕਾਲਤ ਕਰ ਰਿਹਾ ਹੈ ਅਤੇ ਧੀ ਪੜ੍ਹ-ਲਿਖ ਕੇ ਉਸ ਦੇ ਆਪਣੇ ਕਾਲਜ ਵਿੱਚ ਬਤੌਰ ਚੇਅਰਮੈਨ ਸੇਵਾ ਨਿਭਾਅ ਰਹੀ ਹੈ। ਰਾਣੋ ਅਤੇ ਹਰੀਸ਼ ਦੋਵੇਂ ਕਦੇ ਸ਼ਹਿਰ, ਕਦੇ ਪਿੰਡ ਅਤੇ ਕਦੇ ਹੁਸ਼ਿਆਰ ਸਿੰਘ ਦੇ ਘਰ ਚਲੇ ਜਾਂਦੇ। ਹੁਸ਼ਿਆਰ ਸਿੰਘ ਦੀ ਪਤਨੀ ਨੂੰ ਵੀ ਜਿਵੇਂ ਉਨ੍ਹਾਂ ਨੂੰ ਮਿਲ ਕੇ ਜਿਊਣ ਦੀ ਹੋਰ ਆਸ ਮਿਲ ਜਾਂਦੀ।

ਉਹ ਦੋਵੇਂ ਹੁਣ ਸੇਵਾਮੁਕਤੀ ਜੀਵਨ ਵਾਂਗ ਵਿਚਰ ਰਹੇ ਹਨ, ਪਰ ਰਾਣੋ ਅੱਜ ਵੀ ਪਿੰਡ ਵਾਲੇ ਮੁਫ਼ਤ ਟਿਊਸ਼ਨ ਸੈਂਟਰ ਦੀ ਦੇਖ-ਰੇਖ ਆਪ ਕਰਦਿਆਂ ਮਾਂ-ਬਾਪ ਨੂੰ ਆਪਣੇ ਅੰਗ-ਸੰਗ ਮਹਿਸੂਸ ਕਰਦੀ ਹੈ।

# ਸਿਹਤ ਸੰਸਾਰ



## ਨਸ਼ਿਆਂ ਵਾਲੇ ਮਰੀਜ਼ਾਂ ਦੇ ਘਰ ਵਾਲੇ ਧਿਆਨ ਦੇਣ

ਲੇਖਕ : ਡਾ. ਜਗਦੀਪ ਪਾਲ ਸਿੰਘ ਭਾਟੀਆ

ਅੱਜ ਮੈਂ ਸ਼ੇ ਵਾਲੇ ਮਰੀਜ਼ਾਂ ਦੇ ਘਰ ਵਾਲਿਆਂ ਨਾਲ ਕੁਝ ਜ਼ਰੂਰੀ ਗੱਲਾਂ ਕਰ ਰਿਹਾ ਹਾਂ। ਜਿਹੜੇ ਘਰ ਵਾਲੇ ਮੇਰੀਆਂ ਇਨ੍ਹਾਂ ਗੱਲਾਂ ਨੂੰ ਧਿਆਨ ਨਾਲ ਪੜ੍ਹਨਗੇ/ਵਿਚਾਰਨਗੇ ਮੈਨੂੰ ਪੂਰਾ ਯਕੀਨ ਹੈ ਕਿ ਉਹ ਆਪਣੇ ਮਰੀਜ਼ ਦਾ ਸ਼ਰਾਬ ਦਾ ਨਸ਼ਾ ਛੁਡਾਉਣ ਵਿਚ ਜ਼ਰੂਰ ਸਫਲ ਹੋ ਜਾਣਗੇ।

ਪਹਿਲੀ ਗੱਲ ਸ਼ਰਾਬ ਪੀਣਾ ਕੋਈ ਐਬ/ਬੁਰੀ ਆਦਤ ਨਹੀਂ। ਇਹ ਦਿਮਾਗ਼ ਦੀ ਬਿਮਾਰੀ ਹੈ, ਜੋ ਦਿਮਾਗ਼ ਦੇ ਇਲਾਜ ਨਾਲ ਹੀ ਠੀਕ ਹੋ ਸਕਦੀ ਹੈ। ਮਰੀਜ਼ ਦਿਮਾਗ਼ੀ ਤੌਰ 'ਤੇ ਬਿਮਾਰ ਹੋਣ ਕਾਰਨ ਇਲਾਜ ਲਈ ਮਦਦ ਨਹੀਂ ਮੰਗ ਸਕਦਾ। ਤੁਹਾਨੂੰ ਉਸ ਦੀ ਮਦਦ ਕਰਨੀ ਪਵੇਗੀ।

ਦੂਸਰੀ ਗੱਲ ਅਕਸਰ ਤੁਸੀਂ ਮਰੀਜ਼ ਨੂੰ ਸਹੁੰਆਂ ਖਵਾ ਕੇ ਸ਼ਰਾਬ ਜਾਂ ਹੋਰਨਾਂ ਨਸ਼ਿਆਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹੋ। ਆਪਣੇ-ਆਪ ਨਸ਼ੇ ਤੋਂ ਦੂਰ ਰਹਿਣਾ ਜਾਂ ਨਸ਼ਾ ਛੱਡਣਾ ਮਰੀਜ਼ ਦੇ ਵੱਸ ਵਿਚ ਨਹੀਂ ਹੁੰਦਾ, ਕਿਉਂਕਿ ਉਸ ਦਾ ਦਿਮਾਗ਼ ਬਿਮਾਰ ਹੈ ਤੇ ਉਸ ਨੂੰ ਦਿਮਾਗ਼ ਦੇ ਇਲਾਜ ਦੀ ਜ਼ਰੂਰਤ ਹੈ। ਜੇਕਰ ਮਰੀਜ਼ ਇਲਾਜ ਲਈ ਨਹੀਂ ਮੰਨਦਾ ਤਾਂ ਤੁਸੀਂ ਸਾਨੂੰ ਇਕੱਲੇ ਆ ਕੇ ਮਿਲ ਸਕਦੇ ਹੋ। ਅਸੀਂ ਤੁਹਾਨੂੰ ਮਰੀਜ਼ ਨੂੰ ਇਲਾਜ ਲਈ ਆਸਾਨੀ ਨਾਲ ਮਨਾਉਣ ਦੇ ਤਰੀਕੇ ਦੱਸ ਸਕਦੇ ਹਾਂ।

ਤੀਸਰੀ ਗੱਲ ਤੁਸੀਂ ਸ਼ਰਾਬ ਕਾਰਨ ਮਰੀਜ਼ ਦੇ ਖ਼ਰਾਬ ਹੋਏ ਸਰੀਰਕ ਅੰਗਾਂ ਜਿਵੇਂ ਲਿਵਰ ਜਾਂ ਜਿਗਰ ਤੇ ਗੁਰਦੇ ਆਦਿ ਦਾ ਇਲਾਜ ਤਾਂ ਕਰਵਾਉਂਦੇ ਹੋ ਪਰ ਸ਼ਰਾਬੀਪਣ ਦੀ ਬਿਮਾਰੀ ਦਾ ਇਲਾਜ ਨਹੀਂ ਕਰਵਾਉਂਦੇ। ਸ਼ਰਾਬੀਪਣ ਦੀ ਬਿਮਾਰੀ ਦਾ ਇਲਾਜ ਕਰਵਾਓ। ਜਦ ਮਰੀਜ਼ ਸ਼ਰਾਬ ਛੱਡ ਦਿੰਦਾ ਹੈ ਤਾਂ ਉਸ ਦੇ ਸ਼ਰਾਬ ਕਾਰਨ ਸਰੀਰ ਦੇ ਖ਼ਰਾਬ ਹੋਏ ਇਹ ਅੰਗ ਸੰਖੇਪ ਇਲਾਜ ਨਾਲ ਜਾਂ ਆਪਣੇ-ਆਪ ਹੀ ਠੀਕ ਹੋਣੇ ਸ਼ੁਰੂ ਹੋ ਜਾਂਦੇ ਹਨ।

ਸ਼ਰਾਬੀਪਣ ਦਿਮਾਗ਼ੀ ਬਿਮਾਰੀ ਕਿਵੇਂ ਹੈ? ਸਰੀਰ ਵਿਚ ਪਦਾਰਥਾਂ ਨੂੰ ਪਚਾਉਣ ਵਾਸਤੇ ਇਕ ਖਾਸ ਪ੍ਰਣਾਲੀ ਮੌਜੂਦ ਹੁੰਦੀ ਹੈ। ਸ਼ਰਾਬ ਪੀਣ ਵਾਲੇ ਦਸ ਤੋਂ ਬਾਰ੍ਹਾਂ ਫ਼ੀਸਦੀ ਮਰੀਜ਼ਾਂ ਦੀ ਇਹ ਪ੍ਰਣਾਲੀ ਸ਼ਰਾਬ ਪੀਣ ਨਾਲ ਕਮਜ਼ੋਰ ਪੈ ਜਾਂਦੀ ਹੈ ਤੇ ਉਹ ਸ਼ਰਾਬ ਜਾਂ ਹੋਰਨਾਂ ਨਸ਼ਿਆਂ ਨੂੰ ਪਚਾਉਣ ਦੇ ਕਾਬਲ ਨਹੀਂ ਰਹਿੰਦੇ। ਉਨ੍ਹਾਂ ਦੇ ਅੰਦਰ ਤੇਜ਼ਾਬ (ਐਸਟਿਕ ਐਸਿਡ) ਤੇ ਕਲੋਰੋਫੋਮ (ਬੇਹੋਸ਼ੀ ਦੀ ਦਵਾਈ) ਬਣਨਾ ਸ਼ੁਰੂ ਹੋ ਜਾਂਦਾ ਹੈ। ਐਸਟਿਕ ਐਸਿਡ ਲਿਵਰ ਜਾਂ ਜਿਗਰ ਤੇ ਗੁਰਦੇ ਆਦਿ ਨੂੰ ਨਸ਼ਟ ਕਰ ਦਿੰਦਾ ਹੈ ਤੇ ਕਲੋਰੋਫੋਮ ਦਿਮਾਗ਼ ਦੇ ਸੈੱਲਾਂ ਯਾਦਾਸ਼ਤ ਵਾਲੇ ਹਿੱਸੇ (ਹਿਪੋਕੈਂਪਸ) ਤੇ ਚੰਗੇ-ਮਾੜੇ ਫ਼ੈਸਲੇ ਦੀ ਸਮਝ ਰੱਖਣ ਵਾਲੇ ਹਿੱਸੇ (ਪ੍ਰੀਫਰੰਟਲ ਕੋਰਟੈਕਸ) ਵਿਚ ਵਿਗਾੜ ਪੈਦਾ ਕਰ ਦਿੰਦੀ ਹੈ, ਜਿਸ ਕਾਰਨ ਉਹ ਬੇਚੈਨ ਰਹਿੰਦਾ ਹੈ।

ਕਿਹੋ ਜਿਹੀ ਹੁੰਦੀ ਹੈ ਇਹ ਬੇਚੈਨੀ : ਤੁਸੀਂ ਦੇਖਦੇ ਹੋਵੋਗੇ ਕਿ:

1. ਮਰੀਜ਼ ਟਿਕ ਕੇ ਨਹੀਂ ਬੈਠਦਾ।
2. ਯਾਦਾਸ਼ਤ ਕਮਜ਼ੋਰ ਪੈ ਜਾਂਦੀ ਹੈ।
3. ਭੁਲੇਖੇ ਪੈਂਦੇ ਹਨ।
4. ਹੱਥ ਪੈਰ ਕੰਬਦੇ ਹਨ।
5. ਜ਼ੁਬਾਨ ਲੜਖੜਾਉਂਦੀ ਹੈ।
6. ਇਕੱਲਾ, ਉਦਾਸ ਤੇ ਚਿੜਚੜਾ ਰਹਿੰਦਾ ਹੈ।
7. ਗੁੱਸੇ ਵਿਚ ਆਪਣਾ ਤੇ ਘਰ ਵਾਲਿਆਂ ਦਾ ਨੁਕਸਾਨ ਕਰਦਾ ਹੈ।
8. ਹਰੇਕ ਨਾਲ ਕੌੜਾ ਬੋਲਦਾ ਹੈ।
9. ਕਿਸੇ ਦੀ ਗੱਲ ਨਹੀਂ ਸੁਣਦਾ।
10. ਸ਼ਰਾਬ ਪੀਣ ਤੋਂ ਨਹੀਂ ਹਟਦਾ।

ਹੁਣ ਉਸ ਨੂੰ ਸ਼ਰਾਬ ਦਾ ਮਜ਼ਾ ਨਹੀਂ ਆਉਂਦਾ ਤੇ ਨਾ ਹੀ ਉਹ ਅੰਦਰੋਂ ਸ਼ਰਾਬ ਪੀਣਾ ਚਾਹੁੰਦਾ ਹੈ। ਉਹ ਸਿਰਫ ਅੰਦਰਲੀ ਬੇਚੈਨੀ ਨੂੰ ਦੂਰ ਕਰਨ ਲਈ ਸ਼ਰਾਬ ਪੀਂਦਾ ਹੈ। ਜਦ ਉਸ ਨੂੰ ਬੇਚੈਨੀ ਦੂਰ ਹੁੰਦੀ ਨਹੀਂ ਦਿਸਦੀ ਤਾਂ ਉਹ ਸ਼ਰਾਬ ਦੀ ਮਿਕਦਾਰ ਵਧਾਈ ਜਾਂਦਾ ਹੈ। ਉਹ ਸੋਚਦਾ ਹੈ ਕਿ ਸ਼ਾਇਦ ਵੱਧ ਮਿਕਦਾਰ ਨਾਲ ਉਸ ਦੀ ਬੇਚੈਨੀ ਦੂਰ ਹੋ ਜਾਵੇ ਪਰ ਨਹੀਂ। ਜੇਕਰ ਹੁਣ ਵੀ ਤੁਸੀਂ ਉਸ ਦਾ ਇਲਾਜ ਨਹੀਂ ਕਰਵਾਉਂਦੇ ਤਾਂ ਵਧਦੀ ਮਿਕਦਾਰ ਉਸ ਦੀ ਜਾਨ ਲੈ ਸਕਦੀ ਹੈ।

ਇਲਾਜ: ਪਹਿਲਾਂ ਮਰੀਜ਼ ਦੇ ਸਰੀਰ ਤੇ ਦਿਮਾਗ਼ ਦੋਹਾਂ ਨੂੰ ਨਸ਼ੇ ਤੋਂ ਰਹਿਤ (ਡੀਟੌਕਸ) ਕਰ ਲਿਆ ਜਾਂਦਾ ਹੈ। ਬਾਅਦ ਵਿਚ ਦਿਮਾਗ਼ ਦੇ ਸੈੱਲਾਂ ਦੀ ਟੁੱਟ ਭੱਜ ਦਿਮਾਗ਼ ਦੇ ਨੁਕਸਾਨੇ ਗਏ ਹਿੱਸੇ ਜਿਵੇਂ ਹਿਪੋਕੈਂਪਸ (ਜਿਸ ਵਿਚ ਨਸ਼ਾ ਲੈਣ ਬਾਰੇ ਸੋਚ ਬੈਠ ਜਾਂਦੀ ਹੈ), ਅਮੇਗਡੇਲਾ (ਚੰਗੇ ਫ਼ੈਸਲੇ ਲੈਣ ਵਾਲਾ ਹਿੱਸਾ) ਤੇ ਪ੍ਰੀਫਰੰਟਲ ਕੋਰਟੈਕਸ (ਫਾਇਦੇ-ਨੁਕਸਾਨ ਬਾਰੇ ਸੋਚਣ ਵਾਲਾ ਹਿੱਸਾ) ਆਦਿ ਦਾ ਇਲਾਜ ਕੀਤਾ ਜਾਂਦਾ ਹੈ।

ਇਲਾਜ ਤੋਂ ਬਾਅਦ ਜਦ ਮਰੀਜ਼ ਦੇ ਦਿਮਾਗ਼ ਦੇ ਇਹ ਹਿੱਸੇ ਠੀਕ ਕੰਮ ਕਰਨ ਲੱਗ ਜਾਂਦੇ ਹਨ ਤਾਂ ਮਰੀਜ਼ ਠੀਕ ਹੋ ਜਾਂਦਾ ਹੈ। ਉਸ ਦੇ ਦਿਮਾਗ਼ ਵਿਚ ਬੇਚੈਨੀ ਕਾਰਨ ਸ਼ਰਾਬ ਲੈਣ ਦੀ ਸੋਚ ਬੰਦ ਹੋ ਜਾਂਦੀ ਹੈ ਤੇ ਉਹ ਸਦਾ ਲਈ ਸ਼ਰਾਬ ਦੇ ਨਸ਼ੇ ਨੂੰ ਛੱਡ ਜਾਂਦਾ ਹੈ।

**ਖ਼ੁਸ਼ਹਾਲ ਜ਼ਿੰਦਗੀ ਜਿਊਣਾ ਸਿਖਾਉਣਾ:**

ਅਸੀਂ 'ਹਰਮੀਟੇਜ ਰੀਹੈਬਿਲੀਟੇਸ਼ਨ ਇੰਸਟੀਚਿਊਟ' ਵਿਚ ਮਰੀਜ਼ ਨੂੰ ਪਿਆਰ ਨਾਲ ਰੱਖ ਕੇ ਉਸ ਅੰਦਰ ਵਿਸ਼ੇਸ਼ 'ਮਨੋਵਿਗਿਆਨਿਕ ਪ੍ਰੋਗਰਾਮਾਂ' ਰਾਹੀਂ ਨਵੀਂ ਸੋਚ ਪੈਦਾ ਕਰਦੇ ਹਾਂ। ਨਵੀਂ ਸੋਚ ਪੈਦਾ ਹੋਣ ਨਾਲ ਮਰੀਜ਼ ਨੂੰ ਜ਼ਿੰਦਗੀ ਦਿਲਚਸਪ ਲੱਗਣ ਲੱਗ ਪੈਂਦੀ ਹੈ। ਚੰਗੇ ਕੰਮਾਂ ਪ੍ਰਤੀ ਉਤਸ਼ਾਹ ਪੈਦਾ ਹੋ ਜਾਂਦਾ ਹੈ। ਉਹ ਖ਼ੁਸ਼ਹਾਲ ਤੇ ਜ਼ਿੰਮੇਵਾਰੀ ਵਾਲੀ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੰਦਾ ਹੈ।

## ਖਾਣ ਦੇ ਢੰਗ ਨਾਲ ਵੀ ਵਧਦਾ ਹੈ ਮੋਟਾਪਾ



ਮੋਟਾਪਾ ਵਧਾਉਣ ਵਿਚ ਖਾਣ ਦਾ ਤਰੀਕਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਰਾਮ ਨਾਲ, ਹੌਲੀ-ਹੌਲੀ ਅਤੇ ਚਬਾ-ਚਬਾ ਕੇ ਖਾਣ ਨਾਲ ਪੇਟ ਭੋਜਨ ਦੀ ਥੋੜ੍ਹੀ ਮਾਤਰਾ ਨਾਲ ਹੀ ਭਰ ਜਾਂਦਾ ਹੈ ਪਰ ਜਲਦਬਾਜ਼ੀ ਵਿਚ ਅਤੇ ਤੇਜ਼ੀ ਨਾਲ ਖਾਣ ਵਾਲਾ ਵਿਅਕਤੀ ਸਰੀਰ ਦੀ ਜ਼ਰੂਰਤ ਤੋਂ ਜ਼ਿਆਦਾ ਮਾਤਰਾ ਵਿਚ ਖਾ ਲੈਂਦਾ ਹੈ। ਭੋਜਨ ਦੀ ਜ਼ਿਆਦਾ ਮਾਤਰਾ ਚਰਬੀ ਵਧਾਉਂਦੀ ਹੈ। ਫਾਸਟਫੂਡ ਖਾਣ ਵਾਲੇ ਦੇ ਸਾਹਮਣੇ ਇਹ ਸਥਿਤੀ ਜ਼ਰੂਰ ਆਉਂਦੀ ਹੈ। ਇਕ ਦਿਨ ਦੇ ਫਾਸਟਫੂਡ ਵਿਚ ਏਨੀ ਕੈਲੋਰੀ ਹੁੰਦੀ ਹੈ ਕਿ ਉਹ ਦੋ ਦਿਨ ਦੀ ਜ਼ਰੂਰਤ ਲਈ ਊਰਜਾ ਦੀ ਪੂਰਤੀ ਕਰ ਸਕਦਾ ਹੈ। ਇਹੀ ਵਾਧੂ ਕੈਲੋਰੀ ਮੋਟਾਪਾ ਵਧਾਉਂਦੀ ਹੈ। ਸਬਜ਼ੀ ਤੇ ਸਲਾਦ ਘੱਟ ਖਾਣ ਵਾਲਾ ਵੀ ਜ਼ਿਆਦਾ ਮਾਤਰਾ ਵਿਚ ਭੋਜਨ ਕਰ ਲੈਂਦਾ ਹੈ। ਤਲੀਆਂ-ਭੁੰਨੀਆਂ ਚੀਜ਼ਾਂ ਖਾਣ ਵਾਲਾ ਵੀ ਜ਼ਰੂਰਤ ਤੋਂ ਜ਼ਿਆਦਾ ਭੋਜਨ ਖਾ ਲੈਂਦਾ ਹੈ। ਇਹ ਸਭ ਮੋਟਾਪੇ ਵਿਚ ਵਾਧਾ ਕਰਨ ਵਾਲੇ ਕਾਰਕ ਹਨ।

## ਨੀਂਦ ਬਹੁਤੀ ਵੀ ਮਾੜੀ ਤੇ ਘੱਟ ਵੀ ਮਾੜੀ



ਸਾਰਿਆਂ ਨੂੰ ਮਿੱਠੀ ਨੀਂਦ ਪਿਆਰੀ ਹੁੰਦੀ ਹੈ ਪਰ ਉਸ ਦੀ ਕਮੀ ਅਤੇ ਜ਼ਿਆਦਾ ਹੋਣਾ ਦੋਵੇਂ ਸਿਹਤ ਲਈ ਠੀਕ ਨਹੀਂ ਹੁੰਦਾ। ਨੀਂਦ ਅੱਲ੍ਹੜ ਉਮਰ ਅਤੇ ਬਾਲ ਉਮਰ ਵਿਚ ਸਰੀਰਕ ਵਾਧੇ ਅਤੇ ਵਿਕਾਸ ਲਈ ਜ਼ਰੂਰੀ ਹੁੰਦੀ ਹੈ। ਬੱਚਾ ਜਿੰਨੀ ਚੰਗੀ ਅਤੇ ਡੂੰਘੀ ਨੀਂਦ ਲੈਂਦਾ ਹੈ, ਉਸ ਦਾ ਸਰੀਰਕ ਵਿਕਾਸ ਓਨੀ ਹੀ ਤੇਜ਼ੀ ਨਾਲ ਹੁੰਦਾ ਹੈ ਪਰ ਅੱਗੇ ਚਲ ਕੇ ਛੇ ਤੋਂ ਸੱਤ ਘੰਟੇ ਦੀ ਡੂੰਘੀ ਨੀਂਦ ਹੀ ਸਿਹਤ ਲਈ ਸਹੀ ਹੈ। ਇਸ ਤੋਂ ਘੱਟ ਤੇ ਜ਼ਿਆਦਾ ਸਮੇਂ ਦੀ ਨੀਂਦ ਸਿਹਤ ਲਈ ਸਮੱਸਿਆ ਪੈਦਾ ਕਰ ਸਕਦੀ ਹੈ। ਘੱਟ ਨੀਂਦ ਜਾਂ ਉੱਖੜੀ ਨੀਂਦ ਨਾਲ ਸਰੀਰਕ ਟੁੱਟ-ਭੱਜ ਦੀ ਮੁਰੰਮਤ ਪ੍ਰਭਾਵਿਤ ਹੁੰਦੀ ਹੈ, ਜਦ ਕਿ ਅੱਠ ਘੰਟੇ ਤੋਂ ਜ਼ਿਆਦਾ ਦੀ ਨੀਂਦ ਉਮਰ ਨੂੰ ਘੱਟ ਕਰ ਦਿੰਦੀ ਹੈ। ਸਭ ਤੋਂ ਸਹੀ ਹੈ ਸੱਤ ਘੰਟੇ ਦੀ ਡੂੰਘੀ ਨੀਂਦ। ਰਾਤ ਦੇ ਮੁਕਾਬਲੇ ਦਿਨ ਦੀ ਨੀਂਦ ਉੱਖੜੀ ਹੁੰਦੀ ਹੈ। ਜੈਵਿਕ ਚੱਕਰ ਅਨੁਸਾਰ ਰਾਤ ਦੀ ਨੀਂਦ ਸਹੀ ਹੈ ਪਰ ਰੋਟੀ-ਰੋਜ਼ੀ ਦੇ ਚੱਕਰ ਵਿਚ ਰਾਤ ਦੀ ਡਿਊਟੀ ਤੇ ਦਿਨ ਵਿਚ ਸੌਣਾ ਪਵੇ ਤਾਂ ਉਦੋਂ ਹਨੇਰੇ ਵਾਤਾਵਰਨ ਅਤੇ ਸ਼ਾਂਤ ਮਾਹੌਲ ਵਿਚ ਨੀਂਦ ਲਾਭਕਾਰੀ ਹੁੰਦੀ ਹੈ। ਜੇ ਨੀਂਦ ਪੂਰੀ ਨਹੀਂ ਹੋਵੇਗੀ ਤਾਂ ਫੁਰਤੀ ਦਾ ਅਨੁਭਵ ਨਹੀਂ ਹੋਵੇਗਾ।

## ਜ਼ਰੂਰੀ ਹੈ ਅੱਖਾਂ ਦੀ ਦੇਖਭਾਲ



ਉਂਝ ਤਾਂ ਮਨੁੱਖ ਲਈ ਸਰੀਰ ਦੇ ਸਾਰੇ ਅੰਗ ਅਤਿ ਮਹੱਤਵਪੂਰਨ ਹਨ, ਪਰ ਅੱਖਾਂ ਸਾਡੇ ਸਰੀਰ ਦਾ ਬਹੁਤ ਮਹੱਤਵਪੂਰਨ ਅੰਗ ਹਨ। ਇਸ ਤੋਂ ਬਿਨਾਂ ਜੀਵਨ ਨੀਰਸ ਹੈ। ਅੱਖਾਂ ਦੀ ਬਦੌਲਤ ਹੀ ਅਸੀਂ ਸੰਸਾਰ ਦੀ ਹਰੇਕ ਵਸਤ, ਬਦਲਦੇ ਰੰਗ ਆਦਿ ਦੇਖ ਸਕਦੇ ਹਾਂ। ਅੱਜਕਲ੍ਹ ਦੇਖਿਆ ਜਾਂਦਾ ਹੈ ਕਿ ਛੋਟੇ-ਛੋਟੇ ਬੱਚਿਆਂ ਦੀਆਂ ਅੱਖਾਂ 'ਤੇ ਐਨਕ ਲੱਗੀ ਹੋਈ ਹੈ ਜੋ ਕਮਜ਼ੋਰ ਨਜ਼ਰ ਦੀ ਨਿਸ਼ਾਨੀ ਹੈ। ਇਹ ਸਭ ਅੱਖਾਂ ਦੀ ਸਹੀ ਦੇਖਭਾਲ ਨਾ ਕਰਨ ਦਾ ਨਤੀਜਾ ਹੈ। ਸਾਨੂੰ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ ਕਿ ਕੁਦਰਤ ਨੇ ਸਾਨੂੰ ਇਹ ਦੋ ਅਨਮੋਲ ਰਤਨ ਦਿੱਤੇ ਹਨ, ਜਿਨ੍ਹਾਂ ਨੂੰ ਸੰਭਾਲ ਕੇ ਰੱਖਣਾ ਸਾਡਾ ਫ਼ਰਜ਼ ਹੈ। ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੀਆਂ ਅੱਖਾਂ ਦੀ ਰੌਸ਼ਨੀ ਕਮਜ਼ੋਰ ਹੋਵੇ ਤਾਂ ਹੇਠ ਲਿਖੇ ਇਹ ਉਪਾਅ ਕਰੋ।

* ਵਿਟਾਮਿਨ 'ਏ' ਅੱਖਾਂ ਨੂੰ ਤੰਦਰੁਸਤ ਰੱਖਣ ਲਈ ਬਹੁਤ ਜ਼ਰੂਰੀ ਤੱਤ ਹੈ। ਭੋਜਨ ਵਿਚ ਵਿਟਾਮਿਨ 'ਏ' ਦੀ ਵਰਤੋਂ ਜ਼ਿਆਦਾ ਕਰੋ। ਇਸ ਦੇ ਇਲਾਵਾ ਹਰੀਆਂ ਸਬਜ਼ੀਆਂ, ਪਪੀਤੇ ਆਦਿ ਦੀ ਵਰਤੋਂ ਵੀ ਅੱਖਾਂ ਲਈ ਲਾਭਦਾਇਕ ਹੈ।
* ਘੱਟ ਰੌਸ਼ਨੀ 'ਚ ਪੜ੍ਹਨਾ ਅੱਖਾਂ ਨੂੰ ਕਮਜ਼ੋਰ ਕਰਦਾ ਹੈ। ਇਸ ਲਈ ਪੂਰੀ ਰੌਸ਼ਨੀ ਵਿਚ ਹੀ ਪੜ੍ਹੋ।
* ਬੱਚਿਆਂ ਦੀਆਂ ਅੱਖਾਂ 'ਚ ਕਾਜਲ ਲਗਾਉਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋ ਲਓ। ਗੰਦੇ ਹੱਥਾਂ ਨਾਲ ਕਾਜਲ ਲਗਾਉਣ ਨਾਲ ਅੱਖਾਂ ਨੂੰ ਨੁਕਸਾਨ ਹੁੰਦਾ ਹੈ।
* ਟੀ.ਵੀ., ਕੰਪਿਊਟਰ ਵਿਚੋਂ ਨਿਕਲਣ ਵਾਲੀਆਂ ਰੌਸ਼ਨੀ ਦੀਆਂ ਕਿਰਨਾਂ ਵੀ ਅੱਖਾਂ 'ਤੇ ਮਾੜਾ ਪ੍ਰਭਾਵ ਪਾਉਂਦੀ ਹਨ, ਇਸ ਲਈ ਟੀ.ਵੀ. ਦੇਖਣ ਤੋਂ ਬਚੋ ਅਤੇ ਬੱਚਿਆਂ ਨੂੰ ਵੀ ਦੂਰ ਰੱਖੋ।
* ਬੱਚੇ ਨੂੰ ਚਾਕੂ, ਸੂਈ ਜਾਂ ਹੋਰ ਤਿੱਖੀਆਂ ਵਸਤਾਂ ਤੋਂ ਦੂਰ ਰੱਖੋ ਕਿਉਂਕਿ ਬੱਚਾ ਵਸਤ ਨੂੰ ਹੱਥ 'ਚ ਫੜ ਕੇ ਸਿੱਧਾ ਚਿਹਰੇ ਵੱਲ ਨੂੰ ਲਿਜਾਂਦਾ ਹੈ।
* ਸਵੇਰੇ-ਸ਼ਾਮ ਅੱਖਾਂ 'ਚ ਠੰਢੇ ਪਾਣੀ ਦੇ ਛਿੱਟੇ ਮਾਰੋ। ਕੰਮ ਜ਼ਿਆਦਾ ਹੋਣ ਕਰਕੇ ਥਕਾਵਟ ਹੋਵੇ ਜਾਂ ਜ਼ਿਆਦਾ ਦੇਰ ਤੱਕ ਪੜ੍ਹਨ ਨਾਲ ਅੱਖਾਂ ਥਕਾਵਟ ਨਾਲ ਬੋਝਲ ਹੋ ਜਾਣ ਤਾਂ ਤੌਲੀਏ ਨੂੰ ਠੰਢੇ ਪਾਣੀ ਵਿਚ ਭਿਉਂ ਕੇ ਅੱਖਾਂ 'ਤੇ ਰੱਖ ਕੇ ਕੁਝ ਦੇਰ ਆਰਾਮ ਕਰੋ।
* ਬੱਚਿਆਂ ਨੂੰ ਤਿੱਖੀ ਚੁੰਝ ਵਾਲੇ ਖਿਡੌਣੇ ਨਾ ਦਿਓ ਜਿਨ੍ਹਾਂ ਨਾਲ ਬੱਚਿਆਂ ਨੂੰ ਸੱਟ ਲੱਗਣ ਦਾ ਡਰ ਹੋਵੇ।
* ਔਰਤਾਂ ਸਬਜ਼ੀ ਨੂੰ ਤੜਕਾ ਲਗਾਉਂਦੇ ਸਮੇਂ ਆਪਣੇ ਚਿਹਰੇ ਨੂੰ ਥੋੜ੍ਹਾ ਪਿੱਛੇ ਰੱਖਣ ਤਾਂ ਕਿ ਤੜਕੇ ਦੇ ਛਿੱਟੇ ਉਨ੍ਹਾਂ ਦੀਆਂ ਅੱਖਾਂ 'ਚ ਨਾ ਪੈ ਜਾਣ।
* ਅੱਖਾਂ ਦਾ ਕੋਈ ਵੀ ਰੋਗ ਸਾਧਾਰਨ ਨਹੀਂ ਹੁੰਦਾ। ਇਸ ਲਈ ਰੋਗ ਲੱਗ ਜਾਣ 'ਤੇ ਅੱਖਾਂ ਦੇ ਮਾਹਰ ਡਾਕਟਰ ਦੀ ਸਲਾਹ ਜ਼ਰੂਰ ਲਓ। ਨਹੀਂ ਤਾਂ ਅੱਖਾਂ ਦੀ ਰੌਸ਼ਨੀ ਜਾਣ ਦਾ ਡਰ ਬਣਿਆ ਰਹਿੰਦਾ ਹੈ।

– ਭਾਸ਼ਨਾ ਗੁਪਤਾ

## ਦੁੱਧ ਬਚਾਉਂਦਾ ਹੈ ਕਈ ਬਿਮਾਰੀਆਂ ਤੋਂ



ਬਰਤਾਨੀਆ ਦੇ ਵਿਗਿਆਨੀਆਂ ਵਲੋਂ ਕੀਤੀ ਗਈ ਇਕ ਖੋਜ ਅਨੁਸਾਰ ਹਰ ਰੋਜ਼ ਅੱਧਾ ਕਿੱਲੋ ਦੁੱਧ ਪੀਣ ਨਾਲ ਦਿਲ ਦੀਆਂ ਬਿਮਾਰੀਆਂ ਅਤੇ ਸ਼ੂਗਰ ਟਾਈਪ-ਟੂ ਤੋਂ ਬਚਾਅ ਵਿਚ ਸਹਾਇਤਾ ਮਿਲਦੀ ਹੈ। 45 ਤੋਂ 59 ਸਾਲ ਦੀ ਉਮਰ ਦੇ ਲਗਭਗ 2400 ਵਿਅਕਤੀਆਂ 'ਤੇ ਕੀਤੀ ਗਈ ਇਕ ਖੋਜ ਅਨੁਸਾਰ ਦੁੱਧ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਇਨ੍ਹਾਂ ਬਿਮਾਰੀਆਂ ਦੀ ਸੰਭਾਵਨਾ ਕਾਫ਼ੀ ਘੱਟ ਹੋ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਦੁੱਧ ਦੀ ਲਗਾਤਾਰ ਵਰਤੋਂ ਨਾਲ ਮੈਟਾਬੋਲਿਕ ਸਿੰਡ੍ਰੋਮ ਦੀ ਸੰਭਾਵਨਾ ਅੱਧੀ ਰਹਿ ਜਾਂਦੀ ਹੈ ਪਰ ਜ਼ਿਆਦਾਤਰ ਡਾਕਟਰਾਂ ਦਾ ਇਹ ਕਹਿਣਾ ਹੈ ਕਿ ਇਸ ਉਮਰ ਵਰਗ ਦੇ ਲੋਕਾਂ ਨੂੰ ਜ਼ਿਆਦਾ ਫੈਟ ਜਾਂ ਚਰਬੀ ਰਹਿਤ ਦੁੱਧ ਦੀ ਵਰਤੋਂ ਹੀ ਕਰਨੀ ਚਾਹੀਦੀ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਬਾਤ ਬਤੰਗੜ



ਸੱਥ ਵਿੱਚ ਤਾਸ਼ ਖੇਡਣ ਵਾਲਿਆਂ 'ਚ ਪਏ ਰੌਲੇ ਨੂੰ ਸੁਣ ਕੇ ਸੱਥ 'ਚ ਬੈਠੇ ਸਾਰਿਆਂ ਦਾ ਧਿਆਨ ਉਨ੍ਹਾਂ ਵੱਲ ਇਉਂ ਲੱਗਿਆ ਹੋਇਆ ਸੀ ਜਿਵੇਂ ਲੋਕ ਮੇਲੇ 'ਚ ਲੱਗੀ ਸਰਕਸ ਦੀ ਉਤਲੇ ਗੇੜ ਵਾਲੀ ਚੰਡੋਲ ਝੂਟਦੀਆਂ ਚੀਕਾਂ ਮਾਰਦੀਆਂ ਦੋ ਬੁੜ੍ਹੀਆਂ ਵੱਲ ਵੇਖੀ ਜਾਂਦੇ ਹੋਣ। ਝਿੰਡਾਂ ਦੇ ਕਰਤਾਰੇ ਕਾ ਫੈਨੀ ਤਾਸ਼ ਖੇਡਣ ਵਾਲਿਆਂ ਦੀ ਢਾਣੀ ਦੇ ਵਿਚਾਲੇ ਤਾਸ਼ ਹੱਥ 'ਚ ਫੜੀ ਬੈਠਾ ਇਉਂ ਲੱਗਦਾ ਸੀ ਜਿਵੇਂ ਕਾਵਾਂ ਨੇ ਉੱਲੂ ਘੇਰਿਆ ਹੁੰਦਾ। ਏਨੇ ਚਿਰ ਨੂੰ ਜਿਉਂ ਹੀ ਨਾਥਾ ਅਮਲੀ ਸੱਥ 'ਚ ਆਇਆ ਤਾਂ ਫੈਨੀ ਨੂੰ ਤਾਸ਼ ਵਾਲਿਆਂ ਦੀ ਟੋਲੀ ਦੇ ਵਿਚਾਲੇ ਬੈਠੇ ਨੂੰ ਵੇਖ ਕੇ ਕਹਿੰਦਾ,

"ਤੂੰ ਕਿਮੇਂ ਅੱਜ ਇਨ੍ਹਾਂ ਦੇ ਵਚਾਲੇ ਇਉਂ ਵੜਿਆ ਬੈਠੈਂ ਓਏ ਜਿਮੇਂ ਪੱਠਿਆਂ ਆਲੇ ਟੋਕਰੇ 'ਚ ਮੱਝ ਦਾ ਫੌਸ ਪਿਆ ਹੁੰਦਾ। ਤਾਸ਼ ਖੇਡਣ ਪਿੱਛੇ ਤਾਂ ਨ੍ਹੀ ਕਿਤੇ ਰੌਲਾ ਪੈ ਗਿਆ?"

ਸੀਤਾ ਮਰਾਸੀ ਕਹਿੰਦਾ, "ਰੌਲੇ ਅਰਗਾ ਰੌਲਾ! ਇਹ ਫੈਨੀ ਤਾਸ਼ ਖੇਡਦੇ ਤੋਂ ਕਿਤੇ ਪੱਤਾ ਪੁੱਤਾ ਕੋਈ ਗਲਤ ਫਲਤ ਸਿੱਟਿਆ ਗਿਆ, ਉਹਦੇ ਪਿੱਛੇ ਇਨ੍ਹਾਂ 'ਚ ਬੂ-ਬੂ ਹੋ ਗੀ। ਛੁਰਲੀ ਛੱਡਾਂ ਦਾ ਭਾਨੀ ਕਿਤੇ ਫੈਨੀ ਤੋਂ ਪੱਤੇ ਖੋਹ ਕੇ ਕਹਿੰਦਾ, 'ਉਰ੍ਹਾਂ ਫੜਾ ਓਏ ਪੱਤੇ, ਖੇਡਣਾ ਨ੍ਹੀ ਆਉਂਦਾ ਵਾਸਤਾ ਨ੍ਹੀ, ਤਾਸ਼ ਇਉਂ ਚੱਕ ਲੈਂਦੇ ਐ ਜਿਮੇਂ ਭਾਗੀ ਕਿਆਂ ਆਲੇ ਵਜੀਰੀ ਜੁਆਰੀਏ ਦੇ ਚੇਲੇ ਹੁੰਦੇ ਐ'। ਏਸ ਗੱਲ ਪਿੱਛੇ ਫੈਨੀ ਭਾਨੀ ਤੋਂ ਤਾਸ਼ ਖੋਹ ਕੇ ਹੁਣ ਇਨ੍ਹਾਂ ਦੇ ਵਚਾਲੇ ਇਉਂ ਬਹਿ ਗਿਆ ਜਿਮੇਂ ਪਕਾਹ ਦੇ ਟੀਂਡਿਆਂ 'ਚ ਕਤੂਰਾ ਬੈਠਾ ਹੁੰਦਾ। ਕਹਿੰਦਾ ਨਾ ਖੇਡਾਂ ਨਾ ਹੁਣ ਖੇਡਣ ਦੇਮਾਂ' ਆਹ ਗੱਲ ਐ। ਅਸੀਂ ਤਾਂ ਸਾਰਿਆਂ ਨੇ ਜੋਰ ਲਾ ਲਿਆ ਬਈ ਖੇਡ ਲੈਣ ਦੇ ਇਨ੍ਹਾਂ ਨੂੰ। ਹੁਣ ਤੂੰ ਵੀ ਆਵਦੀ ਛੁਰਲੀ ਛੱਡਕੇ ਵੇਖ ਲਾ ਬਈ ਕਿਮੇਂ ਹੋਣੀ ਚਾਹੀਦੀ ਐ?"

ਨਾਥਾ ਅਮਲੀ ਗੱਲ ਸੁਣ ਕੇ ਫੈਨੀ ਨੂੰ ਕਹਿੰਦਾ, "ਹੁਣ ਆਥਣ ਤੱਕ ਨਾ ਉੱਠੀਂ ਫੈਨਾ ਸਿਆਂ। ਲੰਗਰ ਪਾਣੀ ਵੀ ਐਥੇ ਈ ਮੰਗਾਅ ਲੀਂ। ਨਾਲੇ ਤੂੰ ਕਿਹੜਾ ਡੰਗਰਾਂ ਨੂੰ ਸੰਨ੍ਹੀ ਕਰਨੀ ਐ ਘਰੇ ਜਾ ਕੇ। ਅੱਬਲ ਤਾਂ ਲੰਗਰ ਪਾਣੀ ਤੇਰਾ ਮੈਂ ਲਿਆ ਦੂੰ ਤੈਨੂੰ।"

ਬਾਬਾ ਚੰਨਣ ਸਿਉਂ ਅਮਲੀ ਨੂੰ ਕਹਿੰਦਾ, "ਆਵਦੇ ਘਰੋਂ ਲਿਆ ਕੇ ਦੇਮੇਂ ਗਾ ਕੁ ਫੈਨੀ ਕੇ ਘਰੋਂ?"

ਸੀਤਾ ਮਰਾਸੀ ਕਹਿੰਦਾ, "ਫੈਨੀ ਕਿਉਂ ਈਂ ਲਿਆ ਕੇ ਦੇਊ, ਨਾਲੇ ਦੋ ਪ੍ਰਸ਼ਾਦੇ ਅਮਲੀ ਆਪ ਛਕਿਆਊ।"

ਮਰਾਸੀ ਦੀ ਗੱਲ ਸੁਣ ਕੇ ਅਮਲੀ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਮਰਾਸੀ ਵੱਲ ਦਿਮਾਗ਼ 'ਚ ਪਏ ਫਰੜ ਵਾਂਗੂੰ ਝਾਕ ਕੇ ਕਹਿੰਦਾ, "ਮੈਂ ਮਰਾਸੀਂ ਆਂ ਓਏ। ਸਾਲਿਆ ਕੱਟੇ ਨਾਸਿਆ ਜਿਆ, ਕਦੇ ਚੱਜ ਦੀ ਗੱਲ ਵੀ ਕਰ ਲਿਆ ਕੋਈ। ਇਹ ਤਾਂ ਸੋਨੂੰ ਈਂ ਆਦਤ ਐ ਮੰਗ ਕੇ ਖਾਣ ਦੀ। ਸਾਰਾ ਟੱਬਰ ਖਾਣ ਪੀਣ ਦਾ ਮਾਰਾ ਤੜਕੇ ਈ ਘਰੋਂ ਨਿੱਕਲ ਕੇ ਲੋਕਾਂ ਦੇ ਘਰਾਂ 'ਚ ਇਉਂ ਵੜਦਾ ਫਿਰੂ ਜਿਮੇਂ ਸਾਨ੍ਹ ਤੋਂ ਡਰਦਾ ਸਾਨ੍ਹ ਭੱਜਿਆ ਫਿਰਦਾ ਕਦੇ ਕਿਸੇ ਦੇ ਘਰੇ ਵੜ ਜਾਂਦਾ ਕਦੇ ਕਿਸੇ ਦੇ। ਲੋਕ ਲਾਲਾ ਲਾਲਾ ਕਰਕੇ ਘਰੋਂ ਮੋੜ ਦਿੰਦੇ ਐ। ਓਮੇਂ ਸੋਡੇ ਨਾਲ ਹੁੰਦੀ ਐ। ਆਹ ਪਿੱਛੇ ਜੇ ਕੇਰਾਂ ਜਦੋਂ ਇਨ੍ਹਾਂ ਦੀ ਬੁੜ੍ਹੀ ਇੱਕ ਦਿਨ ਘੁੱਲੇ ਸਰਪੈਂਚ ਕੇ ਘਰੇ ਗਈ ਤਾਂ ਜਾ ਕੇ ਸਰਪੈਂਚਣੀ ਨੂੰ ਕਹਿੰਦੀ 'ਅੱਜ ਤਾਂ ਮਿੱਠੇ ਦੀ ਵਾਸ਼ਣਾ ਆਉਂਦੀ ਐ ਪ੍ਰਭਾ ਸੋਡੇ ਘਰੋਂ, ਮੱਸਿਆ ਪੁੰਨਿਆਂ ਦਾ ਦਿਹਾੜਾ ਅੱਜ ਕੋਈ ਕੁ ਕੋਈ ਪ੍ਰਾਹੁਣਾ ਧ੍ਰਾਹੁਣਾ ਆਇਆ ਵਿਆ'?"

ਬੁੱਘਰ ਦਖਾਣ ਕਹਿੰਦਾ, "ਸਰਪੈਂਚ ਦੀ ਮਾਂ ਨੇ ਮਰਾਸਣ ਨੂੰ ਚੜ੍ਹਾਇਆ ਨ੍ਹੀ ਫਿਰ ਕੀੜਿਆਂ ਆਲੇ ਜੰਡ 'ਤੇ?"

ਅਮਲੀ ਹੱਸ ਕੇ ਕਹਿੰਦਾ, "ਜੰਡ ਛੱਡ ਬੁੜ੍ਹੀ ਨੇ ਮਰਾਸਣ ਲਾ 'ਤੀ ਬਰਫ 'ਚ। ਜਦੋਂ ਮਰਾਸਣ ਜਾ ਕੇ ਸਰਪੈਂਚਣੀ ਕੋਲੇ ਬੈਠੀ ਤਾਂ ਸਰਪੈਂਚ ਦੀ ਮਾਂ ਨੇ ਮਰਾਸਣ ਨੂੰ ਕੋਲੇ ਆ ਕੇ ਪੁੱਛਿਆ 'ਸਜਾਦੀਏ ਕੀ ਆਖਿਆ ਸੀ ਤੂੰ? ਅਕੇ ਮਰਾਸਣ ਕਹਿੰਦੀ 'ਮੈਂ ਤਾਂ ਕਿਹਾ ਸੀ ਅੱਜ ਤਾਂ ਮਿੱਠੇ ਦੀ ਸਗੰਧੀ ਆਉਂਦੀ ਐ ਸੋਡੇ ਚੁੱਲ੍ਹੇ ਤੋਂ'। ਸਰਪੈਂਚ ਦੀ ਮਾਂ ਬਾਬਾ ਵੇਖ ਲਾ ਗੱਲ ਚੱਕਣ ਨੂੰ ਵੀਹਾਂ ਅਰਗੀ ਐ। ਮਰਾਸਣ ਦਾ ਮੋਢਾ ਝੰਜੋਲ ਕੇ ਕਹਿੰਦੀ 'ਨੀ ਸੁਣ ਨ੍ਹੀ ਵੱਡੀਏ ਮਜਾਜਣੇ, ਸਾਡੇ ਚੁੱਲ੍ਹੇ 'ਤੇ ਮਰਾਸੀ ਦਾ ਕੀ ਕੰਮ। ਇਨ੍ਹਾਂ ਦਾ ਬਾਪੂ ਜੀ ਤਾਂ ਸਾਡੇ ਆਵਦੇ ਜੁਆਕਾਂ ਨੂੰ ਨ੍ਹੀ ਚੁੱਲ੍ਹੇ ਦੇ ਨੇੜੇ ਹੋਣ ਦਿੰਦਾ, ਬਗਾਨੇ ਬੰਦੇ ਦਾ ਕੀ ਕੰਮ ਸਾਡੇ ਚੌਂਤਰੇ 'ਤੇ। ਏਥੇ ਹੈਨ੍ਹੀ ਮਿੱਠਾ ਮੁੱਠਾ। ਤੂੰ ਆਵਦਾ ਕਿਤੇ ਹੋਰ ਭਾਲ ਆਵਦੇ ਪਤੰਦਰ ਨੂੰ'। ਜਦੋਂ ਮਰਾਸਣ ਨੇ ਬਾਬਾ ਸਰਪੈਂਚ ਦੀ ਮਾਂ ਨੂੰ ਹਰਖੀ ਵੇਖਿਆ ਤਾਂ ਮਰਾਸਣ ਸਰਪੈਂਚਾਂ ਦੇ ਘਰੋਂ ਇਉਂ ਭੱਜੀ ਜਿਮੇਂ ਰੋਟੀਆਂ ਲਾਹੁਣ ਆਈਆਂ ਬੁੜ੍ਹੀਆਂ ਤੋਂ ਡਰ ਕੇ ਕਤੂਰਾ ਤੰਦੂਰ 'ਚੋਂ ਨਿੱਕਲ ਕੇ ਭੱਜਦਾ ਹੁੰਦਾ। ਸੱਥ 'ਚ ਆ ਕੇ ਇਹ ਗੱਲਾਂ ਕਰੂ ਜਿਮੇਂ ਮੋਦੀ ਸਿਉਂ ਲੱਗਿਆ ਹੁੰਦਾ।"




ਅਰਜਨ ਬੁੜ੍ਹਾ ਅਮਲੀ ਦੀ ਗੱਲ ਸੁਣ ਕੇ ਹੱਸ ਕੇ ਕਹਿੰਦਾ, "ਸਮਝ ਨ੍ਹੀ ਆਈ ਯਾਰ ਬਈ ਸਰਪੈਂਚ ਦੀ ਮਾਂ ਮਾੜੀ ਜੀ ਗੱਲ ਪਿੱਛੇ ਐਨਾ ਖਪੇ ਖੂਨ ਕਿਉਂ ਹੋ ਗੀ ਮਰਾਸਣ 'ਤੇ? ਜੇ ਸਰਪੈਂਚਾਂ ਨੇ ਕੋਈ ਮਿੱਠਾ ਮੁੱਠਾ ਬਣਾਇਆ ਸੀ ਤਾਂ ਭੋਰਾ ਮਰਾਸਣ ਨੂੰ ਦੇ ਦਿੰਦੇ। ਫਿਰ ਵੀ ਆਪਣੇ ਪਿੰਡ ਦੇ ਮਰਾਸੀ ਐ। ਉਂ ਤਾਂ ਸਰਪੈਂਚਾਂ ਦਾ ਬੁੜ੍ਹਾ ਹਰੇਕ ਲੋਹੜੀ ਨੂੰ ਲੰਗਰ ਲਾਉਂਦਾ, ਮਰਾਸਣ ਨੂੰ ਮਿੱਠੇ ਦਾ ਭੋਰਾ ਨ੍ਹੀ ਦਿੱਤਾ।"

ਨਾਥਾ ਅਮਲੀ ਅਰਜਨ ਬੁੜ੍ਹੇ ਦੀ ਦਿੱਤੀ ਸਲਾਹ 'ਤੇ ਬੁੜ੍ਹੇ ਨੂੰ ਇਉਂ ਝੱਪਟ ਕੇ ਪਿਆ ਜਿਮੇਂ ਲਗੜ ਗਟ੍ਹਾਰਾਂ ਨੂੰ ਪੈਂਦਾ ਹੁੰਦਾ। ਕਹਿੰਦਾ,

"ਕਿੱਥੇ ਰਹਿੰਨੈਂ ਬੁੜ੍ਹਿਆ ਯਾਰ ਤੂੰ? ਤੂੰ ਗੱਲ ਨੂੰ ਸਮਝਿਆ ਕਰ। ਇਹ ਜਿਹੜੀ ਮਰਾਸਣ ਆਲੀ ਸਰਪੈਂਚਾਂ ਦੇ ਘਰ ਦੀ ਕਹਾਣੀ ਐਂ, ਇਹ ਤਾਂ ਉਹ ਗੱਲ ਐ ਜਿਮੇਂ ਓਧਰਲੇ ਵੇਹੜੇ ਆਲੇ ਸੰਤੇ ਗੰਤੇ ਜੌੜੇ ਭਰਾਮਾਂ ਦੇ ਜੌੜੀਆਂ ਭੈਣਾਂ ਨਾਲ ਵਿਆਹ ਹੋ ਗੇ। ਏਧਰ ਤਾਂ ਇੰਨ੍ਹਾਂ ਦੋਮੇਂ ਭਰਾਮਾਂ ਦੀ ਸਿਆਣ ਨਾ ਆਵੇ ਸਹੁਰਿਆਂ ਨੂੰ ਬਈ ਕਿਹੜਾ ਸੰਤਾ ਇੰਨ੍ਹਾਂ 'ਚ ਕਿਹੜਾ ਗੰਤਾ। ਓਧਰ ਸੰਤੇ ਗੰਤੇ ਕਿਆਂ ਨੂੰ ਉਨ੍ਹਾਂ ਦੋਨਾਂ ਭੈਣਾਂ ਦੀ ਪਛਾਣ ਨਾ ਆਵੇ ਬਈ ਕਿਹੜੀ ਸੀਤੀ ਐ ਤੇ ਕਿਹੜੀ ਗੀਤੀ ਐ। ਨਾ ਇਹ ਪਤਾ ਲੱਗੇ ਬਈ ਕਿਹੜੀ ਸੰਤੇ ਦੇ ਘਰੋਂ ਐਂ ਤੇ ਕਿਹੜੀ ਗੰਤੇ ਦਿਉਂ ਐਂ। ਜਦੋਂ ਤਾਂ ਸੰਤਾ ਆਵਦੇ ਆਲੀ ਬਹੂ ਨੂੰ ਲੈਣ ਜਾਵੇ ਤਾਂ ਉਦੋਂ ਬੁੜ੍ਹੀ ਨੂੰ ਇਹ ਨਾ ਪਤਾ ਲੱਗੇ ਬਈ ਇਹਦੇ ਨਾਲ ਕਿਹੜੀ ਨੂੰ ਤੋਰੀਏ। ਜਦੋਂ ਬਹੂਆਂ ਦਾ ਪਿਉ ਇੱਕ ਨੂੰ ਛੱਡਣ ਆਵੇ ਤਾਂ ਸੰਤੇ ਗੰਤੇ ਦੀ ਮਾਂ ਸੋਚੀਂ ਪੈ ਜੇ ਬਈ ਕਿਹੜੇ ਦੇ ਘਰੋਂ ਐਂ ਇਹੇ। ਨਮੇਂ ਨਮੇਂ ਵਿਆਹ ਹੋਏ ਸੀ ਇੱਕ ਦੋ ਵਾਰ 'ਚ ਕਾਹਦੀ ਸਿਆਣ ਆਉਣੀ ਸੀ। ਕਿੰਨ੍ਹਾਂ ਈਂ ਚਿਰ ਭਾਈਚਾਰਿਆਂ 'ਚ ਭਲੇਖੇ ਦਾ ਈ ਧੁਤਕੜਾ ਵੱਜੀ ਗਿਆ। ਉਹ ਗੱਲ ਮਰਾਸਣ ਤੇ ਸਰਪੈਂਚ ਦੀ ਮਾਂ ਨਾਲ ਹੋਈ। ਆਉਂਦੀ ਤਾਂ ਸਰਪੈਂਚਾਂ ਦੇ ਘਰੋਂ ਖੀਰ ਕੜਾਹ ਬਣਦੇ ਦੀਓ ਈ ਵਾਸ਼ਣਾ ਸੀ, ਮਰਾਸਣ ਵਚਾਰੀ ਨੇ ਤਾਂ ਲੱਖਣ ਲਾ ਈ ਲਿਆ ਸੀ ਬਈ ਕਿਸੇ ਮਿੱਠੇ ਬਣਦੇ ਦੀ ਵਾਸ਼ਣਾ ਆਉਂਦੀ ਐ, ਉਹਨੇ ਤਾਂ ਤਾਹੀਂ ਕਿਹਾ ਸੀ ਬਈ ਸੋਡੇ ਘਰੋਂ ਮਿੱਠੇ ਦੀ ਵਾਸ਼ਣਾ ਆਉਂਦੀ ਐ। ਸਰਪੈਂਚ ਦੀ ਮਾਂ ਸਮਝ ਗੀ ਬਈ ਕਿਤੇ ਮਰਾਸਣ ਟਿੱਚਰਾਂ ਕਰਦੀ ਐ ਬਈ ਮਿੱਠਾ ਸੋਡੇ ਘਰੇ ਐ ਕਿਉਂਕਿ ਮਰਾਸਣ ਦੇ ਘਰ ਆਲੇ ਮਰਾਸੀ ਦਾ ਨਾਉਂ ਮਿੱਠਾ ਮਰਾਸੀ ਐ। ਸੰਤੇ ਗੰਤੇ ਕਿਆਂ ਆਂਗੂੰ ਮਰਾਸਣ ਤੇ ਸਰਪੈਂਚ ਦੀ ਮਾਂ 'ਚ ਬਾਬਾ ਖਾਸਾ ਚਿਰ ਮੈਚ ਫਸਮਾਂ ਹੋਇਆ। ਅਖੀਰ ਜਦੋਂ ਸਰਪੈਂਚ ਦਾ ਪਿਉ ਸੁੱਚਾ ਸਿਉਂ ਬਾਹਰੋਂ ਆਇਆ ਉਹਨੇ ਸਾਰੀ ਗੱਲ ਸਮਝ ਕੇ ਮਸਲਾ ਹੱਲ ਕੀਤਾ। ਨਹੀਂ ਤਾਂ ਖਣੀ ਵੋਟਾਂ ਦੀ ਗਿਣਤੀ ਆਂਗੂੰ ਕਦੇ ਦੋ ਬੋਲ-ਕਬੋਲ ਉਹ ਵੱਧ ਕਹਿ ਜਿਆ ਕਰੇ ਕਦੇ ਉਹ। ਆਥਣ ਤੱਕ ਇਉਂ ਬੰਸਰੀ ਵੱਜੀ ਜਾਣੀ ਸੀ।"

ਮਰਾਸੀ ਤੇ ਅਮਲੀ ਦੀ ਲੜਾਈ ਦੀ ਗੱਲ ਨੂੰ ਟਾਲਣ ਲਈ ਬਾਬੇ ਚੰਨਣ ਸਿਉਂ ਨੇ ਅਮਲੀ ਨੂੰ ਪੁੱਛਿਆ, "ਮਰਾਸਣ ਆਲੀ ਕਹਾਣੀ ਤਾਂ ਨਾਥਾ ਸਿਆਂ ਸੁੱਚਾ ਸਿਉਂ ਨੇ ਹੱਲ ਕਰ 'ਤੀ, ਤੇ ਸੰਤੇ ਗੰਤੇ ਕਿਆਂ ਆਲੀ ਕਹਾਣੀ ਕਿਮੇਂ ਪੂਰ ਚੜ੍ਹੀ ਫਿਰ?"

ਅਮਲੀ ਕਹਿੰਦਾ, "ਉਹ ਮਸਲਾ ਬਾਬਾ ਵੱਡਾ ਸੀ। ਸੰਤਾ ਤੇ ਗੰਤਾ ਬਹੂਆਂ ਨੂੰ ਲੈਣ ਜਾਇਆ ਕਰਨ, ਉਹ ਤੋਰਿਆ ਨਾ ਕਰਨ। ਤੋਰਨ ਵੀ ਕੀ, ਸਿਆਣ ਤਾਂ ਆਉਂਦੀ ਨ੍ਹੀ ਸੀ ਬਈ ਸੀਤੀ ਦੇ ਘਰ ਆਲਾ ਕਿਹੜਾ ਤੇ ਗੀਤੀ ਦੇ ਕਿਹੜਾ। ਕਹਿੰਦੇ ਜਦੋਂ ਸੰਤਾ ਬਹੂ ਨੂੰ ਲੈਣ ਗਿਆ ਤਾਂ ਉਨ੍ਹਾਂ ਨੇ ਕੁੜੀ ਤੋਰੀ ਨਾ। ਤੀਜੇ ਕੁ ਦਿਨ ਗੰਤਾ ਜਾ ਵੜਿਆ। ਆਂਢਣਾਂ ਗੁਆਂਢਣਾਂ ਕਹਿਣ 'ਨੀ ਅੱਜ ਫੇਰ ਆ ਗਿਆ ਇਹੇ। ਉਹ ਵੀ ਅਖੀਰ ਮੁੜਿਆਇਆ। ਫੇਰ ਭਾਈ ਸੰਤੇ ਗੰਤੇ ਕੇ ਬੁੜ੍ਹੇ ਜੱਗਰ ਨੇ ਕਿਤੇ ਭਾਨ ਸਿਉਂ ਨੰਬਰਦਾਰ ਕੋਲੇ ਗੱਲ ਕੀਤੀ ਬਈ ਸਾਡੇ ਮੁੰਡਿਆਂ ਨਾਲ ਤਾਂ ਇਉਂ ਹੁੰਦੀ ਐ। ਕਿਮੇਂ ਕਰੀਏ ਮਸਲਾ ਹੱਲ? ਭਾਨ ਸਿਉਂ ਕਹਿੰਦਾ 'ਤੁਸੀਂ ਗਿਆਨੀ ਜੱਸਾ ਸਿਉਂ ਨੂੰ ਲੈ ਕੇ ਜਾਉ ਮੁੰਡੇ ਦੇ ਸਹੁਰੀਂ, ਕਿਉਂਕਿ ਗਿਆਨੀ ਜੀ ਵੀ ਓੱਥੇ ਵਿਆਹਿਆ ਵਿਆ, ਨਾਲੇ ਆਪਣੇ ਸਾਰੇ ਪਿੰਡ 'ਚੋਂ ਸਮਝਦਾਰ ਬੰਦਾ। ਸੋਡਾ ਮਸਲਾ ਉਹੀ ਹੱਲ ਕਰ ਸਕਦਾ, ਕਾਬੂ ਬੰਦਾ ਉਹੋ। ਜਦੋਂ ਗਿਆਨੀ ਜੱਸਾ ਸਿਉਂ ਨੂੰ ਜਾ ਕੇ ਗੱਲ ਦੱਸੀ ਤਾਂ ਗਿਆਨੀ ਜੀ ਸੰਤੇ ਗੰਤੇ ਤੇ ਜੱਗਰ ਨੂੰ ਨਾਲ ਲੈ ਕੇ ਸਹੁਰਿਆਂ ਨੂੰ ਤੁਰ ਪੇ। ਗਿਆਨੀ ਜੀ ਨੇ ਕੁੜੀਆਂ ਆਲੇ ਤੇ ਪਚੈਤ ਦੇ ਦੋ ਚਾਰ ਬੰਦੇ ਆਵਦੇ ਸਹੁਰਿਆਂ ਦੇ ਘਰੇ ਈ ਸੱਦ ਲੇ। ਜਦੋਂ ਆਹਮਣੇ ਸਾਹਮਣੀ ਸਾਰੀ ਗੱਲ ਹੋਈ ਤਾਂ ਗਿਆਨੀ ਜੀ ਕਹਿੰਦੇ 'ਹੁਣ ਭਾਈ ਫਿਰ ਤੁਸੀਂ ਮੇਰੀ ਮੰਨੋ। ਤੁਸੀਂ ਸੰਤੇ ਨਾਲ ਤਾਂ ਸੀਤੀ ਤੋਰੋ ਤੇ ਗੰਤੇ ਨਾਲ ਤੋਰੋ ਗੀਤੀ ਨੂੰ। ਉਨ੍ਹਾਂ ਨੇ ਬਾਬਾ ਫਿਰ ਇਉਂ ਈਂ ਕੀਤਾ। ਸੱਸੇ ਨਾਲ ਗਿਆਨੀ ਜੀ ਨੇ ਸੱਸਾ ਮਲਾ 'ਤਾ ਤੇ ਗੱਗੇ ਨਾਲ ਮਲਾ 'ਤਾ ਗੱਗਾ। 'ਕੱਠੀਆਂ ਤੋਰੀਆਂ ਫਿਰ ਜਿਮੇਂ ਵਿਆਹ ਵੇਲੇ ਤੋਰੀਆਂ ਸੀ। ਏਨੇ 'ਚ ਅਗਲਿਆਂ ਦਾ ਮਸਲਾ ਹੱਲ ਹੋ ਗਿਆ। ਇਉਂ ਸੰਤੇ ਗੰਤੇ ਕਿਆਂ ਦੀ ਰਾਮ ਕਹਾਣੀ ਐ।

ਮਖਤਿਆਰੇ ਕੇ ਦੇਬੂ ਨੇ ਫੇਰ ਪਾ 'ਤਾ ਮਚਦੀ 'ਤੇ ਤੇਲ। ਕਹਿੰਦਾ, "ਮਰਾਸੀ ਆਲੀ ਗੱਲ ਪਤੰਦਰਾ ਵਿੱਚੇ ਈ ਛੱਡ 'ਤੀ, ਉਹ ਵੀ ਲਾ ਦੇ ਹੁਣ ਸਿਰੇ।"

ਦੇਬੂ ਦੀ ਗੱਲ ਸੁਣ ਕੇ ਬਾਬਾ ਚੰਨਣ ਸਿਉਂ ਦੇਬੂ ਨੂੰ ਕਹਿੰਦਾ, "ਤੇਰੀ ਵੀ ਸੁਣੀਏ ਫਿਰ ਅਮਲੀ ਤੋਂ ਬੱਕਰੀ ਆਲੀ?" ਬੱਕਰੀ ਦੇ ਨਾਂਅ ਨੂੰ ਦੇਬੂ ਸੱਥ 'ਚੋਂ ਉੱਠਕੇ ਇਉਂ ਭੱਜ ਗਿਆ ਜਿਮੇਂ ਤੂੜੀ ਵਾਲੀ ਸਬ੍ਹਾਤ 'ਚ ਤਾੜਿਆ ਕੁੱਤਾ ਕੁੱਟ ਤੋਂ ਡਰਦਾ ਭੱਜ ਜਾਂਦਾ ਹੁੰਦਾ। ਦੇਬੂ ਨੂੰ ਸੱਥ 'ਚੋਂ ਜਾਂਦੇ ਨੂੰ ਵੇਖ ਕੇ ਬਾਬਾ ਚੰਨਣ ਸਿਉਂ ਕਹਿੰਦਾ,

"ਚੱਲੋ ਯਾਰ ਆਪਾਂ ਵੀ ਹੁਣ ਚਾਹ ਪਾਣੀ ਪੀ ਆਈਏ, ਫੇਰ ਆਉਣੇ ਆਂ ਮੁੜ ਕੇ।" ਜਿਉਂ ਹੀ ਬਾਬਾ ਚੰਨਣ ਸਿਉਂ ਸੱਥ 'ਚੋਂ ਉੱਠ ਕੇ ਘਰ ਨੂੰ ਤੁਰਿਆ ਤਾਂ ਬਾਕੀ ਦੇ ਵੀ ਦੇਬੂ ਦੀ ਬੱਕਰੀ ਆਲੀ ਗੱਲ ਕਰਦੇ-ਕਰਦੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

ਲੇਖਕ : ਮਨਸ਼ਾ ਰਾਮ ਮੱਕੜ, ਸੰਪਰਕ: 98144-39224

# ਕੜਾਹੀ ਪਨੀਰ ਬਨਾਮ ਕੱਦੂ

ਗਰਮੀਆਂ ਦੇ ਦਿਨ ਸਨ। ਮੈਂ ਕੰਮ ਤੋਂ ਛੁੱਟੀ ਕਰਕੇ ਸ਼ਾਮ ਵੇਲੇ ਘਰ ਪਹੁੰਚਿਆ ਤਾਂ ਵੇਖਿਆ ਕਿ ਨੂੰਹ-ਸੱਸ ਬੜੀਆਂ ਖ਼ੁਸ਼ ਤੇ ਗੱਲਾਂ ਵਿੱਚ ਮਸਤ ਸਨ। ਮੁੜ੍ਹਕੇ ਨਾਲ ਭਿੱਜੀਆਂ ਪਈਆਂ ਸਨ। ਉੱਪਰ ਪੱਖਾ ਬੰਦ ਸੀ, ਸੋਚਿਆ ਬਿਜਲੀ ਨਹੀਂ ਹੋਣੀ, ਪਰ ਬਿਜਲੀ ਤਾਂ ਸੀ, ਫਰਿੱਜ ਚਲੀ ਜਾਂਦੀ ਸੀ। ਖ਼ੁਸ਼ੀ ਵਿੱਚ ਇਨ੍ਹਾਂ ਨੂੰ ਗਰਮੀ ਲੱਗ ਹੀ ਨਹੀਂ ਰਹੀ ਸੀ। ਮੈਨੂੰ ਵੇਖਦਿਆਂ ਮੇਰੀ ਪਤਨੀ ਕਹਿਣ ਲੱਗੀ ਕਿ ਅੱਜ ਤਾਂ ਸੂਰਜ ਪੂਰਬ ਦੀ ਥਾਂ, ਪੱਛਮ ਵਾਲੇ ਪਾਸਿਓਂ ਚੜ੍ਹਿਆ ਹੈ। "ਕੀ ਹੋਇਆ?" ਮੈਂ ਪੁੱਛਿਆ। ਕਹਿਣ ਲੱਗੀ ਕਿ 'ਕੋਠੀ ਵਾਲੀ ਸੇਠਾਣੀ ਦੇ ਮੁੰਡੇ ਦਾ ਵਿਆਹ ਹੈ, ਲੇਡੀਜ਼ ਸੰਗੀਤ ਵਿੱਚ ਆਉਣ ਦਾ ਸੱਦਾ ਦੇ ਗਈ ਹੈ। ਡੱਬਾ ਦੇ ਗਈ ਹੈ ਤੇ ਜ਼ੁਬਾਨੀ ਵੀ ਕਹਿ ਗਈ ਹੈ ਕਿ ਇਸੇ ਸ਼ਨਿੱਚਰਵਾਰ ਪੰਜਾਂ ਦਿਨਾਂ ਨੂੰ ਪੰਜਾਹ ਫੁੱਟੀ ਰੋਡ ਵਾਲੇ ਰੈਸਤਰਾਂ ਵਿੱਚ ਲੇਡੀਜ਼ ਸੰਗੀਤ ਦਾ ਫੰਕਸ਼ਨ ਹੋਵੇਗਾ, ਮੁੰਡੇ ਦਾ ਵਿਆਹ ਰੱਖਿਆ ਹੈ। ਦੋਵਾਂ ਨੇ ਜ਼ਰੂਰ ਆਉਣਾ ਹੈ। ਪਹਿਲਾਂ ਇਸ ਨੇ ਦੋ ਵਿਆਹ ਕੀਤੇ ਤਾਂ ਕਿਸੇ ਫੰਕਸ਼ਨ 'ਤੇ ਨਹੀਂ ਸੱਦਿਆ ਸੀ। ਜਦੋਂ ਕਦੇ ਕਥਾ ਕਰਾਉਣੀ ਹੋਵੇ ਤਾਂ ਉਦੋਂ ਜ਼ਰੂਰ ਸੱਦਾ ਦੇ ਜਾਂਦੀ ਸੀ।' ਇੰਨਾ ਕਹਿ ਕੇ ਉਹ ਫਿਰ ਗੱਲੀਂ ਲੱਗ ਗਈਆਂ। ਇਨ੍ਹਾਂ ਨੂੰ ਚਾਅ ਜਿਹਾ ਚੜ੍ਹਿਆ ਹੋਇਆ ਸੀ। ਰੋਟੀ ਪਾਣੀ ਪੁੱਛਣਾ ਭੁੱਲ ਹੀ ਗਈਆਂ। ਖਿਆਲੀਂ ਪੁਲਾਅ ਪਕਾਈ ਜਾ ਰਹੀਆਂ ਸਨ। ਮੈਂ ਥੋੜ੍ਹੀ ਉਡੀਕ ਕੀਤੀ, ਪਰ ਉਨ੍ਹਾਂ ਦੀਆਂ ਗੱਲਾਂ ਨਾ ਮੁੱਕੀਆਂ ਤਾਂ ਮੈਂ ਕਿਹਾ ਕਿ ਭਾਗਵਾਨੇ, ਰੋਟੀ ਤਾਂ ਪਾ ਲਿਆ, ਭੁੱਖ ਲੱਗੀ ਹੈ। ਕਹਿਣ ਲੱਗੀ, "ਥੋੜ੍ਹਾ ਸਬਰ ਨਹੀਂ ਕਰ ਸਕਦੇ? ਜੇ ਜ਼ਿਆਦਾ ਕਾਹਲੀ ਹੈ ਤਾਂ ਆਪੇ ਪਾ ਲਓ ਰਸੋਈ 'ਚ ਜਾ ਕੇ।" ਅੱਜ ਸੁੱਖ ਨਾਲ ਪੰਜਵਾਂ ਦਿਨ ਆ ਗਿਆ ਸੀ। ਪੰਜੇ ਦਿਨ ਇਨ੍ਹਾਂ ਦੀਆਂ ਸੇਠਾਣੀ ਦੇ ਮੁੰਡੇ ਦੇ ਵਿਆਹ ਦੇ ਲੇਡੀਜ਼ ਸੰਗੀਤ ਫੰਕਸ਼ਨ ਦੀਆਂ ਗੱਲਾਂ ਸੁਣ-ਸੁਣ ਕੇ ਕੰਨ ਪੱਕ ਗਏ ਸਨ। ਇਨ੍ਹਾਂ ਨੂੰ ਉਮੀਦ ਹੀ ਨਹੀਂ ਸੀ ਕਿ ਸੇਠਾਣੀ ਇਨ੍ਹਾਂ ਨੂੰ ਮਠਿਆਈ ਦਾ ਡੱਬਾ ਦੇਵੇਗੀ ਤੇ ਰੈਸਤਰਾਂ ਵਿੱਚ ਲੇਡੀਜ਼ ਸੰਗੀਤ 'ਤੇ ਵੀ ਸੱਦੇਗੀ। ਹੁਣ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਇਨ੍ਹਾਂ ਨੂੰ ਲੇਡੀਜ਼ ਸੰਗੀਤ 'ਤੇ ਜਾਣ ਦੀ ਤਿਆਰੀ ਕਰਨ ਤੋਂ ਬਿਨਾਂ ਹੋਰ ਕੋਈ ਕੰਮ ਹੀ ਨਾ ਰਹਿ ਗਿਆ ਹੋਵੇ। ਛੇਵੇਂ ਦਿਨ ਵੀ ਸ਼ਾਮ ਨੂੰ ਕੰਮ ਤੋਂ ਘਰ ਆਇਆ ਤਾਂ ਹੋਣ ਵਾਲੇ ਫੰਕਸ਼ਨ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਦੇਣ ਲੱਗੀਆਂ ਕਿ ਹੱਟੀ ਵਾਲਿਆਂ ਦੀ ਨੂੰਹ ਨੇ ਬੁਟੀਕ ਤੋਂ ਨਵਾਂ ਸੂਟ ਬਣਵਾਇਆ ਹੈ, ਮਾਸਟਰਨੀ ਬਿਊਟੀ ਪਾਰਲਰ ਤੋਂ ਤਿਆਰ ਹੋਣ ਗਈ ਹੈ; ਵਕੀਲਾਂ ਦੀ ਛੋਟੇ ਕੱਦ ਵਾਲੀ ਨੂੰਹ ਨੇ ਖ਼ਾਸ ਉੱਚੀ ਅੱਡੀ ਵਾਲੇ ਸੈਂਡਲ ਖਰੀਦੇ ਹਨ ਤਾਂ ਕਿ ਕੱਦ ਛੋਟਾ ਨਾ ਲੱਗੇ। ਸ਼ੀਟੂ ਦੀ ਮੰਮੀ ਤਾਂ ਬੱਸ ਉਚਾਵਾਂ ਚੁੱਲ੍ਹਾ ਹੈ, ਘਰ ਘਰ ਤੁਰੀ ਫਿਰਦੀ ਹੈ, ਸੀਆਈਡੀ ਕਰਦੀ ਹੈ ਬਈ ਕਿਵੇਂ ਤਿਆਰੀ ਕਰ ਰਹੀਆਂ ਹਨ। ਉੱਚੇ ਘਰ ਵਾਲਿਆਂ ਦੀ ਨੂੰਹ ਕਹਿੰਦੀ ਕਿ ਮੈਂ ਤਾਂ ਦੁਪਹਿਰ ਦੀ ਰੋਟੀ ਵੀ ਨਹੀਂ ਖਾਧੀ, ਮੈਂ ਤਾਂ ਰੈਸਤਰਾਂ ਜਾਂਦਿਆਂ ਹੀ ਭੱਲੇ ਟਿੱਕੀਆਂ ਵਾਲੇ ਸਟਾਲ 'ਤੇ ਜਾ ਕੇ ਆਪਣਾ ਸ਼ੌਕ ਪੂਰਾ ਕਰਨਾ ਹੈ। ਸੱਸ ਭਾਵ ਮੇਰੀ ਮਾਂ ਕਹਿੰਦੀ, "ਮੈਨੂੰ ਤਾਂ ਕਾਸੇ ਦਾ ਸ਼ੌਕ ਨਹੀਂ। ਮੈਂ ਤਾਂ ਕੜਾਹੀ-ਪਨੀਰ ਨਾਲ ਬੱਸ ਤੰਦੂਰੀ ਰੋਟੀ ਖਾਣੀ ਹੈ।" ਰੈਸਤਰਾਂ ਵਿੱਚ ਜਾਣ ਲਈ ਦੋਵੇਂ ਤਿਆਰ ਹੋ ਰਹੀਆਂ ਸਨ। ਮੈਂ ਕਿਹਾ ਕਿ ਸਾਨੂੰ ਵੀ ਕੋਈ ਰੋਟੀ ਪਾਣੀ ਦੇ ਦਿਓ, ਗੁਰਦੁਆਰਾ ਸਾਹਿਬ ਜਾਣਾ ਹੈ। ਕਹਿਣ ਲੱਗੀਆਂ, "ਕੁੱਕਰ ਵਿੱਚ ਕੱਦੂ ਦੀ ਸਬਜ਼ੀ ਬਣੀ ਪਈ ਹੈ ਤੇ ਰੋਟੀਆਂ ਬਣਾ ਕੇ ਡੱਬੇ ਵਿੱਚ ਰੱਖ ਦਿੱਤੀਆਂ ਹਨ। ਆਪੇ ਕੱਢੋ ਤੇ ਖਾ ਲਉ, ਅਸੀਂ ਤਿਆਰ ਹੋਣਾ ਹੈ।" ਮੈਂ ਮੁੰਡੇ ਨੂੰ ਕਿਹਾ ਕਿ ਚੱਲ ਆਪਾਂ ਬਾਜ਼ਾਰ ਦਾ ਗੇੜਾ ਕੱਢ ਆਈਏ, ਰੋਟੀ ਆ ਕੇ ਖਾ ਲਵਾਂਗੇ। ਅਸੀਂ ਬਾਜ਼ਾਰ ਪਹਿਲਾਂ ਗੁਰਦੁਆਰਾ ਸਾਹਿਬ ਗਏ, ਪਰਕਰਮਾ ਕੀਤੀ ਅਤੇ ਮੱਥਾ ਟੇਕਿਆ। ਫਿਰ ਬਾਜ਼ਾਰ 'ਚੋਂ ਸਬਜ਼ੀ ਵਗੈਰਾ ਲਈ ਤੇ ਰਾਤ ਦਸ ਕੁ ਵਜੇ ਘਰ ਵਾਪਸ ਆ ਗਏ। ਬਾਹਰਲੇ ਬੂਹੇ ਦੀ ਇੱਕ ਕੁੰਜੀ ਅਸੀਂ ਨਾਲ ਲੈ ਗਏ ਸੀ ਕਿ ਇਨ੍ਹਾਂ ਨੂੰ ਲੇਡੀਜ਼ ਸੰਗੀਤ ਤੋਂ ਘਰ ਆਉਣ ਵਿੱਚ ਦੇਰ ਹੋ ਸਕਦੀ ਹੈ। ਇਉਂ ਅਸੀਂ ਆ ਕੇ ਬੂਹਾ ਖੋਲ੍ਹ ਕੇ ਘਰ ਅੰਦਰ ਆ ਜਾਵਾਂਗੇ। ਪਰ ਜਦੋਂ ਘਰ ਬੂਹੇ ਅੱਗੇ ਪਹੁੰਚੇ ਤਾਂ ਬੂਹਾ ਖੁੱਲ੍ਹਾ ਪਿਆ ਸੀ। ਅੰਦਰ ਗਏ ਤਾਂ ਵੇਖਿਆ ਕਿ ਨੂੰਹ ਸੱਸ ਸਾਡੇ ਲਈ ਬਣਾਈ ਕੱਦੂ ਦੀ ਸਬਜ਼ੀ ਨਾਲ ਰੋਟੀਆਂ ਛਕ ਰਹੀਆਂ ਸਨ, ਨਾਲ ਨਾਲ ਕੋਠੀ ਵਾਲੀ ਸੇਠਾਣੀ ਦੀ ਗੱਲਾਂ ਕਰ ਕਰਕੇ ਭੁਗਤ ਸਵਾਰ ਰਹੀਆਂ ਸਨ। ਅਖੇ, "ਭੁੱਖੀ ਨੰਗੀ ਨੇ ਸ਼ਗਨ ਪਹਿਲਾਂ ਲੈ ਲਿਆ ਤੇ ਅੱਧੀ ਅੱਧੀ ਗਲਾਸੀ ਕੋਕ ਦੀ ਪਿਆ ਕੇ ਮੁੜ ਵੇਟਰਾਂ ਨੂੰ ਸਾਡੇ ਵੱਲ ਆਉਣ ਤੋਂ ਰੋਕ ਦਿੱਤਾ। ਉੱਥੇ ਪਕਵਾਨਾਂ ਦੀ ਖ਼ੁਸ਼ਬੂ ਨੇ ਸਾਡੀ ਭੁੱਖ ਹੋਰ ਵੀ ਤੇਜ਼ ਕਰ ਦਿੱਤੀ, ਪਰ ਭੁੱਖੜ ਸੇਠਾਣੀ ਨੇ ਸਾਡੇ ਵੱਲ ਤੱਕਿਆ ਵੀ ਨਹੀਂ। ਸਾਡੇ ਵਿੱਚੋਂ ਦੋ ਤਿੰਨਾਂ ਨੇ ਬਹੁਤ ਅੱਕੀ-ਪਲਾਹੀਂ ਹੱਥ ਮਾਰੇ, ਪਰ ਪੱਲੇ ਕੁਝ ਨਹੀਂ ਪਿਆ। ਭੁੱਖਣ ਭਾਣੀਆਂ ਅਸੀਂ ਸਾਰੀਆਂ ਏਕਾ ਕਰਕੇ ਉੱਠ ਆਈਆਂ ਕਿ ਮੁੜ ਸੇਠਾਣੀ ਦੇ ਕਿਸੇ ਸੁੱਖ ਦੁੱਖ 'ਤੇ ਨਹੀਂ ਜਾਣਾ। ਸਾਨੂੰ ਤਾਂ ਆਹ ਕੱਦੂ ਦੀ ਸਬਜ਼ੀ ਕੜਾਹੀ-ਪਨੀਰ ਤੋਂ ਜ਼ਿਆਦਾ ਸੁਆਦ ਲੱਗ ਰਹੀ ਹੈ। ਇਉਂ ਉਹ ਸਾਡੀ ਪਰਵਾਹ ਕੀਤੇ ਬਗੈਰ ਸਾਡੇ ਹਿੱਸੇ ਦੀ ਕੱਦੂ ਦੀ ਸਬਜ਼ੀ ਵੀ ਖਾ ਗਈਆਂ।

# ਦੇਸੀ ਤੜਕਾ

## ਖਜੂਰ ਦੀ ਬਰਫੀ



**ਸਮੱਗਰੀ**

400 ਗ੍ਰਾਮ ਖਜੂਰ

ਕੱਟੇ ਹੋਏ 50 ਗ੍ਰਾਮ ਬਦਾਮ, 50 ਗ੍ਰਾਮ ਕਾਜੂ

20 ਗ੍ਰਾਮ ਖਸਖਸ, 50 ਗ੍ਰਾਮ ਸੁੱਕੇ ਅੰਗੂਰ

25 ਗ੍ਰਾਮ ਨਾਰੀਅਲ ਕੱਦੂਕਸ਼ ਕੀਤਾ ਹੋਇਆ

1/2 ਚਮਚ ਇਲਾਇਚੀ ਪਾਊਡਰ

75 ਗ੍ਰਾਮ ਘਿਓ

1. ਇਕ ਕੜਾਹੀ ਵਿਚ ਖਸਖਸ ਨੂੰ ਭੁੰਨੋ ਤੇ ਭੁੰਨਣ ਤੋਂ ਬਾਅਦ ਸਾਈਡ 'ਤੇ ਰੱਖ ਦਵੋ।
2. ਸਾਰੇ ਡ੍ਰਾਈ ਫਰੂਟਸ ਨੂੰ ਘੱਟ ਅੱਗ 'ਤੇ ਫਰਾਈ ਕਰੋ। ਜਦੋਂ ਇਹ ਭੂਰਾ ਹੋਣ ਲੱਗ ਜਾਵੇ ਤਾਂ ਇਸ ਵਿਚ ਪੀਸਿਆ ਨਾਰੀਅਲ ਅਤੇ ਇਲਾਇਚੀ ਪਾਊਡਰ ਮਿਲਾਓ ਅਤੇ ਚੰਗੀ ਤਰ੍ਹਾਂ ਮਿਕਸ ਕਰੋ ਅਤੇ ਖਜੂਰ ਸ਼ਾਮਲ ਕਰੋ ਅਤੇ ਇਸ ਨੂੰ 2 ਤੋਂ 3 ਮਿੰਟ ਲਈ ਪਕਾਉ।
3. ਇਸ ਨੂੰ ਇਕ ਪਲੇਟ ਵਿਚ ਬਾਹਰ ਕੱਢੋ ਅਤੇ ਇਸ ਨੂੰ ਗਰਮ ਕਰੋ। ਇਸ ਨੂੰ ਕੱਟੋ ਅਤੇ ਖਸਖਸ ਦੇ ਬੀਜ ਇਸ 'ਤੇ ਛਿੜਕੋ।
4. ਛਿਲਕੇ ਨੂੰ ਕੱਟੋ ਅਤੇ ਇਸ ਦੇ ਠੰਢੇ ਹੋਣ ਦੀ ਉਡੀਕ ਕਰੋ। ਇਸ ਨੂੰ ਢੱਕ ਕੇ ਕੰਟੇਨਰ ਵਿਚ ਰੱਖੋ।

## ਸੇਬ ਦਾਲਚੀਨੀ ਹਲਵਾ



**ਸਮੱਗਰੀ**

120 ਗ੍ਰਾਮ ਸੇਬ

100 ਗ੍ਰਾਮ ਦਾਲਚੀਨੀ

50 ਗ੍ਰਾਮ ਖੋਇਆ

5 ਗ੍ਰਾਮ ਦਾਲਚੀਨੀ ਪਾਊਡਰ

3 ਗ੍ਰਾਮ ਲੌਂਗ ਪਾਊਡਰ

2 ਗ੍ਰਾਮ ਇਲਾਇਚੀ ਪਾਊਡਰ

ਪੈਨ ਵਿਚ ਘਿਓ ਗਰਮ ਕਰੋ ਅਤੇ ਕਿਸ਼ਮਿਸ਼ ਨੂੰ ਭੁੰਨੋ ਅਤੇ ਇਸ ਨੂੰ ਅਲੱਗ ਰੱਖ ਦਿਓ। ਇਕ ਹੋਰ ਪੈਨ ਵਿਚ ਸੇਬ, ਦਾਲਚੀਨੀ, ਲੌਂਗ ਅਤੇ ਇਲਾਇਚੀ ਪਾਊਡਰ ਪਾਓ। ਧੀਮੀ ਅੱਗ 'ਤੇ ਲਗਾਤਾਰ ਹਿਲਾਂਦੇ ਰਹੋ। ਇਸ ਤੋਂ ਬਾਅਦ ਚੀਨੀ ਅਤੇ ਖੋਇਆ ਪਾਓ। ਇਸ ਨੂੰ ਵੀ ਧੀਮੀ ਅੱਗ 'ਤੇ ਪਕਾਓ ਅਤੇ ਇਸ ਨੂੰ ਸੇਬ ਵਾਲੇ ਮਿਸ਼ਰ ਵਿਚ ਪਾ ਕੇ ਚੰਗੀ ਤਰ੍ਹਾਂ ਪਕਾਓ। ਇਕ ਪਲੇਟ ਵਿਚ ਘਿਓ ਪਾ ਕੇ ਚਿਕਨਾ ਕਰ ਲਵੋ ਅਤੇ ਇਸ ਤੇ ਪੱਕਿਆ ਹੋਇਆ ਹਲਵਾ ਪਾਓ। ਇਸ ਹਲਵੇ ਨੂੰ ਗਰਮ ਗਰਮ ਸਰਵ ਕਰੋ। ਜੇ ਤੁਸੀਂ ਚਾਹੋ ਤਾਂ ਇਸ ਨੂੰ ਆਈਸਕ੍ਰੀਮ ਨਾਲ ਵੀ ਸਰਵ ਕਰ ਸਕਦੇ ਹੋ।

## ਸ਼ਕਰਕੰਦੀ ਦੀ ਚਾਟ



**ਸਮੱਗਰੀ**

2 ਸ਼ਕਰਕੰਦੀ ਉਬਾਲੀਆਂ ਹੋਈਆਂ

1/4 ਚਮਚ ਕਾਲੀ ਮਿਰਚ ਪਾਊਡਰ

1/2 ਚਮਚ ਆਮਚੂਰ ਪਾਊਡਰ

1 ਤੇਜਪੱਤਾ, ਨਿੰਬੂ ਦਾ ਰਸ

ਸੁਆਦਅਨੁਸਾਰ ਸੇਧਾ ਨਮਕ

ਸਭ ਤੋਂ ਪਹਿਲਾਂ ਚੰਗੀ ਤਰ੍ਹਾ ਪਾਣੀ ਨਾਲ ਸ਼ਕਰਕੰਦੀ ਧੋ ਲਵੋ ਤੇ ਇਸ ਨੂੰ ਪ੍ਰੈਸ਼ਰ ਕੁਕਰ ਵਿਚ ਉਬਾਲੋ ਤੇ ਇਸ ਨੂੰ 3-4 ਸੀਟੀਆਂ ਆਉਣ ਦਿਓ। ਸ਼ਕਰਕੰਦੀ ਨੂੰ ਚੰਗੀ ਤਰ੍ਹਾਂ ਪਕਾਉਣ ਤੋਂ ਬਾਅਦ ਇਸ ਨੂੰ ਛਿੱਲ ਲਵੋ ਅਤੇ ਹਲਕਾ ਕੱਟ ਲਵੋ ਅਤੇ ਬਾਊਲ ਵਿਚ ਪਾ ਲਵੋ। ਇਸ ਵਿਚ ਕਾਲੀ ਮਿਰਚ ਪਾਊਡਰ, ਅੰਬਚੂਰ, ਨਮਕ ਅਤੇ ਨਿੰਬੂ ਦਾ ਰਸ ਪਾਓ। ਇਸ ਨੂੰ ਚੰਗੀ ਤਰ੍ਹਾਂ ਮਿਕਸ ਕਰੋ ਅਤੇ ਚਾਟ ਤਿਆਰ ਕਰੋ ਤੇ ਖਾਓ।

# ਤਕਨਾਲੋਜੀ ਟਾਈਮਜ਼

## ਵਟਸਐਪ ਚਲਾਉਣ ਦਾ ਬਦਲੇਗਾ ਅੰਦਾਜ਼



ਅੱਜ ਗਲੋਬਲ ਪੱਧਰ 'ਤੇ ਲੋਕਪ੍ਰਸਿੱਧ ਮੈਸੇਜਿੰਗ ਪਲੇਟਫਾਰਮ ਹੈ, ਹੁਣ ਇਨ-ਐਪ ਕਾਲ ਡਾਇਲਰ ਫੀਚਰ ਲਾਂਚ ਕਰਨ ਦੀ ਤਿਆਰੀ 'ਚ ਹੈ। ਇਹ ਨਵਾਂ ਫੀਚਰ ਯੂਜ਼ਰਜ਼ ਦੇ ਅਨੁਭਵ ਨੂੰ ਹੋਰ ਜਿਆਦਾ ਰੋਚਕ ਅਤੇ ਆਸਾਨ ਬਣਾਏਗਾ, ਜਿਸ ਨਾਲ ਮੈਸੇਜਿੰਗ ਅਤੇ ਵੌਇਸ ਕਮਿਊਨੀਕੇਸ਼ਨ ਸੇਵਾਵਾਂ ਵਿਚਾਲੇ ਫਰਕ ਖਤਮ ਹੋ ਜਾਵੇਗਾ।

ਦਰਅਸਲ, ਵਟਸਐਪ ਇਨ-ਐਪ ਡਾਇਲ 'ਤੇ ਕੰਮ ਕਰ ਰਿਹਾ ਹੈ ਯਾਨੀ ਵਟਸਐਪ ਐਪ ਤੋਂ ਹੀ ਤੁਸੀਂ ਕਿਸੇ ਨੂੰ ਕਾਲ ਕਰ ਸਕਦੇ ਹੋ। ਫਿਲਹਾਲ ਇਹ ਸਹੂਲਤ ਸਿਰਫ ਆਈ.ਓ.ਐੱਸ. ਬੀਟਾ ਯੂਜ਼ਰਜ਼ ਲਈ ਉਪਲੱਬਧ ਹੈ ਅਤੇ ਸਭ ਤੋਂ ਪਹਿਲਾਂ ਆਈਫੋਨ ਯੂਜ਼ਰਜ਼ ਲਈ ਰੋਲਆਊਟ ਹੋਵੇਗੀ।

ਇਨ-ਐਪ ਕਾਲ ਡਾਇਲਰ ਯੂਜ਼ਰਜ਼ ਨੂੰ ਵਟਸਐਪ ਰਾਹੀਂ ਸਿੱਧਾ ਫੋਨ ਕਾਲ ਕਰਨ ਦਾ ਇਕ ਆਸਾਨ ਤਰੀਕਾ ਪ੍ਰਦਾਨ ਕਰੇਗਾ, ਜੋ ਪਾਰੰਪਰਿਕ ਫੋਨ ਡਾਇਲਰ ਵਰਗਾ ਹੋਵੇਗਾ ਪਰ ਇੰਟਰਨੈੱਟ ਆਧਾਰਿਤ ਕਾਲਿੰਗ ਦੀ ਸਹੂਲਤ ਦੇ ਨਾਲ। ਯੂਜ਼ਰਜ਼ ਇਕ ਨੰਬਰਿਕ ਕੀਪੈਡ ਰਾਹੀਂ ਸੇਵ ਨਾ ਕਿ ਗਏ ਨੰਬਰਾਂ 'ਤੇ ਕਾਲ ਕਰ ਸਕਣਗੇ।

**ਮੌਜੂਦਾ ਕਾਲਿੰਗ ਫੀਚਰ 'ਚ ਬਦਲਾਅ**

ਅਜੇ ਤਕ ਵਟਸਐਪ ਦਾ ਕਾਲਿੰਗ ਫੀਚਰ ਸਿਰਫ ਉਨ੍ਹਾਂ ਕਾਨਟੈਕਟਸ ਤਕ ਸੀਮਿਤ ਹੈ ਜੋ ਪਹਿਲਾਂ ਤੋਂ ਹੀ ਐਪ ਦੀ ਵਰਤੋਂ ਕਰਦੇ ਹਨ। ਕਾਲ ਸ਼ੁਰੂ ਕਰਨ ਤੋਂ ਪਹਿਲਾਂ ਯੂਜ਼ਰਜ਼ ਨੂੰ ਨੰਬਰ ਨੂੰ ਆਪਣੇ ਕਾਨਟੈਕਟ ਲਿਸਟ 'ਚ ਸੇਵ ਕਰਨਾ ਪੈਂਦਾ ਹੈ ਪਰ ਇਨ-ਐਪ ਕਾਲ ਡਾਇਲਰ ਇਸ ਸਮੱਸਿਆ ਨੂੰ ਖਤਮ ਕਰ ਦੇਵੇਗਾ, ਜਿਸ ਨਾਲ ਯੂਜ਼ਰਜ਼ ਸਿੱਧਾ ਨੰਬਰ ਡਾਇਲ ਕਰਕੇ ਕਾਲ ਕਰ ਸਕਣਗੇ, ਚਾਹੇ ਉਹ ਨੰਬਰ ਵਟਸਐਪ ਦੇ ਕਾਨਟੈਕਟ ਡਾਟਾਬੇਸ 'ਚ ਹੋਵੇ ਜਾਂ ਨਹੀਂ।

**ਸ਼ੇਅਰ ਕੀਤੀ ਜਾਣਕਾਰੀ**

ਵਟਸਐਪ ਦੇ ਫੀਚਰ ਨੂੰ ਟ੍ਰੈਕ ਕਰਨ ਵਾਲੇ WABetaInfo ਨੇ ਇਸ ਨਵੇਂ ਫੀਚਰ ਦਾ ਇਕ ਸਕਰੀਨਸ਼ਾਟ ਸ਼ੇਅਰ ਕੀਤਾ ਹੈ ਜਿਸ ਮੁਤਾਬਕ, ਬੀਟਾ ਯੂਜ਼ਰਜ਼ ਇਸ ਨਵੇਂ ਫੀਚਰ ਦਾ ਅਨੁਭਵ ਕਰ ਰਹੇ ਹਨ, ਜਿਸ ਵਿਚ ਉਹ ਸਿਧਾ ਐਪ 'ਚ ਫੋਨ ਨੰਬਰ ਡਾਇਲ ਕਰਕੇ ਕਾਲ ਕਰ ਸਕਦੇ ਹਨ।

## ਚੈਟ ਜੀ.ਪੀ.ਟੀ. ਰਾਹੀਂ ਵੀਡੀਓ ਸ਼ੇਅਰ ਕਰਨਾ ਹੋਇਆ ਸੌਖਾ

OpenAI ਨੇ ਇਸ ਸਾਲ ਮਈ 'ਚ GPT-4 ਦੇ ਨਾਲ ChatGPT ਦਾ ਨਵਾਂ ਫੀਚਰ ਦਿਖਾਇਆ ਸੀ। ਇਹ ਫੀਚਰ ਵੀਡੀਓ ਸ਼ੇਅਰਿੰਗ ਦੀ ਸਹੂਲਤ ਦਿੰਦਾ ਹੈ। ਹਾਲਾਂਕਿ, ਇਸ 'ਚ ਤਕਨੀਕੀ ਸੁਧਾਰਾਂ ਕਾਰਨ, ਸਾਨੂੰ ਇਸ ਦੇ ਆਉਣ ਲਈ ਇੰਨਾ ਲੰਬਾ ਇੰਤਜ਼ਾਰ ਕਰਨਾ ਪਿਆ। ਆਓ ਜਾਣਦੇ ਹਾਂ ਕਿ ChatGPT ਦਾ ਵੀਡੀਓ ਅਤੇ ਸਕ੍ਰੀਨ ਸ਼ੇਅਰਿੰਗ ਫੀਚਰ ਕਿਵੇਂ ਕੰਮ ਕਰਦਾ ਹੈ। OpenAI ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀ ਦੁਨੀਆ 'ਚ ਇਕ ਵੱਡੀ ਛਾਲ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕੰਪਨੀ ਨੇ ChatGPT ਮੋਬਾਈਲ ਐਪ 'ਚ ਵੀਡੀਓ ਅਤੇ ਸਕ੍ਰੀਨ ਸ਼ੇਅਰਿੰਗ ਫੀਚਰ ਜਾਰੀ ਕੀਤਾ ਹੈ।

ਇਸ ਫੀਚਰ ਦੀ ਮਦਦ ਨਾਲ ਵੀਡੀਓ ਅਤੇ ਵਾਇਸ ਰਾਹੀਂ ਹੀ ਚੈਟਬੋਟ ਨਾਲ ਗੱਲ ਕਰਨਾ ਆਸਾਨ ਹੋ ਜਾਵੇਗਾ। OpenAI ਨੇ ChatGPT ਚੈਟਬੋਟ ਨਾਲ ਗੱਲਬਾਤ ਨੂੰ ਵਧੇਰੇ ਆਰਾਮਦਾਇਕ ਅਤੇ ਆਸਾਨ ਬਣਾਉਣ ਲਈ ਇਹ ਫੀਚਰ ਜਾਰੀ ਕੀਤਾ ਹੈ। ਆਏ ਜਾਣਦੇ ਹਾਂ ਕਿ ਵੀਡੀਓ ਅਤੇ ਸਕ੍ਰੀਨ ਸ਼ੇਅਰਿੰਗ ਫੀਚਰ ਤੋਂ ਸਾਨੂੰ ਕਿਵੇਂ ਫਾਇਦਾ ਮਿਲੇਗਾ। ਚੈਟਜੀਪੀਟੀ ਐਪ 'ਚ ਇਸ ਨਵੇਂ ਅਪਡੇਟ ਤੋਂ ਬਾਅਦ, ਰੀਅਲ ਟਾਈਮ 'ਚ ਅੀ ਨਾਲ ਗੱਲ ਕਰਨਾ ਬਹੁਤ ਵਧੀਆ ਹੋ ਜਾਵੇਗਾ। ਐਪ 'ਚ ਨਵਾਂ ਫੀਚਰ ਐਡਵਾਂਸਡ ਵਾਇਸ ਮੋਡ ਦਾ ਹਿੱਸਾ ਹੈ। ਚੈਟ ਬਾਰ ਦੇ ਹੇਠਾਂ ਖੱਬੇ ਪਾਸੇ ਇਕ ਵੀਡੀਓ ਆਈਕਨ ਦਿਖਾਈ ਦੇਵੇਗਾ, ਜੋ ਤੁਹਾਨੂੰ ਵੀਡੀਓ ਰਾਹੀਂ ਚੈਟਜੀਪੀਟੀ ਨਾਲ ਗੱਲ ਕਰਨ ਦੀ ਇਜਾਜ਼ਤ ਦੇਵੇਗਾ।




**ChatGPT 'ਤੇ ਸਕ੍ਰੀਨ ਸ਼ੇਅਰਿੰਗ**

ਚੈਟਜੀਪੀਟੀ 'ਤੇ ਸਕ੍ਰੀਨ ਸ਼ੇਅਰਿੰਗ ਸ਼ੁਰੂ ਕਰਨ ਲਈ, ਤੁਹਾਨੂੰ ਥ੍ਰੀ-ਡੌਟ ਮੀਨੂ 'ਤੇ 'ਸ਼ਹਓਰਏ ਸ਼ਚਰਏਏਨ' ਨੂੰ ਚੁਣਨਾ ਹੋਵੇਗਾ। ਓਪਨਏਆਈ ਨੇ ਇਸ ਸਾਲ ਮਈ 'ਚ ਇਸ ਫੀਚਰ ਦਾ ਪ੍ਰਦਰਸ਼ਨ ਕੀਤਾ ਸੀ। ਹਾਲਾਂਕਿ, ਇਸ 'ਚ ਹੋਰ ਸੁਧਾਰ ਕਰਨ 'ਚ ਦੇਰੀ ਹੋਈ ਅਤੇ ਹੁਣ ਇਹ ਫੀਚਰ ਜਾਰੀ ਕਰ ਦਿੱਤਾ ਗਿਆ ਹੈ।

**ਇਨ੍ਹਾਂ ਯੂਜ਼ਰਾਂ ਨੂੰ ਮਿਲੇਗਾ ਫਾਇਦਾ**

ChatGPT ਟੀਮ ਤੋਂ ਇਲਾਵਾ, ChatGPT Plus ਅਤੇ ChatGPT Pro ਉਪਭੋਗਤਾਵਾਂ ਨੂੰ ਫ਼ਹਓਟਘਫਠ ਦੇ ਨਵੇਂ ਵੀਡੀਓ ਅਤੇ ਸਕ੍ਰੀਨ ਸ਼ੇਅਰਿੰਗ ਫੀਚਰਜ਼ ਤੋਂ ਲਾਭ ਮਿਲੇਗਾ। ਇਹ ਲੋਕ ਅਗਲੇ ਹਫਤੇ ਲੇਟੈਸਟ ਐਪ ਵਰਜ਼ਨ ਰਾਹੀਂ ਨਵੇਂ ਫੀਚਰ ਦਾ ਫਾਇਦਾ ਉਠਾ ਸਕਣਗੇ।

**chatgpt ਪਲਾਨ ਦੀ ਕੀਮਤ**

chatgpt ਪ੍ਰੋ ਪਲਾਨ ਪਿਛਲੇ ਹਫਤੇ ਲਗਭਗ 1700 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਲਾਂਚ ਕੀਤਾ ਗਿਆ ਸੀ। ਇਸ ਪਲਾਨ ਨੂੰ ਖਾਸ ਤੌਰ 'ਤੇ ਪੇਸ਼ੇਵਰਾਂ ਅਤੇ ਖੋਜਕਰਤਾਵਾਂ ਲਈ ਤਿਆਰ ਕੀਤੀ ਗਈ ਹੈ ਜੋ ਡੇਟਾ ਵਿਗਿਆਨ, ਪ੍ਰੋਗਰਾਮਿੰਗ ਅਤੇ ਕਾਨੂੰਨੀ ਵਿਸ਼ਲੇਸ਼ਣ ਵਰਗੇ ਖੇਤਰਾਂ 'ਚ ਕੰਮ ਕਰਦੇ ਹਨ। ਚੈਟਜੀਪੀਟੀ ਪ੍ਰੋ ਖਰੀਦਣ ਵਾਲੇ ਗਾਹਕ OpenAI ਦੇ o1 ਮਾਡਲ ਦੇ ਨਾਲ-ਨਾਲ o1-mini, GPT-4o ਅਤੇ ਐਡਵਾਂਸਡ ਵਾਇਸ ਫੀਚਰ ਦਾ ਅਸੀਮਿਤ ਲਾਭ ਲੈ ਸਕਦੇ ਹਨ। ਚੈਟਜੀਪੀਟੀ ਪਲੱਸ ਪਲਾਨ ਦੀ ਕੀਮਤ ਲਗਭਗ 1700 ਰੁਪਏ ਪ੍ਰਤੀ ਮਹੀਨਾ ਹੈ।

# ਕਾਵਿ ਕਿਆਰੀ

## ਸਾਹਿਬਜ਼ਾਦਾ ਜੋਰਾਵਰ ਸਿੰਘ ਵਜ਼ੀਦ ਖਾਂ ਨੂੰ

ਮਾਰੇਂ ਦਮਗਜ਼ੇ ਗੁਰਾਂ ਨੂੰ ਕੈਦ ਕੀਤਾ
ਉਹ ਤਾਂ ਪਰਗਟੇ 'ਤੇਗ' ਦੀ ਧਾਰ ਵਿੱਚੋਂ ।
ਉਹਨੂੰ ਛੱਲਾਂ ਨੇ ਭਲਾ ਹੈ ਰੋਕਣਾ ਕੀ
ਬੇੜੇ ਕੱਢਣੇ ਜਿਨ੍ਹੇ ਮੰਝਧਾਰ ਵਿੱਚੋਂ ।

ਜੱਟ ਕਿਰਤੀ ਸ਼ੇਰ ਬਣਾਏ ਉਨ੍ਹਾਂ
ਪਾ ਰਹੇ ਧਰਮ ਲਈ ਜੋ ਸ਼ਹੀਦੀਆਂ ਨੇ ।
ਸਿੱਧੇ ਲੜਨ ਤੋਂ ਘੇਰਾ ਜੋ ਘੱਤ ਬੈਠੇ
ਫੜਨੇ ਗੁਰੂ ਕੀ ਤੇਰੇ ਜਹੇ ਗੀਦੀਆਂ ਨੇ ।

ਸਾਡੇ ਵੀਰ ਤੂੰ ਕਹੇਂ ਹਨ ਖੇਤ ਰਹੇ,
ਅਪਣਾ ਫ਼ਰਜ਼ ਉਹ ਕਰ ਅਦਾ ਗਏ ਨੇ ।
ਦਾਦੇ ਸਾਡੇ ਨੇ ਸਿਰਰੁ ਦੀ ਗੱਲ ਕੀਤੀ,
ਸਿਰ ਦੇ ਉਹ ਸਿਦਕ ਨਿਭਾ ਗਏ ਨੇ ।

ਪਿੱਛੇ ਆਉਂਦਿਆਂ ਨੂੰ ਨ੍ਹੇਰੀ ਰਾਤ ਅੰਦਰ,
ਦੀਵੇ ਧਰਮ ਦੇ ਉਹ ਜਗਾ ਗਏ ਨੇ ।
ਸਵਾ ਲੱਖ ਨਾਲ ਇੱਕ ਲੜਾਉਣ ਵਾਲਾ,
ਪਿਤਾ ਵਾਲੜਾ ਵਚਨ ਪੁਗਾ ਗਏ ਨੇ ।

ਮੌਤ ਕੋਲੋਂ ਨਹੀਂ ਅਸੀਂ ਹਾਂ ਡਰਨ ਵਾਲੇ
ਆਏ ਜਿੱਥੋਂ ਫਿਰ ਜਾਣ ਦਾ ਡਰ ਕਾਹਦਾ ।
ਨਾ ਤੂੰ ਨਾ ਤੇਰਾ ਦਰਬਾਰ ਰਹਿਣਾ
ਫ਼ੋਕਾ ਦਮ ਐਵੇਂ ਰਿਹੈਂ ਭਰ ਕਾਹਦਾ ।

ਡਰਨ ਕਾਲ ਤੋਂ ਨੀਵੇਂ ਜੋ ਕੰਮ ਕਰਦੇ
ਕਾਲ ਕਰੇ ਸਿਜਦੇ ਕੰਮਾਂ ਉੱਚਿਆਂ ਨੂੰ ।
ਉਹ ਉਨ੍ਹਾਂ ਨੂੰ ਇੰਜ ਸੰਭਾਲਦਾ ਏ
ਮਾਲੀ ਸਾਂਭੇ ਜਿਉਂ ਫੁੱਲਾਂ ਸੁੱਚਿਆਂ ਨੂੰ ।

ਬਹਿਸ਼ਤਾਂ ਜਿਹੜਿਆਂ ਦੀ ਤੂੰ ਗੱਲ ਕਰਦਾ
ਅਸੀਂ ਉਨ੍ਹਾਂ ਨੂੰ ਨਹੀਂ ਸਿਆਣਦੇ ਹਾਂ ।
ਜਿੱਥੇ ਰੂਹ ਸਭਦੀ ਤਪਦੀ ਸ਼ਾਂਤ ਹੋਵੇ
ਅਸੀਂ ਬਹਿਸ਼ਤ ਬਣਾਉਣੇ ਜਾਣਦੇ ਹਾਂ ।

ਜਿਹੜੀ ਮਾਇਆ ਨਾਲ ਸਾਨੂੰ ਭਰਮਾ ਰਿਹਾ
ਸਤਿਲੁਜ ਵਿੱਚ ਉਹ ਸਤਿਗੁਰਾਂ ਰੋੜ੍ਹ ਦਿੱਤੀ ।
ਅਸੀਂ ਉਨ੍ਹਾਂ ਦੇ ਘਰ ਹਾਂ ਹੋਏ ਪੈਦਾ
ਜਿੱਥੇ ਰੱਬ ਨੇ ਕੋਈ ਨਾ ਥੋੜ੍ਹ ਦਿੱਤੀ ।

ਤੂੰ ਕਹੇਂ ਇਸਲਾਮ ਹੈ ਬਹੁਤ ਉੱਚਾ
ਕਾਂਗਿਆਰੀ ਹੋ ਜਾਂਦੀ ਏ ਖੇਤ ਅੰਦਰ।
ਮੰਦੇ ਬੰਦਿਆਂ ਨੂੰ ਮੰਦੇ ਕਰਮ ਬਦਲੇ
ਸਮੇਂ ਦੇਣਾ ਰਲਾ ਏ ਰੇਤ ਅੰਦਰ ।

ਜੋ ਤੂੰ ਕਰਨਾ ਉਹ ਤਾਂ ਤੂੰ ਕਰਨਾ
ਅਸਾਂ ਆਪਣਾ ਤੈਨੂੰ ਜਵਾਬ ਦਿੱਤਾ।
ਭਾਣਾ ਮੰਨਣਾ ਪੁਰਖ ਅਕਾਲ ਕਹਿਕੇ
ਸਾਨੂੰ ਜੋ ਵੀ ਤੂੰ ਅਜਾਬ ਦਿੱਤਾ ।

**ਲੇਖਕ : ਕਰਮਜੀਤ ਸਿੰਘ ਗਠਵਾਲਾ**

## ਸ਼ਹਾਦਤਾਂ

ਕਿਵੇਂ ਭੁੱਲ ਜਾਵਾਂ ਗੁਰੂਆਂ ਦੀਆਂ ਸ਼ਹਾਦਤਾਂ ਨੂੰ ,
ਸਾਡੇ ਲਈ ਪਰਿਵਾਰ ਵਾਰਤਾ ਉਸ ਸਰਵੰਸ਼ਦਾਨੀ ਨੂੰ ।
ਨਿੱਕੇ ਨਿੱਕੇ ਲਾਲ ਪਿਆਰੇ ਦਾਦੀ ਜੀ ਦੀ ਅੱਖ ਦੇ ਤਾਰੇ ,
ਸਿਦਕੋ ਨਾ ਭੌਰਾ ਹਾਰੇ ਜਾਲਮਾਂ ਦੇ ਮੂਹਰੇ ਹਿੱਕ ਤਾਣ ਕੇ ਖੜਗੇ ਸੀ ,
ਕਲਗੀਧਰ ਦੇ ਲਾਲ ਨੀਹਾਂ ਵਿੱਚ ਖੜਗੇ ਸੀ ,
ਇਤਿਹਾਸ ਵਿੱਚ ਆਪਣਾ ਨਾਮ ਹੀਰਿਆਂ ਨਾਲ ਜੜ ਗਏ ਸੀ ।
ਕੀ ਉਮਰ ਸੀ ਮੇਰੇ ਪੋਤਿਆ ਦੀ ਜਿੰਨਾਂ ਨੂੰ ਵੱਖਰਾ ਕਰਤਾ ਸੀ ,
ਮਾਤਾ ਗੁਜਰ ਵੀ ਨਾ ਡੋਲੀ ਜਿਸ ਨੂੰ ਠੰਢੇ ਬੁਰਜ ਚ ਬੰਦ ਕਰਤਾ ਸੀ ,
ਠੰਢੀ ਠੰਢੀ ਪੋਹ ਦੀ ਰਾਤ ਸੀ ਦਾਦੀ ਪੋਤਿਆ ਨੂੰ ਸੁਣਾਉਦੀ ਬਾਤ ਸੀ ।
ਵੱਡੇ ਸਾਹਿਬਜ਼ਾਦੇ ਜਾਨ ਵਾਰਨ ਲਈ ਅੱਗੇ ਜਾਂਦੇ,
ਵੱਡਾ ਕਹਿੰਦਾ ਪਹਿਲਾ ਮੈਂ ਛੋਟਾ ਕਹਿੰਦਾ ਪਹਿਲਾ ਮੈਂ ,
ਮੁੱਖ ਤੇ ਸੀ ਨੂਰ ਅੱਖਾਂ ਚ ਸੀ ਅੱਗ ਜੁਲਮਾਂ ਨੂੰ ਰੋਕਣ ਦੀ ,
ਚਮਕੌਰ ਦੀ ਗੜੀ ਚ ਸਹੀਦ ਹੋਏ ਗੋਬਿੰਦ ਸਿੰਘ ਦੇ ਲਾਲ ।
ਕਿੰਨਾ ਦਾਨੀ ਸੀ ਬਾਜਾਂ ਵਾਲਾ ਜਿਸ ਨੇ ਸਾਰਾ ਹੀ ਪਰਿਵਾਰ ਵਾਰਤਾ ,
ਕਹਿੰਦਾ ਸਾਰਾ ਹੀ ਜਹਾਨ ਮੇਰਾ ਪੁੱਤ ਏ ,
ਕਿਵੇਂ ਭੁੱਲ ਜਾਵਾਂ ਸਾਡੇ ਗੁਰੂ ਸਰਵੰਸ਼ ਦਾਨੀ ਨੂੰ ,
ਬੱਚਿਆਂ ਵਾਲਿਓ ਯਾਦ ਰੱਖਿਉ ਬੱਚਿਆ ਦੀ ਕੁਰਬਾਨੀ ਨੂੰ ।

**ਮਨਪ੍ਰੀਤ ਕੌਰ ਚਹਿਲ,** 84377 52216

## ਅਸੀਂ ਓਸ ਕੌਮ ਦੇ ਜਾਏ

ਕੰਗਨਾ ਵਰਗੀਆਂ ਕਿੰਨੀਆਂ ਫਿਰਦੀਆਂ ,
ਲਾਉਣ ਨੂੰ ਬਾਜ਼ਾਰ ਵਿਚ ਬੋਲੀ ਨੀਂ।
ਅਸੀਂ ਓਸ ਕੌਮ ਦੇ ਜਾਏ ਦਿੱਲੀਏ ,
ਜੋ ਹਾਕਮਾਂ ਅੱਗੇ ਡੋਲੀ ਨਹੀਂ।
ਸਾਡੇ ਬਾਪੂ ਸਾਡੀਆਂ ਮਾਵਾਂ ,
ਹੱਕਾਂ ਲਈ ਖੁਦ ਨੂੰ ਹਾਰ ਗਏ,
ਫੇਰ ਵੀ ਬੈਠੇ ਦਿੱਲੀ ਦੇ ਵਿੱਚ,
ਭਾਵੇਂ ਪੁੱਤਰ-ਪੋਤਰੇ ਵਾਰ ਗਏ।

ਸ਼ਾਂਤੀ ਪੂਰਵਕ ਅੰਦੋਲਨ ਦੇ ਨਾਲ,
ਲੈ ਜਾਵਾਂਗੇ ਤੇਰੀ ਡੋਲੀ ਨੀਂ।
ਅਸੀਂ ਓਸ ਕੌਮ ਦੇ ਜਾਏ ਦਿੱਲੀਏ ,
ਜੋ ਹਾਕਮਾਂ ਅੱਗੇ ਡੋਲੀ ਨਹੀਂ।

ਯਾਦ ਹੋਣਗੇ ਛੋਟੇ ਸਾਹਿਬਜ਼ਾਦੇ ,
ਨੀਹਾਂ ਵਿੱਚ ਸੀ ਜੋ ਚਿਣੇ ਗਏ,
ਖੁਦ ਦੇ ਹੀ ਕੱਦ ਛੋਟੇ ਪੈ ਗਏ
ਜੋ ਜੋ ਵੀ ਸਾਨੂੰ ਮਿਣਨ ਗਏ ।

ਅੰਧ ਭਗਤਾਂ ਵੀ ਚੁੱਪ ਕਰਾਣੇ,
ਜਦ ਸਾਰੀ ਕਹਾਣੀ ਤੇਰੀ ਡੋਲੀ ਨੀਂ।
ਅਸੀਂ ਓਸ ਕੌਮ ਦੇ ਜਾਏ ਦਿੱਲੀਏ ,
ਜੋ ਹਾਕਮਾਂ ਅੱਗੇ ਡੋਲੀ ਨਹੀਂ।

ਜਦ ਤੱਕ ਫਤਿਹ ਨਾ ਹੋਣੀ,
ਉਦੋਂ ਤੱਕ ਅਸੀਂ ਮੁੜਦੇ ਨੀਂ
ਲਾਲ ਕਿਲ੍ਹੇ ਘਰ ਲੈ ਲੈਣਾ
ਆਪਣੇ ਘਰਾਂ 'ਚ ਵੜਦੇ ਨੀ
ਪੰਜਾਬ ਦਿੱਲੀਏ ਇਕੋ ਰਹਿਣਾ
ਤੂੰ ਆਪਣਾ ਆਪ ਫਰੋਲੀ ਨੀ
ਅਸੀਂ ਓਸ ਕੌਮ ਦੇ ਜਾਏ ਦਿੱਲੀਏ ,
ਜੋ ਹਾਕਮਾਂ ਅੱਗੇ ਡੋਲੀ ਨਹੀਂ।

**ਲੇਖਕ : ਪੂਜਾ ਪੁੰਡਰਕ**

## ਲਾਸਾਨੀ ਸ਼ਹਾਦਤ

ਹੰਝੂ ਕੇਰਦੇ ਤਾਹੀਂ ਅੱਖ ਵਿੱਚੋਂ,
ਅਕਾਲ ਪੁਰਖ 'ਤੇ ਨਾ ਯਕੀਨ ਹੁੰਦਾ।
ਪਿਤਾ ਹੁੰਦਾ ਨਾ ਪੁੰਜ ਕੁਰਬਾਨੀਆਂ ਦਾ,
ਕਬੂਲ ਪੁੱਤਰਾਂ ਨੇ ਲਿਆ ਦੀਨ ਹੁੰਦਾ।

ਖੈਰ ਸਾਹਾਂ ਦੀ ਜੇ ਮੰਗਣੀ ਸੀ,
ਰੱਖ ਕੰਧ 'ਚ ਲਿਆ ਬਹੀਨ ਹੁੰਦਾ।
ਭੱਜ ਨਿਕਲਣਾ ਸੀ ਅੱਜ ਦੇ ਗਿਰਗਟਾਂ ਨੇ,
ਚਿਣਦੇ ਕੰਧਾਂ 'ਚ ਵੇਖਿਆ ਸੀਨ ਹੁੰਦਾ।

ਰਾਜ ਭਾਗ ਲੈ ਬੇਗਮਾਂ ਵਿਆਹ ਲੈਂਦੇ,
ਜੀਵਨ ਮਾਨਣਾ ਜੇ ਰੰਗੀਨ ਹੁੰਦਾ।
ਖੂਨ ਸਿੱਖੀ ਨੂੰ ਜੜ੍ਹਾਂ 'ਚ ਪਾਵਣਾ ਸੀ,
ਨਹੀਂ ਤਾਂ 'ਭਗਤਾ' ਕਬੂਲਿਆ ਦੀਨ ਹੁੰਦਾ।

ਸਿੱਖੀ ਸਿਦਕ ਸੀ ਜਾਣਾ ਉੱਖੜ ਜੜ੍ਹੋਂ,
ਜੇ ਕਰ ਉੱਘਿਆ ਵਿੱਚ ਜ਼ਮੀਨ ਹੁੰਦਾ।
ਜੜ੍ਹਾਂ ਪਤਾਲ ਸਿਦਕ ਨਾ ਹੁੰਦਾ।
ਜੀਵਨ ਸਿੱਖੀ ਦਾ ਗਮਗੀਨ ਹੁੰਦਾ।

**ਲਿਖਤ : ਬਰਾੜ ਭਗਤਾ ਭਾਈ ਕਾ,**
1-604-751-1113

## ਸਰਹੰਦ ਦੀਏ ਦੀਵਾਰੇ ਨੀ

ਸਰਹੰਦ ਦੀਏ ਦੀਵਾਰੇ ਨੀ ।
ਤੂੰ ਖ਼ੂਨ ਮਸੂਮਾਂ ਦਾ ਪੀਤਾ ।
ਨਾ ਤਰਸ ਜ਼ਰਾ ਵੀ ਤੂੰ ਕੀਤਾ ।
ਤੂੰ ਇਹ ਕੀ ਕੀਤੇ ਕਾਰੇ ਨੇ ।

ਸਰਹੰਦ ਦੀਏ ਦੀਵਾਰੇ ਨੀ ।
ਇਹ ਮਾਂ ਕਿਸੇ ਦੇ ਜਾਏ ਸੀ ।
ਕਿਸੇ ਪਿਉ ਨੇ ਲਾਡ ਲਡਾਏ ਸੀ ।
ਸੀ ਅੱਖ ਕਿਸੇ ਦੇ ਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੈਨੂੰ ਲੋਕੀ ਸਾਰੇ ਕਹਿਣ ਨੀ ।
ਤੂੰ ਖਾ ਗਈ ਬਣ ਕੇ ਡੈਣ ਨੀ ।
ਦਸਮੇਸ਼ ਦੇ ਰਾਜ ਦੁਲਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਡਾਢੇ ਕੀਤੇ ਲੋਹੜੇ ਨੀ ।
ਮਾਤਾ ਤੋਂ ਲਾਲ ਵਿਛੋੜੇ ਨੀ ।
ਤੈਨੂੰ ਲਾਹਨਤ ਪਾਂਦੇ ਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੇਰੇ ਮਾੜੇ ਹੈਸਨ ਭਾਗ ਨੀ ।
ਤੂੰ ਲਾਇਆ ਮੱਥੇ 'ਤੇ ਦਾਗ ਨੀ ।
ਜਿਸਨੂੰ ਨਾ ਕੋਈ ਉਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਜ਼ੋਰ ਬਥੇਰਾ ਲਾਇਆ ਨੀ ।
ਇਨ੍ਹਾਂ ਨੂੰ ਬਹੁਤ ਡਰਾਇਆ ਨੀ ।
ਪਰ ਇਹ ਨਾ ਬਾਜ਼ੀ ਹਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਜਿਹਨੂੰ ਸ਼ੀਂਹ ਨਾ ਬੇਲਿਉਂ ਬੁਕਦਾ ਏ ।
ਜਿਹਨੂੰ 'ਹਸਨਪੁਰੀ' ਜੱਗ ਝੁਕਦਾ ਏ ।
ਉਹ ਲਾਲ ਤੈਂ ਮਨੋਂ ਵਿਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

**ਇੰਦਰਜੀਤ ਹਸਨਪੁਰੀ**

## ਸਾਨੂੰ ਯਾਦ ਹੈ

ਸਾਂਨੂੰ ਯਾਦ ਹੈ
ਲੋਹਗੜ ਦੇ ਕਿਲਿਆਂ ਤੇ ਝੁੱਲਦੇ, ਕੇਸਰੀ ਨਿਸ਼ਾਨ
ਉਸ ਮਰਦ ਅਗੰਮੜੇ ਦੀ, ਲਾਸਾਨੀ ਦਾਸਤਾਨ
ਚਾਂਦਨੀ ਚੌਕ ਦੇ ਬਲੀਦਾਨ
ਸਾਨੂੰ ਯਾਦ ਹੈ ,ਭੰਗਾਣੀ ਦੇ ਜੇਤੂ ਮੈਦਾਨ
ਸਾਨੂੰ ਯਾਦ ਹੈ
ਥਾਪੜਾ ਦੇ ਕੇ ਤੋਰਿਆ ,ਬਚਿੱਤਰ ਸਿੰਘ ਦਲੇਰ
ਮਸਤੇ ਹਾਥੀਆਂ ਦੀਆਂ ਹਿੱਕਾ ਤੇ ਮੇਹਲਦਾ ਉਹ ਬੱਬਰ ਸ਼ੇਰ
ਸਾਨੂੰ ਯਾਦ ਨੇ
ਉਹ ਲਾਸਾਨੀ ਤਵਾਰੀਖਾਂ ,
ਛੇ ਪੋਹ ਤੋਂ ਲੈ ਕੇ ,14 ਪੋਹ ਦੀਆਂ ਤਰੀਕਾਂ
ਅਸੀਂ ਭੁੱਲੇ ਨਹੀਂ
ਅਨੰਦਪੁਰ ਦੇ ਨਗਾਰੇ ,
ਆਸਾ ਦੀ ਵਾਰ ਤੇ ਸਰਸਾ ਦੇ ਕਿਨਾਰੇ
ਸਾਡੇ ਜੁੱਸਿਆਂ ਨੂੰ ਕੰਬਣੀ ਛੇੜਦੀ ਹੈ
ਸਰਹੰਦ ਦੀ ਕੰਧ ,ਚਮਕੌਰ ਦੀ ਜੰਗ
ਮਾਤਾ ਗੁਜਰੀ ਦੇ ਬੁੱਢਿਆਂ ਹੱਡਾਂ ਨੂੰ ਠਾਰਦੀ , ਬੁਰਜਾਂ ਦੀ ਠੰਡ
ਕਲਾਵੇ ਚ ਲੈ ਕੇ ਤੋਰੇ , ਉਹ ਗੁਜਰੀ ਦੇ ਪੋਤੇ
ਮੋਤੀ ਮਹਿਰੇ ਦੇ ਅਹਿਸਾਨ ਤੇ ਗੰਗੂ ਦੇ ਧੋਖੇ
ਸਾਡੇ ਬੱਚਿਆਂ ਨੂੰ ਯਾਦ ਹੈ
ਕਲਗੀਆਂ ਵਾਲੇ ਦੇ ਬੱਚੇ
ਚੜਦੀ ਉਮਰੇ ਜੋ ਸੂਲਾਂ ਤੇ ਨੱਚੇ
ਉਮਰਾਂ ਦੇ ਕੱਚੇ ਤੇ ਸਿਰੜਾਂ ਦੇ ਪੱਕੇ
ਬਿਜਲੀਆਂ ਵਰਗੇ ਸਨ , ਉਹ ਜਾਬਾਂਜ ਰੰਗ ਰੱਤੇ
ਸਾਨੂੰ ਯਾਦ ਰਹਿਣਗੇ
ਦੀਵਾਰਾਂ ਚ ਚਿਣਿਓ ਤੇ ਸ਼ੇਰਾਂ ਵਾਂਗ ਗੜਕਦੇ, ਦੋ ਸੂਰਬੀਰ
ਅਜੀਤ ਤੇ ਜੁਝਾਰ ਦੇ ਵਢਿਓ ਸਰੀਰ
ਓਹਨਾ ਦੀਆਂ ਹਿੱਕਾ ਚ ਖੁਭਿਓ ਤੀਰ
ਵੈਰੀ ਨੂੰ ਲਲਕਾਰ ਕੇ ਨਿੱਕਲਿਆ ਉਹ ਹਿੰਦ ਦਾ ਪੀਰ
ਮਾਛੀਵਾੜੇ ਦੀਆਂ ਜੂਹਾਂ ਚ ਸੁੱਤਾ , ਉਹ ਉੱਚ ਦਾ ਪੀਰ
ਯਾਰੜੇ ਦੇ ਸੱਥਰ ਨੂੰ ਚੰਗਾ ਕਹਿਣ ਵਾਲਾ ਉਹ ,ਜਾਂਬਾਜ ਫਕੀਰ
ਸਾਨੂੰ ਯਾਦ ਨੇ
ਪਾਤਸ਼ਾਹ ਦੇ ਫਰਮਾਨ ,
ਕਾਹੀ ਦੀ ਜੜ੍ਹ ਪੁੱਟ ਕੇ ਕੀਤੇ ,ਮੁਗਲਾਂ ਦੀ ਜੜ੍ਹ ਪੁੱਟਣ ਦੇ ਐਲਾਨ
ਸਾਨੂੰ ਯਾਦ ਨੇ
ਉਹ ਗੁਰੂ ਵਲੋਂ ਪਾੜੇ ਉਹ ਬਦਾਵੇ
ਮੁਕਤਸਰ ਦੀ ਜੰਗ ਵਿਚ ਭਰੇ ,ਮੁਕਤਿਆਂ ਦੇ ਕਲਾਵੇ
ਮਾਤਾ ਭਾਗੋ ਦੀ ਲਲਕਾਰ ਤੇ ਸਿੰਘਾਂ ਦੇ ਪਛਤਾਵੇ
ਸਾਨੂੰ ਸਦਾ ਯਾਦ ਰਹੇਗਾ
ਤਲਵੰਡੀ ਸਾਬੋ ਦਾ ਅਸਥਾਨ
ਗੁਰੂ ਵਲੋਂ ਕਮਰ ਕੱਸਾ ਖੋਲ ਕੇ ਕੀਤਾ ਅਰਾਮ
ਮਾਤਾ ਸਾਹਿਬ ਕੌਰ ਤੇ ਸੁੰਦਰੀ ਜੀ ਦਾ ਦਿੱਲੀ ਤੋਂ ਮੁੜਨਾ
ਫਿਰ ਗੁਰੂ ਦਾ , ਗੁਰੂ ਕੀ ਕਾਂਸ਼ੀ ਛੱਡ , ਦੱਖਣ ਨੂੰ ਤੁਰਨਾ
ਸਾਨੂੰ ਯਾਦ ਹੈ
ਨੰਦੇੜ ਸਾਹਿਬ ਦਾ ਟਿਕਾਣਾ
ਮਾਧੋ ਦਾਸ ਨੂੰ ਗੁਰੂ ਕਾ ਬੰਦਾ ਬਣਾਉਣਾ
ਕਲਗੀਆਂ ਵਾਲੇ ਦਾ ਛੱਡ ਕੇ ਜਾਣਾ
ਖਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਣਾ
ਸਾਨੂੰ ਯਾਦ ਹੈ
ਬੰਦਾ ਬਹਾਦਰ ਦਾ ਖੜਕਿਆ ਖੰਡਾ ,
ਗੰਗੂ ਦੇ ਨੱਕ ਚ ਪਾਈਆਂ ਨਕੇਲਾਂ ਤੇ ਮੁੜ ਖਾਲਸੇ ਦਾ ਚੜ੍ਹਿਆ ਝੰਡਾ
ਸਾਡੇ ਚੇਤਿਆਂ ਚ ਵੱਸਿਆ ਹੈ
ਹਰਿਮੰਦਰ ਸਾਹਿਬ ਦਾ ਇਤਿਹਾਸ
ਬਾਬਾ ਦੀਪ ਸਿੰਘ ਦੀ ਅਰਦਾਸ
ਸਾਨੂੰ ਯਾਦ ਨੇ ਸੁੱਖੇ ਤੇ ਮਹਿਤਾਬ
ਮੱਸੇ ਰੰਗੜ ਦਾ ਗਾਟਾ ਲਾਹ ਕੇ ਉੱਡੇ ਉਹ ਬਾਜ
ਹੰਕਾਰੀ ਫਿਰਦੀ ਦਿੱਲੀ ਦੀ ਰਾਣੀ ਦੀਆਂ ਚੀਕਾਂ
ਤੇ ਬੇਅੰਤ ਸਤਵੰਤ ਜਿਹੇ ਸ਼ੇਰਾਂ ਦੀ ਦਹਾੜ
ਸਾਨੂੰ ਸਦਾ ਯਾਦ ਰਹੇਗੀ
ਖਾਲਸੇ ਦੀ ਮਾਨ ਮੱਤੀ ਹਿਸਟੋਰੇ
ਸਚਾਈ ਦੀ ਬੁਰਾਈ ਉੱਤੇ ਵਿਚਟੋਰੇ
ਸਾਨੂੰ ਦੁਪੱਟਿਆਂ ਅਤੇ ਦਸਤਾਰਾਂ ਤੇ ਮਾਣ ਹੈ
ਡਾਣਸੀਵਾਲੀਆ ਇਹ ਸਾਡੀ ਪਛਾਣ ਹੈ
ਸਮਿਆਂ ਦੇ ਸਾਗਰਾਂ ਨੂੰ ,ਤਰ ਕੇ ਲੰਘੇ ਇਤਿਹਾਸ
ਸਦੀਆਂ ਦੀਆਂ ਜੰਗਾਂ ਚੋ ,ਲੜ ਕੇ ਲੰਘੇ ਇਤਿਹਾਸ
ਵਕਤਾਂ ਦੀਆਂ ਔਖੀਆਂ ਪੌੜੀਆਂ,ਚੜਕੇ ਲੰਘੇ ਇਤਿਹਾਸ
ਜਿੰਦਗੀ ਦੇ ਇਮਤਿਹਾਨਾਂ ਚੋਂ , ਮਰਕੇ ਲੰਘੇ ਇਤਿਹਾਸ
ਹਥੇਲੀਆਂ ਤੇ ਜਾਨ ਅਤੇ ਸੀਸ , ਧਰਕੇ ਲੰਘੇ ਇਤਿਹਾਸ
ਤੱਤੀਆਂ ਤਵੀਆਂ ਤੇ , ਸੜਕੇ ਲੰਘੇ ਇਤਿਹਾਸ
ਠੰਡਿਆਂ ਬੁਰਜਾਂ ਚੋਂ , ਠਰ ਕੇ ਲੰਘੇ ਇਤਿਹਾਸ
ਜ਼ੁਲਮਾਂ ਦੀਆਂ ਹਨੇਰੀਆਂ ਨਾਲ , ਅੜਕੇ ਲੰਘੇ ਇਤਿਹਾਸ
ਸਾਨੂੰ ਸਦਾ ਯਾਦ ਰਹਿਣਗੇ
ਸਾਨੂੰ ਸਦਾ ਯਾਦ ਰਹਿਣਗੇ
ਡਾਣਸੀਵਾਲੀਆ ਇਹ ਬਾਗ ਸਦਾ ਆਬਾਦ ਰਹਿਣਗੇ

**ਕੁਲਵੀਰ ਸਿੰਘ ਡਾਨਸੀਵਾਲ,** 778 863 2472

# ਨਾਰੀ ਸੰਸਾਰ



## ਹਰ ਮੌਸਮ ਵਿੱਚ ਸਵਾਦ ਲੈਣਾ ਹੋਵੇ ਤਾਂ ਇਸ ਤਰ੍ਹਾਂ ਸਟੋਰ ਕਰੋ ਫਲ ਅਤੇ ਸਬਜ਼ੀਆਂ

*ਹਾਲਾਂਕਿ ਅੱਜਕਲ੍ਹ ਸਬਜ਼ੀਆਂ ਹਰ ਮੌਸਮ ਵਿਚ, ਹਰ ਕਿਸਮ ਦੀਆਂ ਮਿਲ ਜਾਂਦੀਆਂ ਹਨ। ਇਸ ਲਈ ਸਰਦੀਆਂ ਆਉਣ ਤਾਂ ਅੱਜ ਤੋਂ 20 ਸਾਲ ਪਹਿਲਾਂ ਦੀ ਤਰ੍ਹਾਂ ਗੋਭੀ, ਮਟਰ, ਗਾਜਰ ਅਤੇ ਸਰ੍ਹੋਂ ਦਾ ਸਾਗ ਖਾਣ ਦੀ ਉਸ ਤਰ੍ਹਾਂ ਦੀ ਲਲਕ ਹੁਣ ਨਹੀਂ ਹੁੰਦੀ, ਕਿਉਂਕਿ ਹੁਣ ਸਭ ਸਬਜ਼ੀਆਂ ਹਰ ਮੌਸਮ ਵਿਚ ਤਾਜ਼ੀਆਂ ਮਿਲ ਜਾਂਦੀਆਂ ਹਨ। ਪਰ ਕੀਮਤ ਦਾ ਫ਼ਰਕ ਤਾਂ ਹੁੰਦਾ ਹੀ ਹੈ। ਬਿਨਾਂ ਸੀਜ਼ਨ ਗੋਭੀ 80 ਤੋਂ 100 ਰੁਪਏ ਕਿੱਲੋ ਮਿਲਦੀ ਹੈ ਜਦ ਕਿ ਸਰਦੀਆਂ ਵਿਚ ਇਹ ਗੋਭੀ ਦੇ ਮੌਸਮ ਵਿਚ 15 ਤੋਂ 20 ਰੁਪਏ ਕਿੱਲੋ ਤੱਕ ਮਿਲ ਜਾਂਦੀ ਹੈ। ਇਸ ਲਈ ਅੱਜ ਵੀ ਕੁਝ ਮੌਸਮੀ ਸਬਜ਼ੀਆਂ ਅਤੇ ਫਲਾਂ ਨੂੰ ਸੁਕਾ ਕੇ ਰੱਖਣਾ ਅਤੇ ਉਨ੍ਹਾਂ ਨੂੰ ਬੇਮੌਸਮ ਵਿਚ ਵਰਤਣਾ, ਨਾਸਮਝੀ ਨਹੀਂ ਹੈ। ਸਿਰਫ਼ ਸਬਜ਼ੀਆਂ ਦੇ ਰੂਪ ਵਿਚ ਹੀ ਨਹੀਂ ਸਗੋਂ ਅਚਾਰ, ਜੈਮ, ਜੈਲੀ, ਮੁਰੱਬਾ ਅਤੇ ਸਕਵੈਸ਼ ਆਦਿ ਦੇ ਰੂਪ ਵਿਚ ਵੀ ਸਬਜ਼ੀਆਂ ਨੂੰ ਸਟੋਰ ਕਰਨ ਦਾ ਰਿਵਾਜ ਰਿਹਾ ਹੈ।*

**ਕਿਸ ਤਰ੍ਹਾਂ ਕਰੀਏ ਸੁਰੱਖਿਅਤ :** ਉਂਝ ਤਾਂ ਫਲ-ਸਬਜ਼ੀਆਂ ਨੂੰ ਸੁਰੱਖਿਅਤ ਕਰਨ ਲਈ ਕਈ ਢੰਗ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਇਨ੍ਹਾਂ ਨੂੰ ਸੁਕਾ ਕੇ, ਉਬਾਲ ਕੇ, ਡੱਬਾਬੰਦ ਕਰ ਕੇ ਜੈਮ, ਜੈਲੀ, ਮੁਰੱਬੇ ਤੇ ਅਚਾਰ ਆਦਿ ਦੇ ਰੂਪ ਵਿਚ ਰੱਖ ਸਕਦੇ ਹਾਂ। ਪਰ ਘਰੇਲੂ ਢੰਗ ਨਾਲ ਇਨ੍ਹਾਂ ਨੂੰ ਸੁਰੱਖਿਅਤ ਕਰਨ ਦੇ ਮੁੱਖ 3 ਜ਼ਰੀਏ ਹਨ।

**ਸਬਜ਼ੀ ਨੂੰ ਸੁਕਾਉਣਾ :** ਹਾਲਾਂਕਿ ਇਹ ਪੁਰਾਣਾ ਢੰਗ ਹੈ। ਪਰ ਖਰਾ ਤਰੀਕਾ ਹੈ। ਇਹੀ ਵਜ੍ਹਾ ਹੈ ਕਿ ਅੱਜ ਵੀ ਇਹ ਸਭ ਤੋਂ ਜ਼ਿਆਦਾ ਪ੍ਰਚੱਲਿਤ ਹੈ। ਇਸ ਵਿਚ ਕਿਸੇ ਫਲ ਜਾਂ ਸਬਜ਼ੀ ਨੂੰ ਧੁੱਪ ਵਿਚ ਜਾਂ ਬਣਾਉਟੀ ਢੰਗ ਨਾਲ ਸੇਕ ਦੇ ਕੇ ਏਨਾ ਜ਼ਿਆਦਾ ਸੁਕਾਇਆ ਜਾਂਦਾ ਹੈ ਕਿ ਇਸ ਵਿਚ ਨਮੀ ਨਾਮਾਤਰ ਵੀ ਨਾ ਰਹੇ। ਇਸ ਤੋਂ ਬਾਅਦ ਸੁਕਾਈਆਂ ਗਈਆਂ ਸਬਜ਼ੀਆਂ ਨੂੰ ਪਾਲੀਥੀਨ ਵਿਚ ਪੈਕ ਕਰ ਕੇ, ਠੰਢੇ ਥਾਂ 'ਤੇ ਰੱਖ ਦਿਓ। ਇਨ੍ਹਾਂ ਨੂੰ 8-10 ਮਹੀਨੇ ਤੱਕ ਅਰਾਮ ਨਾਲ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਇਸ ਵਿਧੀ ਦੀ ਵਰਤੋਂ ਸਿਰਫ਼ ਸਬਜ਼ੀਆਂ 'ਤੇ ਹੀ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਸਾਧਾਰਨ ਸਬਜ਼ੀ ਦੀ ਤਰ੍ਹਾਂ ਹੀ ਪਾਣੀ ਵਿਚ ਪਕਾ ਕੇ ਖਾਂਦੇ ਹਾਂ। ਸਭ ਪੱਤੇਦਾਰ ਸਬਜ਼ੀਆਂ ਦੇ ਨਾਲ-ਨਾਲ ਗੋਭੀ, ਗਾਜਰ, ਪਰਵਲ ਤੱਕ ਨੂੰ ਇਸ ਵਿਧੀ ਨਾਲ ਸੁਕਾ ਕੇ ਰੱਖਿਆ ਜਾ ਸਕਦਾ ਹੈ ਤੇ ਇਨ੍ਹਾਂ ਦੀ ਸਬਜ਼ੀ ਬਣਾਈ ਜਾ ਸਕਦੀ ਹੈ। ਪੱਤੇਦਾਰ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਉਂਜ ਹੀ ਸੁਕਾ ਲਿਆ ਜਾਂਦਾ ਹੈ। ਫਲੀਆਂ ਦੇ ਬੀਜ ਕੱਢ ਕੇ ਸੁਕਾਏ ਜਾਂਦੇ ਹਨ ਅਤੇ ਮੂਲੀ, ਗਾਜਰ, ਫੁੱਲਗੋਭੀ ਵਰਗੀਆਂ ਸਬਜ਼ੀਆਂ ਨੂੰ ਕੱਟ ਕੇ ਸੁਕਾਇਆ ਜਾਂਦਾ ਹੈ।

ਇਸ ਤੋਂ ਇਲਾਵਾ ਸਭ ਤਰ੍ਹਾਂ ਦੇ ਫਲ ਤੇ ਸਬਜ਼ੀਆਂ ਨੂੰ ਅਚਾਰ ਪਾ ਕੇ, ਸ਼ਰਬਤ, ਮੁਰੱਬਾ, ਜੈਮ, ਜੈਲੀ, ਮਾਰਮਲੇਡ, ਸਾਸ ਚਟਨੀ ਆਦਿ ਇਸੇ ਮੌਸਮ ਵਿਚ ਬਣਾ ਕੇ ਸੁਰੱਖਿਅਤ ਕੀਤੇ ਜਾ ਸਕਦੇ ਹਨ। ਇਹ ਪਦਾਰਥ ਸ਼ੀਸ਼ੀ, ਮਰਤਬਾਨ ਜਾਂ ਜਾਰ 'ਚੋਂ ਕੱਢ ਕੇ ਜਿਉਂ ਦਾ ਤਿਉਂ ਖਾਧਾ ਅਤੇ ਖਵਾਇਆ ਜਾ ਸਕਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਇਹ 'ਰੈਡੀ ਟੂ ਯੂਜ਼' ਹੁੰਦੇ ਹਨ। ਮਟਰਾਂ ਨੂੰ ਉਬਾਲ ਕੇ 3-4 ਮਹੀਨੇ ਲਈ ਸੁਰੱਖਿਅਤ ਕੀਤਾ ਜਾਂਦਾ ਹੈ।

**ਰਸਾਇਣਾਂ ਦੀ ਵਰਤੋਂ :** ਸਬਜ਼ੀਆਂ ਨੂੰ ਤਾਂ ਉਂਝ ਹੀ ਸੁਕਾ ਕੇ ਸੁਰੱਖਿਅਤ ਕੀਤਾ ਜਾਂਦਾ ਹੈ ਪਰ ਫਲਾਂ ਦੇ ਜੂਸ, ਸਕਵੈਸ਼, ਸ਼ਰਬਤ, ਜੈਮ, ਜੈਲੀ, ਚਟਨੀ, ਮੁਰੱਬੇ ਅਤੇ ਅਚਾਰ ਆਦਿ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਕੁਝ ਰਸਾਇਣਾਂ ਭਾਵ ਪ੍ਰਿਜ਼ਰਵੇਟਿਵਸ ਦੀ ਵਰਤੋਂ ਕੀਤੀ ਜਾਂਦੀ ਹੈ।

**ਸੋਡੀਅਮ ਬੈਂਜੋਏਟ :** ਸੋਡੀਅਮ ਬੈਂਜੋਏਟ ਇਕ ਚੰਗਾ ਪ੍ਰਿਜ਼ਰਵੇਟਿਵ ਹੈ, ਪਰ ਇਸ ਦੀ ਸੜਨ ਰੋਕਣ ਦੀ ਤਾਕਤ ਸਾਧਾਰਨ ਹੀ ਹੁੰਦੀ ਹੈ। ਇਸ ਨੂੰ ਖੱਟੇ ਸਵਾਦ ਵਾਲੇ ਜੈਮਜ਼, ਜੈਲੀਜ਼ ਅਤੇ ਸਕਵੈਸ਼ ਵਿਚ ਹੀ ਵਰਤੋਂ ਕੀਤੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਘਰਾਂ ਵਿਚ ਸ਼ਰਬਤ, ਸਕਵੈਸ਼ ਅਤੇ ਜੈਮ ਆਦਿ ਬਣਾਉਂਦੇ ਸਮੇਂ ਸੋਡੀਅਮ ਬੈਂਜੋਏਟ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ 5 ਕਿੱਲੋ ਵਿਚ 5 ਗ੍ਰਾਮ ਗਰਮ ਖਾਣ ਵਾਲੇ ਪਦਾਰਥਾਂ ਵਿਚ ਹੀ ਮਿਲਾਇਆ ਜਾਂਦਾ ਹੈ।

**ਪੋਟਾਸ਼ੀਅਮ ਮੈਟਾਬਾਈ ਸਲਫਾਈਡ :** ਪੋਟਾਸ਼ੀਅਮ ਮੈਟਾਬਾਈ ਸਲਫਾਈਡ ਨੂੰ ਜੂਸ ਦੇ ਇਕਦਮ ਠੰਢਾ ਹੋ ਜਾਣ ਤੋਂ ਬਾਅਦ ਥੋੜ੍ਹੇ ਜਿਹੇ ਰਸ ਵਿਚ ਘੋਲ ਕੇ ਮਿਲਾਇਆ ਜਾਂਦਾ ਹੈ। ਇਹ ਫਲਾਂ ਦੇ ਲਾਲ ਅਤੇ ਬੈਂਗਣੀ ਰੰਗ ਨੂੰ ਉਡਾ ਦਿੰਦਾ ਹੈ, ਇਸ ਲਈ ਅਨਾਰ, ਜਾਮਣ ਤੇ ਫਾਲਸੇ ਵਰਗੇ ਰੰਗੀਨ ਫਲਾਂ ਦੇ ਜੂਸ ਨੂੰ ਸੁਰੱਖਿਅਤ ਕਰਨ ਲਈ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਹ 5 ਕਿੱਲੋ ਵਿਚ 3 ਗ੍ਰਾਮ ਦੇ ਲਗਭਗ ਪੈਂਦਾ ਹੈ।

**ਐਸਿਟਿਕ ਐਸਿਡ :** ਇਸ ਦੀ ਵਰਤੋਂ ਅੰਬ ਦੀ ਚਟਨੀ, ਅਚਾਰ, ਸਾਸ ਆਦਿ ਬਣਾਉਣ ਵਿਚ ਕੀਤੀ ਜਾਂਦੀ ਹੈ। ਆਮ ਤੌਰ 'ਤੇ 1 ਕਿੱਲੋ ਵਿਚ 1 ਛੋਟਾ ਚਮਚ ਐਸਿਟਿਕ ਐਸਿਡ ਪਾਇਆ ਜਾਂਦਾ ਹੈ।

**ਸਾਈਟ੍ਰਿਕ ਐਸਿਡ :** ਇਹ ਪ੍ਰਿਜ਼ਰਵੇਟਿਵ ਨਹੀਂ ਹੈ, ਸਿਰਫ਼ ਖੱਟੇ ਸਵਾਦ ਨੂੰ ਉਭਾਰਨ ਲਈ ਹੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਮਾਤਰਾ ਸਵਾਦ ਅਨੁਸਾਰ ਘਟਾਈ-ਵਧਾਈ ਜਾ ਸਕਦੀ ਹੈ। ਉਂਝ 1 ਕਿੱਲੋ ਚੀਨੀ ਵਿਚ 15 ਗ੍ਰਾਮ ਸਾਈਟ੍ਰਿਕ ਐਸਿਡ ਪੈਂਦਾ ਹੈ।

## ਘਰ ਨੂੰ ਚਮਕਾਉਣ ਲਈ ਅਜਮਾਓ ਇਹ 'ਕਲੀਨਿੰਗ ਟਿਪਸ'



ਲੋਕ ਬਾਥਰੂਮ ਦੀ ਸਫਾਈ ਤਾਂ ਸਮੇ-ਸਮੇ 'ਤੇ ਕਰਦੇ ਹਨ ਪਰ ਬਾਥਰੂਮ ਦੀ ਟੂਟੀ ਨੂੰ ਸਾਫ਼ ਕਰਨਾ ਭੁੱਲ ਜਾਂਦੇ ਹਨ। ਬਾਥਰੂਮ 'ਚ ਪਾਣੀ ਦੀ ਵਰਤੋਂ ਕਾਰਨ ਟੂਟੀਆਂ ਗੰਦੀਆਂ ਹੋ ਜਾਂਦੀਆਂ ਹਨ ਜਾਂ ਪਾਣੀ ਕਾਰਨ ਇਹਨਾਂ 'ਤੇ ਜੰਗਾਲ ਲੱਗ ਜਾਂਦਾ ਹੈ। ਇਸ ਕਾਰਨ ਟੂਟੀਆਂ ਪੁਰਾਣੀਆਂ ਲੱਗਣ ਲੱਗਦੀਆਂ ਹਨ। ਇਹਨਾਂ ਟੂਟੀਆਂ ਨੂੰ ਸਾਫ ਕਰਨ 'ਚ ਬਹੁਤ ਸਮਾਂ ਲਗਦਾ ਹੈ ਪਰ ਫਿਰ ਵੀ ਇਹ ਚੰਗੀ ਤਰਾਂ ਸਾਫ ਨਹੀਂ ਹੁੰਦੀਆਂ ਹਨ। ਤਾਂ ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਕਲੀਨਿੰਗ ਟਿਪਸ ਦੱਸਣ ਜਾ ਰਹੇ ਹਾਂ ਜਿਸ ਨਾਲ ਗੰਦੀਆਂ ਟੂਟੀਆਂ ਮਿੰਟਾਂ 'ਚ ਸਾਫ ਹੋ ਜਾਣਗੀਆਂ।

### 1. ਡਿਟਰਜੈਂਟ ਦੀ ਵਰਤੋਂ ਕਰੋ

ਜੇਕਰ ਬਾਥਰੂਮ ਦੀ ਟੂਟੀ ਥੋੜ੍ਹੀ ਗੰਦੀ ਹੋ ਗਈ ਹੈ ਅਤੇ ਤੁਸੀਂ ਇਸਨੂੰ ਸਾਫ਼ ਕਰਨਾ ਚਾਹੁੰਦੇ ਹੋ ਤਾਂ ਇਸਦੇ ਲਈ ਪਾਣੀ ਵਿੱਚ ਡਿਟਰਜੈਂਟ ਮਿਲਾ ਕੇ ਟੂਟੀ ਨੂੰ ਸਾਫ਼ ਕਰੋ। ਇਸ ਨਾਲ ਸਾਰੇ ਦਾਗ ਗਾਇਬ ਹੋ ਜਾਣਗੇ। ਡਿਟਰਜੈਂਟ ਨਾਲ ਟੂਟੀ ਦੀ ਸਫ਼ਾਈ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਸਾਫ਼ ਕਰਨ ਤੋਂ ਬਾਅਦ ਟੂਟੀ ਨੂੰ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਸਾਫ਼ ਕਰੋ ਅਤੇ ਫਿਰ ਸੁੱਕੇ ਕੱਪੜੇ ਨਾਲ ਪੂੰਝ ਲਓ।

### 2. ਬੇਕਿੰਗ ਸੋਡਾ ਨਾਲ ਹਟਾਓ ਟੂਟੀ ਦੇ ਜ਼ਿੱਦੀ ਧੱਬੇ

ਬੇਕਿੰਗ ਸੋਡੇ ਦੀ ਵਰਤੋਂ ਅਕਸਰ ਘਰ ਵਿੱਚ ਵੱਖ-ਵੱਖ ਚੀਜ਼ਾਂ ਨੂੰ ਸਾਫ਼ ਕਰਨ ਲਈ ਕੀਤੀ ਜਾਂਦੀ ਹੈ, ਪਰ ਇਹ ਟੂਟੀ ਦੇ ਜ਼ਿੱਦੀ ਧੱਬਿਆ ਨੂੰ ਵੀ ਸਾਫ਼ ਕਰ ਸਕਦਾ ਹੈ। ਇਸ ਲਈ 1 ਚਮਚ ਬੇਕਿੰਗ ਸੋਡਾ ਲਓ ਅਤੇ ਅੱਧਾ ਚਮਚ ਚੂਨਾ ਮਿਲਾਓ। ਇਸ ਤੋਂ ਬਾਅਦ ਇਸ 'ਚ ਥੋੜ੍ਹਾ ਜਿਹਾ ਪਾਣੀ ਮਿਲਾ ਕੇ ਪੇਸਟ ਤਿਆਰ ਕਰੋ ਅਤੇ ਟੂਟੀ 'ਤੇ ਲਗਾਓ ਅਤੇ 3 ਤੋਂ 5 ਮਿੰਟ ਲਈ ਇਸੇ ਤਰਾਂ ਛੱਡ ਦਿਓ। ਇਸ ਤੋਂ ਬਾਅਦ ਟੂਟੀ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋ ਲਓ ਅਤੇ ਫਿਰ ਕੱਪੜੇ ਨਾਲ ਪੂੰਝ ਲਓ। ਇਸ ਤਰਾਂ ਟੂਟੀ ਬਿਲਕੁਲ ਸਾਫ ਹੋ ਜਾਏਗੀ।

### 3. ਗਰਮ ਪਾਣੀ ਅਤੇ ਨਮਕ ਨਾਲ ਸਾਫ਼ ਕਰੋ

ਗਰਮ ਪਾਣੀ ਅਤੇ ਨਮਕ ਦੀ ਮਦਦ ਨਾਲ ਤੁਸੀਂ ਬਾਥਰੂਮ ਦੀ ਟੂਟੀ ਨੂੰ ਆਸਾਨੀ ਨਾਲ ਸਾਫ਼ ਕਰ ਸਕਦੇ ਹੋ। ਇਸ ਦੇ ਲਈ 1 ਲੀਟਰ ਗਰਮ ਪਾਣੀ ਵਿਚ 2 ਚਮਚ ਨਮਕ ਅਤੇ 2 ਚਮਚ ਨਿੰਬੂ ਦਾ ਰਸ ਮਿਲਾਓ। ਇਸ ਤੋਂ ਬਾਅਦ ਇਕ ਕੱਪੜਾ ਲੈ ਕੇ ਉਸ ਨੂੰ ਗਰਮ ਪਾਣੀ ਨਾਲ ਗਿੱਲਾ ਕਰੋ ਅਤੇ ਟੂਟੀ ਨੂੰ ਸਾਫ ਕਰੋ। ਇਸ ਨਾਲ ਗੰਦੀ ਟੂਟੀ ਤੁਰੰਤ ਸਾਫ਼ ਹੋ ਜਾਵੇਗੀ।

### 4. ਸਿਰਕੇ ਦਾ ਇਸਤੇਮਾਲ ਕਰੋ

ਟੂਟੀ 'ਤੇ ਲਗੇ ਜ਼ਿੱਦੀ ਧੱਬਿਆ ਨੂੰ ਹਟਾਉਣ ਲਈ ਸਿਰਕਾ ਵੀ ਬਹੁਤ ਵਧੀਆ ਹੈ। ਇਸ ਦੇ ਲਈ ਇਕ ਕੱਪ ਪਾਣੀ ਵਿਚ 2-3 ਚਮਚ ਸਿਰਕਾ ਅਤੇ 1 ਚਮਚ ਬੇਕਿੰਗ ਸੋਡਾ ਮਿਲਾ ਲਓ। ਇਸ ਤੋਂ ਬਾਅਦ ਇਸ ਲਿਕਵਡ ਨੂੰ ਸਪ੍ਰੇ ਬੋਤਲ 'ਚ ਭਰ ਕੇ ਟੂਟੀ 'ਤੇ ਸਪਰੇਅ ਕਰੋ ਅਤੇ 1 ਮਿੰਟ ਲਈ ਛੱਡ ਦਿਓ। ਫਿਰ ਟੂਟੀ ਨੂੰ ਕੱਪੜੇ ਨਾਲ ਪੂੰਝ ਕੇ ਸਾਫ਼ ਕਰੋ। ਇਸ ਨਾਲ ਗੰਦੀ ਟੂਟੀ ਬਿਲਕੁਲ ਨਵੀਂ ਵਾਂਗ ਚਮਕਣ ਲੱਗ ਜਾਵੇਗੀ।

## ਦਿਲ ਜਿੱਤ ਲੈਂਦੀ ਹੈ ਮਿੱਠੀ ਬੋਲ-ਚਾਲ ਅਤੇ ਸੁਭਾਅ

**ਲੇਖਕ : ਲਲਿਤ ਕੁਮਾਰ ਜੈਨ**



ਗੁੱਸੇ ਦਾ ਮੁੱਖ ਕਾਰਨ ਹੈ ਬੋਲ-ਚਾਲ। ਅਸੀਂ ਦੇਖਦੇ ਹਾਂ ਕਿ ਵਿਅਕਤੀ ਆਪਣੀ ਬੋਲ-ਚਾਲ ਦੀ ਮਿਠਾਸ ਨਾਲ ਦੁਸ਼ਮਣ ਨੂੰ ਵੀ ਵਸ 'ਚ ਕਰ ਲੈਂਦਾ ਹੈ। ਬੋਲ-ਚਾਲ ਦਾ ਬਹੁਤ ਵੱਡਾ ਮਹੱਤਵ ਹੈ।

ਤੁਸੀਂ ਪਤੀ ਦੇ ਇੰਤਜ਼ਾਰ ਵਿਚ ਸਜ-ਧਜ ਕੇ, ਚੰਗੇ ਢੰਗ ਨਾਲ ਸੰਵਰ ਕੇ ਆਪਣੀ ਸੁੰਦਰਤਾ ਬਿਖੇਰਦੇ ਬੈਠੇ ਹੋ ਅਤੇ ਪਤੀ ਦੇ ਆਉਂਦਿਆਂ ਹੀ ਗੁੱਸੇ ਦੇ ਸੁਰ ਵਿਚ ਪੁੱਛ ਲੈਂਦੇ ਹੋ, ਕਿਥੇ ਲਗਾ ਦਿੱਤੀ ਏਨੀ ਦੇਰ, ਕੀ ਮੈਂ ਫਾਲਤੂ ਹਾਂ ਜੋ ਤੁਹਾਡਾ ਇੰਤਜ਼ਾਰ ਕਰਦੀ ਰਹਾਂ। ਹੁਣ ਤੁਸੀਂ ਸਮਝ ਲਓ, ਤੁਸੀਂ ਪਤੀ ਦਾ ਸਨਮਾਨ ਅਤੇ ਵਿਸ਼ਵਾਸ ਸੁੰਦਰ ਦਿਸਣ ਦੇ ਬਾਵਜੂਦ ਗਵਾ ਦੇਵੋਗੇ।

ਕਹਿਣ ਦਾ ਭਾਵ ਇਹ ਹੈ ਕਿ ਨਾਰੀ ਦੀ ਸੁੰਦਰਤਾ, ਰੂਪ-ਰੰਗ, ਕੋਮਲਤਾ, ਸਾਜਸੱਜਾ, ਉਸ ਦਾ ਗਹਿਣਾ ਨਹੀਂ, ਸਗੋਂ ਸੱਚਾ ਗਹਿਣਾ ਉਸ ਦੀ ਬੋਲ-ਚਾਲ ਹੈ। ਬੋਲ-ਚਾਲ ਵਿਚ ਜੋੜਨ ਦੀ ਸ਼ਕਤੀ ਹੈ ਤੇ ਤੋੜਨ ਦੀ ਤਾਕਤ ਵੀ ਹੈ। ਸਿਰਫ਼ ਮਿਠਾਸ ਹੀ ਨਹੀਂ, ਸਗੋਂ ਪ੍ਰਭਾਵੀ ਬੋਲ-ਚਾਲ ਦੀ ਵਰਤੋਂ ਤੁਹਾਨੂੰ ਵੱਖਰਾ ਕਰੇਗੀ। ਤੁਹਾਡੀ ਬੋਲ-ਚਾਲ ਸਾਹਮਣੇ ਵਾਲੇ ਵਿਅਕਤੀ ਨੂੰ ਸੰਵੇਦਿਤ ਕਰ ਰਹੀ ਹੈ ਜਾਂ ਨਹੀਂ, ਇਹ ਵੀ ਧਿਆਨ ਰੱਖੋ।

ਬੋਲ-ਚਾਲ ਦੇ ਨਾਲ-ਨਾਲ ਜੇਕਰ ਤੁਹਾਡੇ ਚਿਹਰੇ 'ਤੇ ਮੁਸਕਾਨ ਝਲਕਦੀ ਹੈ ਤਾਂ ਸਮਝੋ ਸੋਨੇ 'ਤੇ ਸੁਹਾਗਾ ਹੈ। ਕਹਿੰਦੇ ਵੀ ਹਨ ਕਿ ਅਰਧ ਚੰਦਰ ਜਿਹੀ ਮੁਸਕਰਾਹਟ ਮਨ ਮੋਹ ਰਹੀ ਹੈ, ਭਾਵ ਜਿਵੇਂ ਦਾ ਨਾਂਅ ਤਿਵੇਂ ਦੇ ਗੁਣ ਭਾਵ ਚੰਦਰਮਾ ਜਿਹੀ ਠੰਢਕ ਵੰਡੋ। ਇਸ ਤਰ੍ਹਾਂ ਦੀ ਮੁਸਕਰਾਹਟ ਦੇ ਨਾਲ ਜਦੋਂ ਤੁਸੀ ਕਿਸੇ ਦਾ ਸਵਾਗਤ ਕਰਦੇ ਹੋ ਤਾਂ ਮਹਿਮਾਨ ਗਦਗਦ ਹੋ ਜਾਂਦਾ ਹੈ ਅਤੇ ਉਹ ਜਿਥੇ ਵੀ ਜਾਂਦਾ ਹੈ, ਤੁਹਾਡੀ ਪ੍ਰਸੰਸਾ ਕਰਦਾ ਹੈ। ਇਸ ਤਰ੍ਹਾਂ ਵੀ ਦੇਖਿਆ ਗਿਆ ਹੈ ਕਿ ਤੁਹਾਡੀ ਮੰਦ-ਮੰਦ ਮੁਸਕਰਾਹਟ ਮੂਕ ਹੁੰਦੇ ਹੋਏ ਵੀ ਬੋਲਚਾਲ ਦਾ ਕੰਮ ਕਰ ਦਿੰਦੀ ਹੈ।

## ਸਰਦੀਆਂ ਦੇ ਮੌਸਮ ਲਈ 'ਬਿਊਟੀ ਟਿਪਸ'

**ਸ਼ਹਿਨਾਜ਼ ਹੁਸੈਨ**

ਸਰਦੀਆਂ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਮੌਸਮ 'ਚ ਕੱਪੜਿਆਂ ਦੇ ਨਾਲ-ਨਾਲ ਚਮੜੀ ਵੀ ਸੁੰਦਰ ਤੇ ਚਮਕਦਾਰ ਨਜ਼ਰ ਆਵੇ ਤਾਂ ਇਸ ਨਾਲ ਸੁੰਦਰਤਾ ਨੂੰ ਚਾਰ ਚੰਨ ਲੱਗ ਜਾਂਦੇ ਹਨ। ਇਹ ਵੀ ਸੱਚ ਹੈ ਕਿ ਜੇਕਰ ਚਮੜੀ 'ਤੇ ਨੀਰਸਤਾ ਜਾਂ ਰੁੱਖਾਪਨ ਹੋਵੇ ਤਾਂ ਇਸ ਨਾਲ ਪੂਰੀ ਦਿੱਖ ਖਰਾਬ ਹੋ ਸਕਦੀ ਹੈ। ਕਿਤੇ ਤੁਹਾਡੀ ਚਮੜੀ ਵੀ ਇਸ ਸਮੱਸਿਆ ਨਾਲ ਤਾਂ ਨਹੀਂ ਜੂਝ ਰਹੀ ਹੈ? ਕੀ ਤੁਸੀਂ ਵੀ ਦਮਕਦੀ ਅਤੇ ਆਕਰਸ਼ਕ ਚਮੜੀ ਦੇ ਤਰੀਕੇ ਲੱਭ ਰਹੇ ਹੋ?



**ਸ਼ਹਿਦ ਦਾ ਫੇਸ ਪੈਕ :** ਸ਼ਹਿਦ ਦੇ ਹਾਈਡ੍ਰੇਟਿੰਗ ਗੁਣ ਵੀ ਚਮੜੀ ਨੂੰ ਕੋਮਲ ਅਤੇ ਮੁਲਾਇਮ ਬਣਾਉਣ ਵਿਚ ਕਾਫ਼ੀ ਸਹਾਇਕ ਸਿੱਧ ਹੁੰਦੇ ਹਨ। ਇਕ ਭਾਂਡੇ ਵਿਚ ਦੋ ਤੋਂ ਤਿੰਨ ਚਮਚ ਸ਼ਹਿਦ ਲਓ ਅਤੇ ਉਸ ਵਿਚ ਦਹੀਂ ਮਿਲਾਓ। ਤੁਸੀਂ ਇਸ ਵਿਚ ਚੁਟਕੀ ਭਰ ਹਲਦੀ ਵੀ ਸ਼ਾਮਿਲ ਕਰ ਸਕਦੇ ਹੋ। ਇਸ ਪੈਕ ਨੂੰ ਚਿਹਰੇ 'ਤੇ ਲਗਾਓ ਅਤੇ ਕਰੀਬ 20 ਮਿੰਟ ਤੱਕ ਲੱਗਾ ਰਹਿਣ ਦਿਓ। ਇਕ ਵਾਰ ਲਾਉਣ ਨਾਲ ਹੀ ਤੁਹਾਡੀ ਚਮੜੀ ਵਿਚ ਕੋਮਲਤਾ ਦਾ ਅਹਿਸਾਸ ਹੋ ਜਾਵੇਗਾ।

**ਖੀਰੇ ਦਾ ਫੇਸ ਪੈਕ :** ਖੀਰੇ ਵਿਚ ਵੀ ਇਸ ਤਰ੍ਹਾਂ ਦੇ ਗੁਣ ਮੌਜੂਦ ਹੁੰਦੇ ਹਨ ਜੋ ਚਮੜੀ ਵਿਚ ਨਮੀ ਬਰਕਰਾਰ ਰੱਖਣ ਤੋਂ ਇਲਾਵਾ ਉਸ ਦੀ ਅੰਦਰੋਂ ਮੁਰੰਮਤ ਕਰਦੇ ਹਨ। ਖੀਰੇ ਵਿਚ ਚਾਵਲਾਂ ਦਾ ਪਾਊਡਰ ਅਤੇ ਪਪੀਤੇ ਨੂੰ ਮਿਲਾ ਕੇ ਮੈਸ਼ ਕਰੋ। ਤੁਸੀਂ ਇਸ ਵਿਚ ਓਟਸ ਅਤੇ ਨਿੰਬੂ ਦਾ ਰਸ ਵੀ ਮਿਲਾ ਸਕਦੇ ਹੋ। ਇਸ ਨੂੰ ਚਿਹਰੇ ਅਤੇ ਧੌਣ 'ਤੇ ਲਗਾਓ ਅਤੇ ਸੁੱਕਣ ਲਈ ਛੱਡ ਦਿਓ। ਕਰੀਬ ਅੱਧੇ ਘੰਟੇ ਬਾਅਦ ਇਸ ਨੂੰ ਠੰਢੇ ਪਾਣੀ ਨਾਲ ਧੋ ਲਓ। ਇਸ ਨਾਲ ਟੈਨਿੰਗ ਘੱਟ ਹੋਵੇਗੀ ਅਤੇ ਚਮੜੀ ਵਿਚ ਨਿਖਾਰ ਆਵੇਗਾ।



# CLASSIFIEDS & MATRIMONIALS



## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## CHANGE OF NAME

I, Amritpal Singh son of Kuldeep Singh resident of 10-8455 115 street Delta, BC, V4C 5N7, do hereby change my name from Amritpal Singh to Amritpal Singh Randhawa with immediate effect.

## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12


CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310


# ਮਿੱਠਾ ਜ਼ਹਿਰ ਸੋਸ਼ਲ ਮੀਡੀਆ


ਲੇਖਕ : ਭੁਪਿੰਦਰ ਫ਼ੌਜੀ
ਸੰਪਰਕ: 98143-98762




ਕੁਝ ਦਿਨ ਪਹਿਲਾਂ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਮਨ ਨੂੰ ਅੰਦਰ ਤੱਕ ਹਲੂਣ ਕੇ ਰੱਖ ਦਿੱਤਾ। ਸਾਰਾ ਦਿਨ ਇਹ ਹੀ ਸੋਚਦਾ ਰਿਹਾ ਕਿ ਕੀ ਹੋ ਰਿਹੈ, ਸਾਡੀ ਨਵੀਂ ਪੀੜ੍ਹੀ ਕਿੱਧਰ ਨੂੰ ਤੁਰ ਪਈ ਹੈ? ਪਲਾਂ ਵਿੱਚ ਸਾਰੇ ਰਿਸ਼ਤੇ ਤਾਰ-ਤਾਰ ਹੋ ਰਹੇ ਨੇ। ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਇਸ ਖਿੱਚ ਧੂਹ ਵਿੱਚ ਰਾਤੀ ਸੁੱਤੇ ਪਏ ਦੇ ਦਿਮਾਗ਼ ਵਿੱਚ ਕਈ ਸਵਾਲ ਹਥੌੜਿਆਂ ਵਾਂਗ ਵੱਜਦੇ ਰਹੇ। ਜਦੋਂ ਦਾ ਕਰੋਨਾ ਕਾਲ ਤੋਂ ਬੱਚਿਆਂ ਦੇ ਹੱਥ ਮੋਬਾਈਲ ਲੱਗਿਆ ਹੈ ਸੋਸ਼ਲ ਮੀਡੀਆ ਦੀਆਂ ਅਨੇਕਾਂ ਐਪ ਹੋਂਦ ਵਿੱਚ ਆਈਆਂ। ਇਸ ਨੂੰ ਬੱਚੇ ਚੋਰੀ ਛੁਪੇ ਵਰਤ ਰਹੇ ਹਨ, ਇਸ ਬਾਰੇ ਮਾਂ-ਬਾਪ ਨੂੰ ਵੀ ਪਤਾ ਨਹੀਂ ਲੱਗ ਰਿਹਾ।

ਮੈਂ ਹਰ ਰੋਜ਼ ਕਿੰਨੇ ਹੀ ਲੋਕਾਂ ਨੂੰ ਕੋਰਟ ਵਿੱਚ ਦੇਖਦਾ ਹਾਂ। ਕੁਝ ਜਾਣੇ ਪਛਾਣੇ ਚਿਹਰੇ ਹੁੰਦੇ ਹਨ ਤੇ ਕੁਝ ਨਵੇਂ। ਐਂਟਰੀਗੇਟ 'ਤੇ ਪੁਲੀਸ ਮੁਲਾਜ਼ਮਾਂ ਕੋਲ ਖੜ੍ਹਾ ਸੀ। ਲੋਕ ਆ ਜਾ ਰਹੇ ਸਨ। ਕੋਰਟ ਵਿੱਚ ਹਰ ਦਿਨ ਵਿਆਹ ਕਰਵਾ ਕੇ ਸੁਰੱਖਿਆ ਲੈਣ ਲਈ ਜੋੜੇ ਆਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਕੱਲ੍ਹ ਮੇਰੇ ਬੈਠਿਆਂ ਇੱਕ ਜੋੜਾ ਆਇਆ। ਉਨ੍ਹਾਂ ਦੇ ਮੂੰਹ ਰੁਮਾਲ ਨਾਲ ਬੰਨ੍ਹੇ ਹੋਏ ਸਨ। ਉਨ੍ਹਾਂ ਦੇ ਵਕੀਲ ਦਾ ਮੁਨਸ਼ੀ ਉਨ੍ਹਾਂ ਨਾਲ ਸੀ। ਪੁਲੀਸ ਮੁਲਾਜ਼ਮ ਨੇ ਉਨ੍ਹਾਂ ਨੂੰ ਮੂੰਹ ਤੋਂ ਰੁਮਾਲ ਉਤਾਰਨ ਲਈ ਕਿਹਾ ਤੇ ਮਹਿਲਾ ਮੁਲਾਜ਼ਮ ਨੇ ਕੁੜੀ ਦੀ ਤਲਾਸ਼ੀ ਲਈ। ਨਾਲ ਹੀ ਸਵਾਲ ਕਰ ਦਿੱਤਾ। ''ਕਿਵੇਂ ਆਏ ਹੋ?''

''ਜੀ ਵਿਆਹ ਕਰਵਾਉਣ ਲਈ।'' ਕੁੜੀ ਨੇ ਦੱਬੀ ਜਿਹੀ ਆਵਾਜ਼ ਵਿੱਚ ਕਿਹਾ। ਮੈਂ ਇਹ ਸੁਣ ਕੇ ਦੰਗ ਰਹਿ ਗਿਆ। ਕੁੜੀ ਇੰਝ ਲੱਗ ਰਹੀ ਸੀ ਜਿਵੇਂ ਅੱਠਵੀਂ ਨੌਵੀਂ ਜਮਾਤ ਦੀ ਵਿਦਿਆਰਥਣ ਹੋਵੇ। ਉਸ ਨਾਲ ਜਿਹੜਾ ਮੁੰਡਾ ਸੀ ਉਹ ਪੱਕੀ ਉਮਰ ਦਾ ਤੇ ਰੰਗ ਸਾਂਵਲਾ ਜਿਵੇਂ ਛੱਬੀ-ਸਤਾਈ ਸਾਲ ਦਾ ਲੱਗ ਰਿਹਾ ਸੀ। ਉਸ ਦੀਆਂ ਅੱਖਾਂ ਤੇ ਝਾਕਣੀ ਤੋਂ ਇੰਝ ਲੱਗ ਰਿਹਾ ਸੀ ਜਿਵੇਂ ਉਹ ਕੋਈ ਨਸ਼ਾ ਕਰਦਾ ਹੋਵੇ। ਉਸ ਦੇ ਮੁਕਾਬਲੇ ਕੁੜੀ ਦਾ ਕੋਈ ਵੀ ਮੇਲ ਨਹੀਂ ਸੀ, ਕੁੜੀ ਕਿਸੇ ਚੰਗੇ ਘਰ ਦੀ ਸੋਹਣੀ ਸੁਨੱਖੀ ਲੱਗਦੀ ਸੀ। ਮੇਰੇ ਮਨ ਅੰਦਰ ਹਲਚਲ ਜਿਹੀ ਪੈਦਾ ਹੋ ਗਈ। ਕੁੜੀ ਦਾ ਮੁੰਡੇ ਨਾਲ ਕੋਈ ਮੇਲ ਹੀ ਨਹੀਂ। ਕੁੜੀ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਕੋਰਟ ਵਿੱਚ ਵਿਆਹ ਨਹੀਂ ਹੁੰਦਾ ਸੁਰੱਖਿਆ ਹੀ ਮਿਲਦੀ ਹੈ। ਉਹ ਅਣਜਾਣ ਵਿਆਹ ਕਰਵਾਉਣ ਆਈ ਸੀ, ਨਾ ਵਕੀਲ ਉਨ੍ਹਾਂ ਨੂੰ ਕੁਝ ਦੱਸਦੇ ਨੇ। ਉਨ੍ਹਾਂ ਨੇ ਮੋਟੀਆਂ ਰਕਮਾਂ ਜੋ ਲੈਣੀਆਂ ਹੁੰਦੀਆਂ ਹਨ। ਅਨੇਕਾਂ ਸਵਾਲਾਂ ਨੇ ਮੇਰੇ ਦਿਮਾਗ਼ ਵਿੱਚ ਉਥਲ-ਪੁਥਲ ਮਚਾ ਦਿੱਤੀ। ਇਸ ਵਿਚਾਰੀ ਦੀ ਜ਼ਿੰਦਗੀ ਬਰਬਾਦ ਹੈ।

ਇਸ ਉਮਰ ਦੀਆਂ ਬੱਚੀਆਂ ਕਦੇ ਵੀ ਸਹੀ ਫ਼ੈਸਲਾ ਨਹੀਂ ਲੈ ਸਕਦੀਆਂ। ਉਨ੍ਹਾਂ ਨੂੰ ਨਾ ਹੀ ਸਮਝ ਹੁੰਦੀ ਹੈ। ਉਹ ਅਣਭੋਲ ਜਿਹੀਆਂ ਜਲਦੀ ਝਾਂਸੇ ਵਿੱਚ ਆ ਜਾਂਦੀਆਂ ਹਨ। ਹਵਾ ਵਿੱਚ ਉਸਾਰੇ ਮਹਿਲਾਂ ਦੇ ਸੁਫ਼ਨੇ ਦੇਖਣ ਲੱਗ ਜਾਂਦੀਆਂ ਹਨ। ਉਨ੍ਹਾਂ ਨੂੰ ਸਭ ਕੁਝ ਸਹੀ ਦਿਖਾਈ ਦਿੰਦਾ ਹੈ। ਉਹ ਮਾਂ-ਬਾਪ ਦੀ ਇੱਜ਼ਤ ਨੂੰ ਪਲਾਂ ਵਿੱਚ ਰੋਲ ਜਾਂਦੀਆਂ ਹਨ। ਉਨ੍ਹਾਂ ਨੂੰ ਸਾਲ ਭਰ ਦੀ ਮੁਹੱਬਤ ਤਾਂ ਬਹੁਤ ਵੱਡੀ ਲੱਗਦੀ ਹੈ, ਪਰ ਮਾਂ-ਬਾਪ ਦਾ ਪਿਆਰ ਬੌਣਾ ਦਿਖਾਈ ਦਿੰਦਾ ਹੈ। ਸਾਡੇ ਧਾਰਮਿਕ ਸਥਾਨਾਂ 'ਤੇ ਬੈਠਾ ਵਰਗ ਵੀ ਘੱਟ ਜ਼ਿੰਮੇਵਾਰ ਨਹੀਂ। ਉਹ ਪੈਸਿਆਂ ਦੇ ਲਾਲਚ ਵਿੱਚ ਕੁਝ ਵੀ ਨਹੀਂ ਦੇਖਦੇ, ਬਸ ਚਾਰ ਸ਼ਬਦ ਪੜ੍ਹ ਕੇ ਵਿਆਹ ਦਾ ਸਰਟੀਫਿਕੇਟ ਦੇ ਦਿੰਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਦੋਵੇਂ ਧਿਰਾਂ ਦੇ ਮਾਂ-ਬਾਪ ਦੀ ਸਹਿਮਤੀ ਤੋਂ ਬਿਨਾਂ ਅਜਿਹਾ ਕਾਰਜ ਕਰਨ ਦੀ ਮਨਾਹੀ ਕਰਨ। ਇਸੇ ਸਰਟੀਫਿਕੇਟ ਜ਼ਰੀਏ ਉਹ ਸੁਰੱਖਿਆ ਲੈਣ ਲਈ ਕੋਰਟ ਪਹੁੰਚ ਜਾਂਦੇ ਹਨ। ਫਿਰ ਵਕੀਲਾਂ ਵੱਲੋਂ ਬਣਾਈਆਂ ਮਨਘੜਤ ਕਹਾਣੀਆਂ ਵਿੱਚ ਕੁੜੀ ਦੇ ਮਾਪੇ ਉਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ। ਇਹ ਖਰੜਾ ਜੱਜ ਕੋਲ ਲੈ ਜਾਂਦੇ ਹਨ। ਉਨ੍ਹਾਂ ਨੂੰ ਮਜਬੂਰਨ ਸੁਰੱਖਿਆ ਦੇਣੀ ਪੈਂਦੀ ਹੈ। ਉਸ ਜੋੜੇ ਨੂੰ ਲੱਗਦਾ ਹੈ ਕਿ ਸਾਡਾ ਤਾਂ ਕੋਰਟ ਵਿੱਚ ਵਿਆਹ ਹੋ ਗਿਆ ਹੈ। ਆਮ ਭੋਲੀ-ਭਾਲੀ ਜਨਤਾ ਵੀ ਸੁਰੱਖਿਆ ਨੂੰ ਵਿਆਹ ਸਮਝ ਲੈਂਦੀ ਹੈ। ਜਦੋਂ ਕਿ ਕੋਰਟ ਧਾਰਮਿਕ ਸਥਾਨਾਂ 'ਤੇ ਹੋਏ ਵਿਆਹ ਦੇ ਦਿੱਤੇ ਸਰਟੀਫਿਕੇਟ ਉੱਤੇ ਹੀ ਸੁਰੱਖਿਆ ਦਿੰਦਾ ਹੈ।

ਜਿਵੇਂ ਹੀ ਉਸ ਕੁੜੀ ਦੇ ਮਾਪਿਆਂ ਨੂੰ ਪਤਾ ਲੱਗਿਆ ਤਾਂ ਉਹ ਕੁੜੀ ਦੀ ਭਾਲ ਵਿੱਚ ਕੋਰਟ ਪਹੁੰਚ ਗਏ। ਥੋੜ੍ਹਾ ਹੰਗਾਮਾ ਹੋਇਆ। ਕੁੜੀ ਤੇ ਮੁੰਡੇ ਨੂੰ ਕੋਰਟ ਦੇ ਅੰਦਰ ਬੈਠਾ ਦਿੱਤਾ। ਮਾਂ-ਬਾਪ ਤੇ ਦਾਦੀ ਜੱਜ ਸਾਹਿਬ ਦੇ ਪੇਸ਼ ਹੋ ਗਏ। ਜੱਜ ਨੇ ਉਨ੍ਹਾਂ ਨੂੰ ਕਿਹਾ, ''ਇਹ ਤਾਂ ਵਿਆਹ ਪਹਿਲਾਂ ਹੀ ਕਰਵਾਈ ਫਿਰਦੇ ਨੇ, ਆਹ ਗੁਰਦੁਆਰੇ ਦਾ ਸਰਟੀਫਿਕੇਟ ਹੈ। ਮੇਰੇ ਕੋਲ ਤਾਂ ਇਹ ਸੁਰੱਖਿਆ ਲੈਣ ਲਈ ਆਏ ਹਨ ਇਨ੍ਹਾਂ ਦੀ ਜਾਨ ਨੂੰ ਤੁਹਾਡੇ ਤੋਂ ਖ਼ਤਰਾ ਹੈ।'' ਕੁੜੀ-ਮੁੰਡੇ ਦੀ ਜੱਜ ਨੇ ਕਾਫ਼ੀ ਝਾੜਝੰਬ ਵੀ ਕੀਤੀ ਅਤੇ ਵਕੀਲ ਦੀ ਵੀ। ਕੁੜੀ ਨੇ ਮਾਪਿਆਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਪਲਾਂ ਵਿੱਚ ਉਨ੍ਹਾਂ ਦੇ ਲਾਡ-ਪਿਆਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਸਾਰੇ ਰਿਸ਼ਤੇ-ਨਾਤੇ ਗ਼ੈਰ ਬਣ ਗਏ। ਕੁੜੀ ਦਾ ਪਰਿਵਾਰ ਰੋਂਦਾ ਹੋਇਆ ਕੋਰਟ ਰੂਮ ਵਿੱਚੋਂ ਬਾਹਰ ਨਿਕਲਿਆ। ਉਨ੍ਹਾਂ ਦੇ ਇਸ ਦੁੱਖ ਨੂੰ ਮੈਂ ਬਿਆਨ ਨਹੀਂ ਕਰ ਸਕਦਾ। ਉਨ੍ਹਾਂ ਨੂੰ ਦੇਖ ਕੇ ਮੇਰਾ ਵੀ ਮਨ ਭਰ ਆਇਆ। ਜਿਵੇਂ ਮੇਰੇ ਆਪਣੇ ਹੀ ਬੱਚੇ ਨੇ ਕੋਈ ਗ਼ਲਤੀ ਕਰ ਦਿੱਤੀ ਹੋਵੇ। ਉੱਥੋਂ ਕਈ ਗੱਲਾਂ ਹੋਰ ਵੀ ਨਿਕਲ ਕੇ ਸਾਹਮਣੇ ਆਈਆਂ। ਮੁੰਡੇ ਦੀ ਉਮਰ ਬੱਤੀ ਸਾਲ ਅਤੇ ਕੁੜੀ ਦੀ ਉਮਰ ਸਾਢੇ ਅਠਾਰਾਂ ਸਾਲ। ਕੁੜੀ ਚੰਗੇ ਘਰ ਦੀ ਸੀ ਜੋ ਬੀ.ਕਾਮ ਦੇ ਪਹਿਲੇ ਸਾਲ ਦੀ ਵਿਦਿਆਰਥਣ ਸੀ। ਮੁੰਡਾ ਸੱਤ ਕਲਾਸਾਂ ਪੜ੍ਹਿਆ ਕਿਸੇ ਦੀ ਡਰਾਇਵਰੀ ਕਰਦਾ ਸੀ। ਇਨ੍ਹਾਂ ਦੇ ਇਸ ਪਿਆਰ-ਮੁਹੱਬਤ ਨੇ ਸੋਸ਼ਲ ਮੀਡੀਆ 'ਤੇ ਹੀ ਉਡਾਰੀ ਭਰੀ ਸੀ। ਉਸ ਕੁੜੀ ਦਾ ਮੁੰਡੇ ਨਾਲ ਕੋਈ ਮੇਲ ਨਹੀਂ ਜੋ ਮੈਨੂੰ ਪਹਿਲਾਂ ਹੀ ਰੜਕਿਆ ਸੀ।

ਮੈਂ ਇਹ ਵੀ ਦੇਖਦਾ ਰਹਿੰਦਾ ਹਾਂ ਕਿ ਅਜਿਹੇ ਰਿਸ਼ਤੇ ਬਹੁਤ ਘੱਟ ਪ੍ਰਵਾਨ ਚੜ੍ਹਦੇ ਹਨ। ਦੋ-ਚਾਰ ਮਹੀਨਿਆਂ ਬਾਅਦ ਫਿਰ ਇਹ ਕੋਰਟ ਦੇ ਦਰ 'ਤੇ ਦਸਤਕ ਦਿੰਦੇ ਹਨ ਜਾਂ ਮੌਤ ਗਲੇ ਲਗਾ ਲੈਂਦੇ ਹਨ। ਅੱਜਕੱਲ੍ਹ ਜੋ ਅਜਿਹੇ ਕੇਸ ਆ ਰਹੇ ਹਨ ਇਨ੍ਹਾਂ ਵਿੱਚ ਕੁੜੀਆਂ ਅੱਲੜ ਉਮਰ ਦੀਆਂ ਹੀ ਹਨ, ਮੁੰਡੇ ਨਸ਼ੇੜੀ ਕਿਸ਼ਮ ਦੇ ਹੁੰਦੇ ਹਨ। ਮਾਪਿਆਂ ਨੂੰ ਬੱਚਿਆਂ ਨਾਲ ਬੈਠ ਕੇ ਹਰ ਪੱਖ ਤੋਂ ਉਨ੍ਹਾਂ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ। ਸੋਸ਼ਲ ਮੀਡੀਆ 'ਤੇ ਹੁੰਦੇ ਝੂਠ-ਫਰੇਬ ਬਾਰੇ ਵੀ ਜਾਣਕਾਰੀ ਦੇਣੀ ਬਣਦੀ ਹੈ। ਉਨ੍ਹਾਂ ਨੂੰ ਮੋਬਾਈਲਾਂ ਵਿੱਚੋਂ ਆਪ ਨਿਕਲਕੇ ਬੱਚਿਆਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਇਕੱਲਾਪਣ ਦੂਰ ਹੋ ਸਕੇ। ਦਰਅਸਲ, ਹੁੰਦਾ ਇਹ ਹੈ ਕਿ ਜੇਕਰ ਘਰ ਦੇ ਚਾਰ ਮੈਂਬਰ ਹਨ ਤਾਂ ਚਾਰਾਂ ਦੇ ਹੱਥ ਵਿੱਚ ਮੋਬਾਈਲ ਹੁੰਦੇ ਹਨ। ਸਭ ਆਪਣੇ-ਆਪਣੇ ਐਪ ਖੋਲ੍ਹ ਕੇ ਠੂੰਗਾਂ ਮਾਰ ਰਹੇ ਹੁੰਦੇ ਹਨ ਜਿਵੇਂ ਮੋਬਾਈਲ ਹੀ ਹੁਣ ਉਨ੍ਹਾਂ ਦੇ ਰਿਸ਼ਤੇਦਾਰ ਹੋਣ। ਅੱਜਕੱਲ੍ਹ ਸਭ ਉੱਤੇ ਰੀਲਾਂ ਬਣਾਉਣ ਦਾ ਭੂਤ ਚੜ੍ਹਿਆ ਹੋਇਆ ਹੈ ਜੋ ਹਾਦਸਿਆਂ ਦਾ ਕਾਰਨ ਵੀ ਬਣ ਰਿਹਾ ਹੈ।

ਅਜਿਹੇ ਹਾਲਾਤ ਦਾ ਟਾਕਰਾ ਕਰਨ ਲਈ ਸਾਨੂੰ ਬੱਚਿਆਂ ਨੂੰ ਵੱਧ ਤੋਂ ਵੱਧ ਸਾਹਿਤਕ ਕਿਤਾਬਾਂ ਨਾਲ ਜੋੜਨਾ ਜ਼ਰੂਰੀ ਹੈ ਤਾਂ ਕਿ ਉਹ ਭਵਿੱਖ ਤੋਂ ਜਾਣੂ ਹੋ ਸਕਣ। ਇਸ ਲਈ ਪਹਿਲਾਂ ਸਾਨੂੰ ਆਪ ਨੂੰ ਵੀ ਕਿਤਾਬਾਂ ਨਾਲ ਜੁੜਨਾ ਪਵੇਗਾ ਤਾਂ ਹੀ ਬੱਚੇ ਕਿਤਾਬਾਂ ਨੂੰ ਹੱਥ ਪਾਉਣਗੇ। ਬੱਚਿਆਂ ਨੂੰ ਖੇਡਾਂ ਦੇ ਮੈਦਾਨ ਵੱਲ ਵੀ ਲਿਜਾਣਾ ਜ਼ਰੂਰੀ ਬਣ ਗਿਆ ਹੈ। ਜਿੱਥੇ ਉਨ੍ਹਾਂ ਨੇ ਮੈਦਾਨ ਵਿੱਚ ਖੇਡਾਂ-ਖੇਡਣੀਆਂ ਸਨ, ਹੁਣ ਉਹ ਮੋਬਾਈਲ 'ਤੇ ਖੇਡਦੇ ਹਨ। ਮੋਬਾਈਲ ਦੀ ਗ੍ਰਿਫ਼ਤ ਤੋਂ ਬੱਚਿਆਂ ਨੂੰ ਆਜ਼ਾਦ ਕਰਵਾਉਣਾ ਸਮੇਂ ਦੀ ਲੋੜ ਹੈ। ਸੋਸ਼ਲ ਮੀਡੀਆ ਜ਼ਹਿਰ ਪੀਣ ਦੇ ਬਰਾਬਰ ਹੈ। ਸਰਕਾਰਾਂ ਨੂੰ ਵੀ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਆਸਟ੍ਰੇਲੀਆ ਦੀ ਤਰ੍ਹਾਂ ਸੋਲ੍ਹਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ ਤਾਂ ਜੋ ਨਵੀਂ ਪੀੜ੍ਹੀ ਦਾ ਘਾਣ ਨਾ ਹੋਵੇ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਪੰਜਾਬੀਆਂ ਦੀ ਚੁੱਪ ਹੀ ਪੰਜਾਬ ਲਈ ਖ਼ਤਰਾ

**ਵਲੋਂ : ਗੁਰਮੀਤ ਸਿੰਘ ਪਲਾਹੀ ਫੋਨ: 98158-02070**

ਪੰਜਾਬ ਨਾਲ ਵਿਤਕਰੇ ਜਾਰੀ ਹਨ। ਪੰਜਾਬ ਨਾਲ ਹੋ ਰਹੇ ਵਿਤਕਰਿਆਂ ਖ਼ਾਸ ਕਰਕੇ ਤਤਕਾਲੀ 10 ਏਕੜ ਚੰਡੀਗੜ੍ਹ ਯੂਟੀ ਦੀ ਜ਼ਮੀਨ ਦੇ ਬਦਲੇ ਵਿੱਚ ਪੰਚਕੂਲਾ ਦੀ ਜ਼ਮੀਨ ਯੂਟੀ ਚੰਡੀਗੜ੍ਹ ਨੂੰ ਦੇਣ ਦੇ ਮੁੱਦੇ (ਇਸ ਜ਼ਮੀਨ 'ਤੇ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਉਸਾਰੀ ਜਾਣੀ ਹੈ) ਪ੍ਰਤੀ ਸੰਜੀਦਾ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਦੇ ਪੰਜਾਬ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਭਾਵੇਂ ਚਿੰਤਾ ਪ੍ਰਗਟ ਕੀਤੀ ਹੈ। ਪਰ ਕੀ ਸੱਚਮੁੱਚ ਸਿਆਸੀ ਪਾਰਟੀਆਂ ਪੰਜਾਬ ਪ੍ਰਤੀ ਸੰਜੀਦਾ ਹਨ ਜਾਂ ਫਿਰ ਫੋਕੀ ਬਿਆਨਬਾਜ਼ੀ ਤੱਕ ਸੀਮਤ ਹਨ? ਹਰਿਆਣਾ ਨੂੰ ਚੰਡੀਗੜ੍ਹ 'ਚ 10 ਏਕੜ ਜ਼ਮੀਨ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਦੇਣ 'ਤੇ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਨੇ ਕਰੜਾ ਵਿਰੋਧ ਕੀਤਾ ਹੈ। ਅਤੇ ਇਸ ਫ਼ੈਸਲੇ ਨੂੰ ਅਨਿਆਂ ਪੂਰਨ, ਗੈਰ-ਕਾਨੂੰਨੀ, ਗੈਰਸੰਵਿਧਾਨਿਕ ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਘੋਰ ਉਲੰਘਣਾ ਕਿਹਾ ਹੈ। ਉਹਨਾ ਨੇ ਪੰਜਾਬ ਹਿਤੈਸ਼ੀ ਹੋਰ ਸਿਆਸੀ ਪਾਰਟੀਆਂ ਨਾਲ ਮਿਲਕੇ ਸਾਂਝੇ ਤੌਰ 'ਤੇ ਪੰਜਾਬ ਦੀਆਂ ਹੱਕੀ ਮੰਗਾਂ, ਮਸਲਿਆਂ 'ਤੇ ਸਾਂਝਾ ਸੰਘਰਸ਼ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਕੀ ਇੰਜ ਸੰਭਵ ਹੋ ਸਕੇਗਾ ਜਾਂ ਫਿਰ ਸਿਆਸੀ ਪਾਰਟੀਆਂ ਜਾਂ ਉਹਨਾ ਦੇ ਨੇਤਾ ਸਿਰਫ਼ ਆਪਣੀ ਸਵਾਰਥ ਸਿੱਧੀ ਤੱਕ ਆਪਣੇ ਆਪ ਨੂੰ ਸੀਮਤ ਕਰ ਲੈਣਗੇ? ਪੰਜਾਬ ਨਾਲ ਕੇਂਦਰ ਲਗਾਤਾਰ ਹੁਣ ਤੱਕ ਧੱਕਾ ਕਰਦਾ ਰਿਹਾ ਹੈ। ਕੇਂਦਰ 'ਚ ਸਰਕਾਰ ਭਾਵੇਂ ਕਾਂਗਰਸ ਦੀ ਰਹੀ, ਭਾਵੇਂ ਹੁਣ ਭਾਜਪਾ ਦੀ ਹੈ, ਪੰਜਾਬ ਨਾਲ ਮਤਰੇਰਿਆ ਸਲੂਕ ਜਾਰੀ ਹੈ। ਸਾਲ 1966 ਵਿੱਚ ਕੇਂਦਰ ਸਰਕਾਰ ਦੀਆਂ ਮੰਦੀਆਂ ਭਾਵਨਾਵਾਂ ਕਰਕੇ ਹੀ ਪੰਜਾਬ ਪੁਨਰਗਠਨ ਸਮੇਂ ਪੰਜਾਬ ਨੂੰ ਬੇਹੱਦ ਅਧੂਰਾ ਕੱਟਿਆ-ਵੱਢਿਆ ਸੂਬਾ ਬਣਾਇਆ ਗਿਆ। ਪੰਜਾਬ ਨੂੰ ਹੁਣ ਤੱਕ ਵੀ ਚੰਡੀਗੜ੍ਹ ਰਾਜਧਾਨੀ ਤੋਂ ਵਿਰਵਾ ਰੱਖਿਆ ਗਿਆ। ਪਰ ਬੀਤੇ ਸਮੇਂ 'ਚ ਸਿਆਸੀ ਪਾਰਟੀਆਂ ਸੀਮਤ ਜਿਹਾ ਵਿਰੋਧ ਕਰਕੇ, ਕੁੰਭਕਰਨੀ ਨੀਂਦਰ ਸੁੱਤੀਆਂ ਰਹੀਆਂ। 1966 ਵਿੱਚ ਜਦੋਂ ਹਰਿਆਣਾ ਪੰਜਾਬ ਵਿੱਚੋਂ ਵੱਖਰਾ ਸੂਬਾ ਬਣਾਇਆ ਗਿਆ ਸੀ, ਉਸ ਸਮੇਂ ਹੀ ਪੰਚਕੂਲਾ ਵਿੱਚ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਬਣਾਈ ਜਾਣੀ ਚਾਹੀਦੀ ਸੀ। ਇਹ ਵਾਅਦਾ ਵੀ ਪੁਨਗਠਨ ਐਕਟ ਵਿੱਚ ਕੇਂਦਰ ਵਲੋਂ ਕੀਤਾ ਗਿਆ ਸੀ ਕਿ ਕੁਝ ਸਮੇਂ ਬਾਅਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ। ਜਦੋਂ ਤੱਕ ਹਰਿਆਣਾ ਆਪਣੀ ਰਾਜਧਾਨੀ ਨਹੀਂ ਬਣਾਉਂਦਾ ਉਦੋਂ ਤੱਕ ਚੰਡੀਗੜ੍ਹ ਯੂਟੀ ਹੀ ਰਹੇਗਾ। ਪਰ ਪੰਜਾਬ ਨੂੰ ਚੰਡੀਗੜ੍ਹ ਨਾ ਦਿੱਤਾ ਗਿਆ, ਉਸਦੇ ਬਣਦੇ ਹੱਕ ਵੀ ਨਹੀਂ ਦਿੱਤੇ ਗਏ, ਸਗੋਂ ਕਈ ਹਾਲਤਾਂ 'ਚ ਇਹ ਹੱਕ ਹਥਿਆਏ ਜਾਂਦੇ ਰਹੇ। ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਨਾ ਕੀਤੇ ਗਏ। ਉਹ ਮਸਲੇ, ਜਿਹੜੇ ਪੰਜਾਬ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ, ਬੀਤੇ ਸਮੇਂ ਜਿਹਨਾ ਕਾਰਨ ਪੰਜਾਬੀਆਂ ਨੂੰ ਡੂੰਘੇ ਜ਼ਖ਼ਮ ਲੱਗੇ ਹਨ, ਉਹਨਾ ਉਤੇ ਮੱਲ੍ਹਮ ਤਾਂ ਕਿਸੇ ਸਰਕਾਰ ਨੇ ਕੀ ਲਗਾਉਣੀ ਸੀ, ਸਗੋਂ ਉਹਨਾ ਜ਼ਖ਼ਮਾਂ ਨੂੰ ਕੁਰੇਦਿਆ ਗਿਆ। ਇਸ ਸਭ ਕੁਝ ਦਾ ਸਿੱਟਾ ਫਿਰ ਇਹੋ ਨਿਕਲਿਆ ਕਿ ਪੰਜਾਬ ਦਾ, ਪੰਜਾਬੀਆਂ ਦਾ, ਕੇਂਦਰ ਪ੍ਰਤੀ ਮੋਹ ਭੰਗ ਹੁੰਦਾ ਰਿਹਾ। ਕੇਂਦਰ ਨਾਲ ਦਿਲੋਂ-ਮਨੋਂ ਵਿਰੋਧ ਵਧਦਾ ਰਿਹਾ। ਸਿੱਟਾ ਕਈ ਤੱਤੀਆਂ ਲਹਿਰਾਂ ਦਾ ਪੰਜਾਬ 'ਚ ਜਨਮ ਹੋਇਆ। ਸੈਂਕੜੇ ਨਹੀਂ ਹਜ਼ਾਰਾਂ ਨੌਜਵਾਨ ਇਹਨਾ ਲਹਿਰਾਂ ਸਮੇਂ ਮੌਤ ਦੇ ਘਾਟ ਉਤਾਰ ਦਿੱਤੇ ਗਏ। ਗੱਲ ਪੰਜਾਬੀਆਂ ਵਲੋਂ ਕੀਤੇ ਗਏ ਪਿਛੇ ਜਿਹੇ ਕਿਸਾਨ ਅੰਦੋਲਨ ਦੀ ਕਰ ਲਈਏ ਜਾਂ ਫਿਰ ਐਮਰਜੈਂਸੀ ਦੌਰਾਨ ਲਗਾਏ "ਅਕਾਲੀ ਮੋਰਚੇ" ਦੀ, ਪੰਜਾਬੀਆਂ ਨੇ ਹਿੱਕ ਡਾਹਕੇ ਕੇਂਦਰ ਦੀਆਂ ਪੰਜਾਬ ਤੇ ਪੰਜਾਬੀਆਂ ਪ੍ਰਤੀ ਕੀਤੀਆਂ ਸਾਜ਼ਿਸ਼ਾਂ ਨੂੰ ਹੀ ਨੰਗਿਆ ਨਹੀਂ ਕੀਤਾ, ਸਗੋਂ ਦੁਨੀਆ ਨੂੰ ਵਿਖਾ ਦਿੱਤਾ ਕਿ ਪੰਜਾਬੀ, "ਦੇਸ਼ ਭਾਰਤ" ਦੇ ਸੰਵਿਧਾਨ ਨੂੰ ਮੰਨਦਿਆਂ, ਆਮ ਲੋਕਾਂ ਦੇ ਹੱਕਾਂ ਲਈ ਲੜਨ ਦੀ ਜ਼ੁਰੱਅਤ ਰੱਖਦੇ ਹਨ, ਜ਼ੁਲਮ ਅਤੇ ਧੱਕੇਸ਼ਾਹੀ ਵਿਰੁੱਧ ਹਿੱਕ ਡਾਹਕੇ ਲੜਦੇ ਹਨ, ਕੁਰਬਾਨੀਆਂ ਕਰਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਲੋਕ-ਹੱਕਾਂ ਲਈ ਖੜਦਿਆਂ ਸੈਂਕੜੇ ਨਹੀਂ ਹਜ਼ਾਰਾਂ ਪੰਜਾਬੀਆਂ ਨੇ ਸ਼ਹਾਦਤ ਦੇ ਜਾਮ ਪੀਤੇ। 2020 ਦੇ ਕਿਸਾਨ ਅੰਦੋਲਨ 'ਚ ਸੱਤ ਸੌ ਤੋਂ ਵੱਧ ਕਿਸਾਨਾਂ ਨੇ ਆਪਣੇ ਹੱਕਾਂ ਦੀ ਪ੍ਰਾਪਤੀਆਂ ਲਈ ਲੜਦਿਆਂ ਜਾਨ ਦੇ ਦਿੱਤੀ। ਕੀ ਪੰਜਾਬ, ਪੰਜਾਬੀ ਕੁਰਬਾਨੀਆਂ ਹੀ ਦਿੰਦੇ ਰਹਿਣਗੇ ਜਾਂ ਕਦੇ ਸੁੱਖ ਦਾ ਸਾਹ ਵੀ ਲੈ ਸਕਣਗੇ? ਸਿਰਫ਼ ਇਹੋ ਨਹੀਂ ਕਿ ਪੰਜਾਬ ਤੋਂ ਪੰਜਾਬੀਆਂ ਦੀ ਰਾਜਧਾਨੀ ਖੋਹ ਲਈ ਗਈ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ ਦੀ ਰਾਜਧਾਨੀ ਲਾਹੌਰ, (ਪਾਕਿਸਤਾਨ) ਇਧਰਲੇ ਪੰਜਾਬ ਤੋਂ ਖੁਸ ਗਈ। ਪੰਜਾਬ ਦੇ 22 ਪਿੰਡਾਂ ਨੂੰ ਪੰਜਾਬ ਦੀ ਰਾਜਧਾਨੀ ਬਨਾਉਣਾ ਮਿਥਿਆ ਗਿਆ। ਚੰਡੀਗੜ੍ਹ ਇਹਨਾ ਪਿੰਡਾਂ ਨੂੰ ਉਜਾੜ ਕੇ 1953 'ਚ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ। ਸ਼ਿਮਲਾ, ਜੋ ਕਦੇ ਪੰਜਾਬ ਦੀ ਆਰਜ਼ੀ ਰਾਜਧਾਨੀ ਹੋਇਆ ਕਰਦੀ ਸੀ, ਹਿਮਾਚਲ ਪ੍ਰਦੇਸ਼ ਪੱਲੇ ਪਾ ਦਿੱਤਾ ਗਿਆ। ਸਾਲ 1966 'ਚ ਪੁਨਰਗਠਨ ਵੇਲੇ ਚੰਡੀਗੜ੍ਹ ਹਰਿਆਣਾ ਦੀ ਆਰਜ਼ੀ ਰਾਜਧਾਨੀ ਬਣਾਈ ਗਈ ਤੇ ਆਰਜ਼ੀ ਤੌਰ 'ਤੇ ਨਾਲ ਹੀ ਚੰਡੀਗੜ੍ਹ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਿਆ। ਪਰ ਲਗਭਗ 6 ਦਹਾਕੇ ਬੀਤਣ ਬਾਅਦ ਵੀ ਪੰਜਾਬ ਦੇ ਨਾਲ-ਨਾਲ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਹੈ। ਤੇ ਚੰਡੀਗੜ੍ਹ ਪੱਕੇ ਤੌਰ 'ਤੇ ਹੀ ਕੇਂਦਰ ਸ਼ਾਸ਼ਿਤ ਪ੍ਰਦੇਸ਼ ਅਣ-ਐਲਾਨੇ ਤੌਰ 'ਤੇ ਮੰਨਿਆ ਜਾ ਚੁੱਕਾ ਹੈ। ਕੀ ਇਹ ਕੇਂਦਰੀ ਹਾਕਮੀ ਦੀ ਹੱਠਧਰਮੀ ਨਹੀਂ? ਕੀ ਇਸ ਹੱਠਧਰਮੀ ਨੂੰ ਤੋੜਨ ਲਈ ਕਿਸੇ ਕਾਂਗਰਸੀ, ਗੈਰ-ਕਾਂਗਰਸੀ ਸਰਕਾਰ ਨੇ ਦੂਰਅੰਦੇਸ਼ੀ, ਪ੍ਰਤੀਬੱਧਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਚੰਡੀਗੜ੍ਹ ਦੀ ਪ੍ਰਾਪਤੀ ਲਈ ਕੋਈ ਯਤਨ ਕੀਤੇ? ਚੰਡੀਗੜ੍ਹ ਅੱਜ ਕੇਂਦਰ ਅਧੀਨ ਹੈ। ਉਥੇ 60:40 ਅਨੁਪਾਤ ਨਾਲ ਪੰਜਾਬ ਦੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਣੀ ਤਹਿ ਸੀ, ਪਰ ਇਸ ਤੋਂ ਵੀ ਅੱਜ ਮੁਨਕਰ ਹੋਇਆ ਜਾ ਰਿਹਾ ਹੈ। ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਵੀ ਪੰਜਾਬ ਤੋਂ ਖੋਹਣ ਦਾ ਲਗਾਤਾਰ ਯਤਨ ਹੋ ਰਿਹਾ ਹੈ। ਪੰਜਾਬ ਦਾ ਅਧਿਕਾਰ ਉਸ ਉਤੇ ਖ਼ਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਕੀ ਪੰਜਾਬ ਹਿਤੈਸ਼ੀ "ਸੂਰਮੇ ਨੇਤਾ" ਕੇਂਦਰ ਦੀਆਂ ਚਾਲਾਂ ਤੋਂ ਜਾਣੂ ਨਹੀਂ? ਜਾਂ ਫਿਰ ਜਾਣ ਬੁਝਕੇ ਅਵੇਸਲੇ ਹੋਏ, ਇੱਛਾ ਸ਼ਕਤੀ ਤੋਂ ਹੀਣੇ, ਡੰਗ-ਟਪਾਈ ਕਰਦਿਆਂ ਭਾਸ਼ਨਾਂ ਤੱਕ ਆਪਣੇ ਆਪ ਨੂੰ ਸੀਮਤ ਰੱਖ ਰਹੇ ਹਨ? ਪੰਜਾਬ ਦੇ ਪਾਣੀ ਪੰਜਾਬ ਤੋਂ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਬਾਵਜੂਦ ਪੰਜਾਬ ਵਿਧਾਨ ਸਭਾ 'ਚ ਸਿਆਸੀ ਪਾਰਟੀਆਂ ਵਲੋਂ ਸਰਬਸੰਮਤੀ ਮਤੇ ਪਾਸ ਕਰਕੇ ਕੇਂਦਰ ਨੂੰ ਭੇਜਣ ਦੇ ਬਾਵਜੂਦ ਕਦੇ ਵੀ ਕੇਂਦਰ ਸਰਕਾਰ ਦੇ ਸਿਰ 'ਤੇ ਕਦੇ ਜੂੰ ਨਹੀਂ ਸਰਕੀ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹੱਕ ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਹਨ ਪਰ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਬਿਨ੍ਹਾਂ ਕੀਮਤੋਂ ਇਹ ਪਾਣੀ ਦਿੱਤਾ ਜਾ ਰਿਹਾ ਹੈ। ਦਰਿਆਈ ਟ੍ਰਿਬਿਊਨਲ ਜਾਂ ਭਾਰਤ ਦੀ ਸੁਪਰੀਮ ਕੋਰਟ ਸਾਜ਼ਿਸ਼ਾਂ ਤਹਿਤ ਪੰਜਾਬ ਦੇ ਪਾਣੀ ਖੋਹਣ ਦੇ ਯਤਨ ਹੋ ਰਹੇ ਹਨ। ਕਦੇ ਪੰਜਾਬ ਵਿਰੋਧੀ ਐਕਟਿੰਗ ਪ੍ਰਧਾਨ ਮੰਤਰੀ ਗੁਲਜਾਰੀ ਲਾਲ ਨੰਦਾ ਦੀ ਬਦਨੀਤੀ ਨੇ ਪੰਜਾਬ ਲਈ ਚੰਡੀਗੜ੍ਹ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਰੱਖਕੇ ਕੰਡੇ ਬੀਜੇ ਅਤੇ ਹੁਣ ਭਾਰਤ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਹਰਿਆਣਾ ਦੀ ਵਿਧਾਨ ਸਭਾ ਚੰਡੀਗੜ੍ਹ 'ਚ ਬਨਾਉਣ ਦਾ ਸੇਹ ਦਾ ਤੱਕਲਾ ਪੰਜਾਬ ਦੀ ਛਾਤੀ 'ਚ ਖੁਭੋ ਰਿਹਾ ਹੈ। ਕੀ ਪੰਜਾਬੀ ਤੇ ਪੰਜਾਬ ਇਸ ਬੇਇਨਸਾਫ਼ੀ ਨੂੰ ਬਰਦਾਸ਼ਤ ਕਰਨਗੇ? ਜਵਾਬ ਹੈ ਕਦਾਚਿਤ ਨਹੀਂ। ਪੰਜਾਬ ਸਰਹੱਦੀ ਸੂਬਾ ਹੈ। ਕਈ ਵੇਰ ਉਜੜਿਆ ਹੈ, ਫਿਰ ਉਸਰਿਆ ਹੈ। ਖਾੜਕੂ ਲਹਿਰ ਦਾ ਸੰਤਾਪ ਵੀ ਇਸ ਸੂਬੇ ਨੇ ਝੱਲਿਆ ਹੈ। ਵੱਡੇ ਦਰਦ ਵੀ ਇਸ ਨੇ ਆਪਣੇ ਸੀਨੇ 'ਤੇ ਜਰੇ ਹਨ। ਸੰਤਾਲੀ ਦੀ ਵੰਡ, 1984 ਦੇ ਦਰਦਨਾਕ ਹਾਦਸੇ, ਸ੍ਰੀ ਹਰਿਮੰਦਰ ਸਾਹਿਬ ਉਤੇ ਕੇਂਦਰੀ ਹਮਲਾ ਅਤੇ ਫਿਰ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਹੋਣ ਦਾ ਖਿਤਾਬ, ਕਿਸਾਨ ਅੰਦੋਲਨ ਤੱਕ ਵੀ ਕੇਂਦਰ ਦੀਆਂ ਸਰਕਾਰਾਂ ਉਹਨਾ ਪੱਲੇ ਪਾਉਂਦੀਆਂ ਰਹੀਆਂ ਹਨ। ਪਰ ਕੀ ਕੇਂਦਰ ਵਲੋਂ ਇਸ ਸਰਹੱਦੀ ਸੂਬੇ ਦੀ ਖੁਸ਼ਹਾਲੀ ਲਈ ਕਦੇ ਕੋਈ ਕਦਮ ਚੁੱਕੇ ਗਏ? ਕੀ ਹਿਮਾਚਲ ਪ੍ਰਦੇਸ਼ ਜਾਂ ਹੋਰ ਸੂਬਿਆਂ ਵਾਂਗਰ ਪੰਜਾਬ ਨੂੰ ਸਨੱਅਤੀ ਸਹੂਲਤਾਂ ਪ੍ਰਦਾਨ ਹੋਈਆਂ, ਕੋਈ ਖ਼ਾਸ ਰਿਐਤਾਂ ਪ੍ਰਦਾਨ ਕੀਤੀਆਂ? ਉਲਟਾ ਅੱਤਵਾਦ ਦੇ ਨਾਂਅ ਤੇ, ਮਨੁੱਖੀ ਅਧਿਕਾਰਾਂ ਦਾ ਹਨਨ ਪੰਜਾਬੀਆਂ ਪੱਲੇ ਪਿਆ। ਇਸ ਖਾੜਕੂ ਲਹਿਰ ਨੂੰ ਰੋਕਣ ਲਈ ਕੇਂਦਰ ਸੁਰੱਖਿਆ ਬਲਾਂ ਦਾ ਖਰਚਾ ਪੰਜਾਬ ਸਿਰ ਮੜ੍ਹ ਦਿੱਤਾ ਗਿਆ। ਇਹੋ ਜਿਹੀਆਂ ਬੇਹੂਦਾ, ਪੰਜਾਬ ਵਿਰੋਧੀ ਕੇਂਦਰੀ ਹਰਕਤਾਂ ਕਾਰਨ ਪੰਜਾਬੀਆਂ ਦੇ ਮਨਾਂ 'ਚ ਰੋਸ ਪੈਦਾ ਹੋਇਆ। ਪੰਜਾਬ ਦਾ ਨੌਜਵਾਨ ਉਦਾਸ, ਹਤਾਸ਼ ਹੋਇਆ। ਪ੍ਰਵਾਸ ਦੇ ਰਾਹ ਪਿਆ। ਬੇਰੁਜ਼ਗਾਰੀ ਦਾ ਸ਼ਿਕਾਰ ਨਸ਼ਿਆਂ ਦੀ ਮਾਰ ਹੇਠ ਦੱਬਿਆ ਗਿਆ। ਕੀ ਕਦੇ ਕਿਸੇ ਕੇਂਦਰੀ ਸਰਕਾਰ ਜਾਂ ਫਿਰ ਪੰਜਾਬ ਹਿਤੈਸ਼ੀ ਕਹਾਉਂਦੀ ਸੂਬਾ ਸਰਕਾਰ ਨੇ ਪੰਜਾਬੀਆਂ ਦਾ ਇਹ ਦਰਦ ਪਛਾਣਿਆ? ਸਮਝਣ ਦਾ ਯਤਨ ਕੀਤਾ? ਸ਼ਾਇਦ ਕਦੇ ਵੀ ਨਹੀਂ। ਅੱਜ ਜਦੋਂ ਪੰਜਾਬੀ ਮਜ਼ਬੂਰੀ ਤੌਰ ਪ੍ਰਵਾਸ ਦੇ ਰਾਹ ਪਏ ਹੋਏ ਹਨ। ਲੱਖਾਂ ਪੰਜਾਬੀ ਨੌਜਵਾਨ ਵਿਦੇਸ਼ਾਂ 'ਚ ਵਸ ਰਹੇ ਹਨ। ਪੰਜਾਬ, ਪੰਜਾਬੀਆਂ ਤੋਂ ਸਾਜ਼ਿਸ਼ਨ ਸੱਖਣਾ ਕੀਤਾ ਜਾ ਰਿਹਾ ਹੈ। ਉਹਨਾ ਦੀ ਅਣਖ ਨੂੰ ਵੰਗਾਰਿਆ ਜਾ ਰਿਹਾ ਹੈ। ਪੰਜਾਬੀਆਂ ਦੀ ਥਾਂ ਹੋਰ ਸੂਬਿਆਂ ਦੇ ਲੋਕਾਂ ਦਾ ਇਥੇ ਪੱਕਾ ਵਸੇਵਾ ਕਰਵਾਇਆ ਜਾ ਰਿਹਾ ਹੈ। ਪੰਜਾਬ ਦੀ ਬੋਲੀ '''ਪੰਜਾਬੀ' ਅਤੇ ਪੰਜਾਬ ਦਾ ਸਭਿਆਚਾਰ ਮਿਲਾਵਟੀ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਹੱਕ ਖੋਹਣ ਦੀਆਂ ਯੋਜਨਾਵਾਂ ਨਿੱਤ ਬਣਦੀਆਂ ਹਨ, ਜੋ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਕਰਨ ਯੋਗ ਨਹੀਂ ਹਨ। ਤਦ ਫਿਰ ਪੰਜਾਬ ਹਿਤੈਸ਼ੀ ਸਿਆਸੀ ਪਾਰਟੀਆਂ ਦੀ ਇੱਕਜੁੱਟਤਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ ਤਾਂ ਕਿ ਪੰਜਾਬ ਵਿਰੋਧੀ ਲਾਬੀ ਨੂੰ ਮਾਤ ਦਿੱਤੀ ਜਾ ਸਕੇ। ਜੇਕਰ ਅੱਜ ਵੀ ਪੰਜਾਬੀ ਰੋਸ ਨਹੀਂ ਪ੍ਰਗਟਾਉਂਦੇ, ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ, ਪੰਜਾਬ ਦੇ ਮਜ਼ਦੂਰ ਸੰਗਠਨ, ਸਿਆਸੀ ਧਿਰਾਂ, ਸਮਾਜਿਕ ਕਾਰਕੁੰਨ, ਲੇਖਕ, ਬੁੱਧੀਜੀਵੀ ਪੰਜਾਬ ਦੇ ਹੱਕਾਂ ਲਈ ਨਹੀਂ ਖੜਦੇ, ਤਾਂ ਪੰਜਾਬ ਦੀ ਹੋਂਦ ਖਤਰੇ 'ਚ ਪੈ ਜਾਏਗੀ। ਕੀ ਜਰਖੇਜ਼ ਧਰਤੀ ਦੇ ਵਸ਼ਿੰਦੇ, ਲੋਕਾਂ ਲਈ ਮਰਨ ਖੜਨ ਵਾਲੇ ਅਣਖੀ ਪੰਜਾਬੀ, ਪੰਜਾਬ ਦੀ ਧਰਤੀ ਤੇ ਲਿਖਿਆ ਜਾ ਰਿਹਾ ਦੁਖਾਂਤਕ ਬਿਰਤਾਂਤ ਹੁਣ ਵੀ ਨਹੀਂ ਪੜ੍ਹਨਗੇ? ਕਿੰਨਾ ਕੁ ਚਿਰ ਸੁੱਤਉਨੀਂਦੇ, ਬਿੱਲੀ ਦੀ ਆਮਦ 'ਤੇ ਚੂਹੇ ਦੇ ਅੱਖਾਂ ਮਿਟਣ ਵਾਂਗਰ, ਆਪਣੀ ਬੇ-ਨਿਆਈ ਮੌਤ ਦਾ ਇੰਤਜ਼ਾਰ ਕਰਨਗੇ? ਪੰਜਾਬ ਦੇ ਲਿਖੇ ਇਤਿਹਾਸ ਦੇ ਕਾਲੇ ਪੰਨਿਆਂ 'ਤੇ ਝਾਤ ਮਾਰਦਿਆਂ ਪੰਜਾਬੀਆਂ ਨੂੰ ਆਪਣੀ ਸੋਚ ਨੂੰ ਥਾਂ ਸਿਰ ਕਰਕੇ ਕੁਝ ਸਾਰਥਿਕ ਕਦਮ ਤਾਂ ਪੁੱਟਣੇ ਹੀ ਪੈਣਗੇ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਸਾਂਹਵੇ ਹੁਣ ਦੇ ਪੰਜਾਬੀਆਂ ਨੂੰ ਸ਼ਰਮਸਾਰ ਹੋਣਾ ਪਵੇਗਾ। ਸਿਰਫ਼ ਹਾਅ ਦਾ ਨਾਹਰਾ ਮਾਰਿਆਂ ਨਹੀਂ ਸਰਨਾ। ਕੋਈ ਸੰਘਰਸ਼ ਕੀਤਿਆਂ ਹੀ ਸਿੱਟੇ ਨਿਕਲ ਸਕਣਗੇ।

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572


I Wish you and your loved ones a very
Merry Christmas
and new year filled with fun, cheer and special
holiday magic
SUKH DHALIWAL MP
SURREY - NEWTON
#202 - 12992 76 Avenue
Surrey, British Columbia
V3W 2V6
Ph.: 604.598.2200
E-mail : sukh.dhaliwal@parl.gc.ca


MERRY
Christmas
AND HAPPY NEW YEAR
Since TEJA 1955
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ
ਅਤੇ ਭਾਰਤੀ ਮਸਾਲੇ
ਲੈਣ ਲਈ ਅੱਜ ਹੀ ਸੰਪਰਕ ਕਰੋ
Ph : 1-888-816-3993
UNIT 117-7727 BEEDIE WAY, DELTA
E-mail : info@tejaworldfoods.com


idea immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ ‘ਚ ਅਪੀਲ
ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ ‘ਚ ਤਬਦੀਲੀਆਂ
ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com

# ਕਿਸਾਨ ਆਗੂ ਡੱਲੇਵਾਲ ਦੀ ਹਾਲਤ ਗੰਭੀਰ, ਸੁਪਰੀਮ ਕੋਰਟ ਹੋਈ ਸਖ਼ਤ ਮੰਗੀਆਂ ਮੈਡੀਕਲ ਰਿਪੋਰਟਾਂ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਇੱਕ ਹਫ਼ਤੇ ਲਈ ਹਸਪਤਾਲ ਜਾਣ, ਲੋੜੀਂਦਾ ਇਲਾਜ ਕਰਵਾਉਣ ਲਈ ਮਨਾਉਣ ਲਈ ਯਤਨ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਫਿਰ ਉਹ ਮਰਨ ਵਰਤ ਮੁੜ ਸ਼ੁਰੂ ਕਰ ਸਕਦੇ ਹਨ।



ਡੱਲੇਵਾਲ ਦੇ ਹਸਪਤਾਲ ਵਿੱਚ ਦਾਖਲ ਹੋਣ ਦੌਰਾਨ ਕੋਈ ਹੋਰ ਅੰਦੋਲਨ ਜਾਰੀ ਰੱਖ ਸਕਦਾ ਹੈ ਇਸਦੇ ਨਾਲ ਹੀ ਅਦਾਲਤ ਨੇ ਮਰਨ ਵਰਤ 'ਤੇ ਬੈਠੇ ਆਗੂ ਡੱਲੇਵਾਲ ਦੀ ਸ਼ੁੱਕਰਵਾਰ ਦੁਪਹਿਰ ਤੱਕ ਮੈਡੀਕਲ ਰਿਪੋਰਟ ਮੰਗੀ ਹੈ, ਜਦੋਂ ਇਸ ਮਾਮਲੇ 'ਤੇ ਦੁਬਾਰਾ ਸੁਣਵਾਈ ਕੀਤੀ ਜਾਵੇਗੀ। ਇਸ ਤੋਂ ਪਹਿਲਾਂ, ਵੀਰਵਾਰ ਨੂੰ ਮੁੜ ਸ਼ੁਰੂ ਹੋਈ ਸੁਣਵਾਈ ਦੌਰਾਨ, ਪੰਜਾਬ ਏਜੀ ਨੇ ਕਿਹਾ ਕਿ ਰਾਤੋ-ਰਾਤ ਬਹੁਤ ਸਾਰਾ ਪ੍ਰਬੰਧ ਕੀਤਾ ਗਿਆ ਸੀ। ਜਗਜੀਤ ਸਿੰਘ ਡੱਲੇਵਾਲ ਨਾਲ ਉਚ ਅਧਿਕਾਰੀਆਂ ਨੇ ਗੱਲਬਾਤ ਕੀਤੀ। ਪਹਿਲਾਂ ਤਾਂ ਵਿਰੋਧ ਹੋਇਆ, ਪਰ ਹੁਣ ਡਾਕਟਰੀ ਮਾਹਿਰ ਸਾਈਟ 'ਤੇ ਉਸ ਦੀ ਮਦਦ ਕਰ ਰਹੇ ਹਨ।

ਇੱਥੋਂ ਤੱਕ ਕਿ ਮਰਨ ਵਰਤ ਵਾਲੇ ਸਥਾਨ ਦੇ ਨੇੜੇ ਇੱਕ ਜਗ੍ਹਾ ਨੂੰ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਉੱਥੇ ਐਮਰਜੈਂਸੀ ਲਈ ਸਾਰੀਆਂ ਸਹੂਲਤਾਂ ਰੱਖੀਆਂ ਗਈਆਂ ਹਨ। ਹਾਲਾਂਕਿ, ਉਸ ਨੂੰ ਤਬਦੀਲ ਕਰਨ ਵਿੱਚ ਮੁਸ਼ਕਲ ਹੈ ਕਿਉਂਕਿ ਉੱਥੇ 3,000-4,000 ਲੋਕ ਇਕੱਠੇ ਹੋਏ ਹਨ ਜੋ ਉਸ ਦੇ ਤਬਾਦਲੇ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਨੇ ਟਰਾਲੀਆਂ ਇਕੱਠੀਆਂ ਕੀਤੀਆਂ ਹਨ ਤਾਂ ਜੋ ਕੋਈ ਵਾਹਨ ਲੰਘ ਨਾ ਸਕੇ। ਉਸ ਨੂੰ ਸਰੀਰਕ ਤੌਰ 'ਤੇ ਚੁੱਕਣਾ ਸੰਭਵ ਨਹੀਂ ਹੈ।

ਸਰੀਰਕ ਟਕਰਾਅ ਦੇ ਮਾਮਲੇ ਵਿੱਚ, ਜਾਨੀ ਨੁਕਸਾਨ ਹੋ ਸਕਦਾ ਹੈ ਦੇ ਜੁਆਬ ਵਿਚ ਅਦਾਲਤ ਨੇ ਕਿਹਾ ਕਿ ਕਿਸਾਨਾਂ ਅਤੇ ਨੇਤਾਵਾਂ ਦਾ ਕਦੇ ਵੀ ਸਰੀਰਕ ਟਕਰਾਅ ਨਹੀਂ ਹੋਇਆ। ਉਹ ਸ਼ਾਂਤੀ ਨਾਲ ਬੈਠੇ ਹਨ। ਇਹ ਸ਼ਬਦ ਅਫਸਰਾਂ ਦੇ ਮਨਘੜਤ ਹਨ। ਏਜੀ ਨੇ ਕਿਹਾ ਕਿ ਡੱਲੇਵਾਲ ਅਦਾਲਤ ਵਿੱਚ ਹਾਜ਼ਰੀਨ ਚਾਹੁੰਦਾ ਸੀ, ਅਤੇ ਅਦਾਲਤ ਨੇ ਕਿਹਾ ਕਿ ਉਸ ਨਾਲ ਗੱਲਬਾਤ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਹੈ। ਹਾਲਾਂਕਿ ਅਦਾਲਤ ਪਹਿਲਾਂ ਚਾਹੁੰਦੀ ਸੀ ਕਿ ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਵੇ।

ਅਦਾਲਤ ਨੇ ਏਜੀ ਨੂੰ ਡੱਲੇਵਾਲ ਦੇ ਖ਼ੂਨ ਦੀ ਜਾਂਚ ਰਿਪੋਰਟ ਦਿਖਾਉਣ ਲਈ ਕਿਹਾ ਹੈ। ਉਸ ਦੀ ਕੈਂਸਰ ਦੀ ਹਾਲਤ, ਸੀਟੀ ਸਕੈਨ, ਕੁਝ ਨਹੀਂ ਹੋਇਆ ਪਰ ਅਧਿਕਾਰੀ ਠੀਕ ਹੈ ਦੱਸ ਕੇ ਕਿਸ ਤਰ੍ਹਾਂ ਦਾ ਸਰਟੀਫਿਕੇਟ ਦੇ ਰਹੇ ਹਨ.? ਜਿਹੜੇ ਕਹਿੰਦੇ ਹਨ ਕਿ ਮਰਨ ਵਰਤ ਰੱਖਣ ਵਾਲੇ ਆਗੂ ਠੀਕ ਹਨ, ਉਹ ਅਧਿਕਾਰੀ ਹਨ, ਡਾਕਟਰ ਨਹੀਂ। 70 ਸਾਲ ਤੋਂ ਵੱਧ ਉਮਰ ਦਾ ਵਿਅਕਤੀ ਜੋ ਪਿਛਲੇ 24 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠਾ ਹੈ, ਓਹ ਕਿਸ ਤਰ੍ਹਾਂ ਬਿਨਾਂ ਟੈਸਟਾਂ ਤੋਂ ਠੀਕ ਹੈ? ਉਹ ਭੁੱਖ ਹੜਤਾਲ ਜਾਰੀ ਰੱਖ ਸਕਦਾ ਹੈ, ਪਰ ਡਾਕਟਰੀ ਨਿਗਰਾਨੀ ਦੇ ਅਧੀਨ, ਅਤੇ ਨਿਗਰਾਨੀ ਬਿਨਾਂ ਕਿਸੇ ਭੋਜਨ ਜਾਂ ਤਰਲ ਦੇ ਸੇਵਨ ਦੇ ਵੀ ਹੋ ਸਕਦੀ ਹੈ। ਰਾਜ ਤੰਤਰ ਨੂੰ ਕਹੋ ਕਿ ਉਹ ਆਪਣੀਆਂ ਸੰਵਿਧਾਨਕ ਜ਼ਮਿੰਵਾਰੀਆਂ ਪ੍ਰਤੀ ਜਿਊਂਦਾ ਰਹੇ।

# ਗਿਆਨੀ ਹਰਪ੍ਰੀਤ ਸਿੰਘ ਤੋਂ ਦਮਦਮਾ ਸਾਹਿਬ ਦਾ ਚਾਰਜ ਲਿਆ ਵਾਪਸ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਕੁਝ ਦਿਨਾਂ ਲਈ ਚਾਰਜ ਵਾਪਸ ਲੈ ਲਿਆ ਗਿਆ ਹੈ। ਉਨ੍ਹਾਂ ਦੀ ਜਗ੍ਹਾ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਜਗਤਾਰ ਸਿੰਘ ਨੂੰ ਚਾਰਜ ਸੌਂਪ ਦਿੱਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਦੀ ਜਾਂਚ ਲਈ 3 ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ। ਜਾਂਚ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਵਿਚ ਵੀ ਸ਼ਾਮਲ ਨਹੀਂ ਹੋ ਸਕਣਗੇ।

ਦੋਰਾਹਾ ਵਿਚ ਗੁਰਦੁਆਰਾ ਸ੍ਰੀ ਦੇਗਸਰ ਕਟਾਣਾ ਸਾਹਿਬ ਵਿਚ ਸ਼ਗਫਛ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਹੋਈ। ਇਹ ਮੀਟਿੰਗ ਸ਼ਗਫਛ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੇ ਸਾਂਢੂ ਗੁਰਪ੍ਰੀਤ ਸਿੰਘ ਵੱਲੋਂ ਉਨ੍ਹਾਂ 'ਤੇ ਲਗਾਏ ਗਏ ਦੋਸ਼ਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਲਈ 3 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਰਘੁਜੀਤ ਸਿੰਘ ਵਿਰਕ, ਦਲਜੀਤ ਭਿੰਡਰ ਤੇ ਸ਼ੇਰ ਸਿੰਘ ਮੰਡ ਸ਼ਾਮਲ ਹਨ। ਕਮੇਟੀ ਨੂੰ 15 ਦਿਨਾਂ ਦੇ ਅੰਦਰ ਜਾਂਚ ਮੁਕੰਮਲ ਕਰਨ ਦੇ ਲਈ ਕਿਹਾ ਗਿਆ ਹੈ ਤੇ ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦਾ ਚਾਰਜ ਵਾਪਸ ਲੈ ਲਿਆ ਗਿਆ ਹੈ।ਹਾਲਾਂਕਿ ਇਸ ਮਾਮਲੇ ਵਿਚ ਸ਼ਗਫਛ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਕੁਝ ਹੀ ਦੇਰ ਵਿਚ ਪ੍ਰੈੱਸ ਰਿਲੀਜ਼ ਵਿਚ ਮੀਟਿੰਗ ਬਾਰੇ ਵਿਸਥਾਰਤ ਜਾਣਕਾਰੀ ਦੇ ਦਿੱਤੀ ਜਾਵੇਗੀ।

ਦੱਸ ਦਈਏ ਕਿ ਬੀਤੇ ਦਿਨੀਂ ਗਿਆਨੀ ਹਰਪ੍ਰੀਤ ਸਿੰਘ ਦੇ ਅਸਤੀਫ਼ੇ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਸ ਮਗਰੋਂ ਉਨ੍ਹਾਂ ਵੱਲੋਂ ਪ੍ਰੈੱਸ ਕਾਨਫਰੰਸ ਕੀਤੀ ਗਈ ਤੇ ਕਿਹਾ ਕਿ ਲਗਾਤਾਰ ਵਿਸ਼ੇਸ਼ ਵਿਅਕਤੀ ਮੇਰੀ ਕਿਰਦਾਕੁਸ਼ੀ ਕਰ ਰਹੇ ਹਨ। ਉਨ੍ਹਾਂ ਕਿਹਾ ਮੁਕਤਸਰ ਸਾਹਿਬ ਤੋਂ ਇਕ 18 ਸਾਲ ਪੁਰਾਣਾ ਸਾਡਾ ਪਰਿਵਾਰਿਕ ਝਗੜਾ ਸੀ ਜਿਸ 'ਚ ਇਕ ਸਖ਼ਸ਼ ਨੂੰ ਲੈ ਕੇ ਮੀਡੀਆ 'ਚ ਲਿਆ ਕੇ ਵੱਖ-ਵੱਖ ਇੰਟਰਵਿਊ ਕਰਵਾਈਆਂ ਜਾ ਰਹੀਆਂ ਹਨ, ਜਿਸ ਨੇ ਮੇਰੇ 'ਤੇ ਬਹੁਤ ਵੱਡੇ ਇਲਜ਼ਾਮ ਲਾਏ ਗਏ ਸਨ ਅਤੇ ਜਿਸ ਦਾ ਜਵਾਬ ਮੈਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਦੇ ਚੁੱਕਾ ਹਾਂ। ਉਨ੍ਹਾਂ ਕਿਹਾ ਸੀ ਕਿ ਬਹੁਤ ਹੈਰਾਨ ਵਾਲੀ ਗੱਲ ਹੈ ਕਿ 2 ਦਸੰਬਰ ਤੋਂ ਬਾਅਦ 18 ਸਾਲ ਪੁਰਾਣਾ ਮਾਮਲਾ ਲਗਾਤਾਰ ਉਛਾਲਿਆ ਜਾ ਰਿਹਾ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਬਕਾ ਅਕਾਲੀ ਆਗੂ ਅਤੇ ਮੁਕਤਸਰ ਸਾਹਿਬ ਦੇ ਅਕਾਲੀ ਲੀਡਰ ਸਾਂਝੇ ਤੌਰ 'ਤੇ ਉਸ ਲੜਕੇ ਨੂੰ ਲੈ ਕੇ ਗਏ ਅਤੇ ਵੱਖ-ਵੱਖ ਮੀਡੀਆ ਚੈਨਲਾਂ 'ਤੇ ਮੇਰੇ ਖ਼ਿਲਾਫ਼ ਇੰਟਰਵਿਊ ਕਰਵਾਈਆਂ ਗਈਆਂ। ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਸੀ ਕਿ ਮੇਰਾ ਸਿਰਫ਼ ਇਹ ਗੁਨਾਹ ਹੈ ਕਿ 5 ਸਿੰਘ ਸਾਹਿਬਾਨ ਦੀ ਮੀਟਿੰਗ 'ਚ 2 ਦਸੰਬਰ ਨੂੰ ਸ਼ਾਮਲ ਹੋ ਗਿਆ। ਜੋ ਪੰਜ ਸਿਘ ਸਾਹਿਬਨਾਂ ਦਾ ਫ਼ੈਸਲਾ ਸੀ ਉਸ 'ਤੇ ਸਾਈਨ ਸਭ ਦੇ ਹੀ ਹੋਏ ਸਨ, ਪਰ ਮੈਨੂੰ ਹੀ ਟ੍ਰੋਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਮੈਂ ਸਪੱਸ਼ਟ ਸ਼ਬਦਾਂ 'ਚ ਕਹਾਂਗਾ ਕਿ ਮੈਂ ਮੀਟਿੰਗ 'ਚ ਸ਼ਾਮਲ ਹੋ ਕੇ ਕੋਈ ਪਾਪ ਦਾ ਭਾਗੀਦਾਰ ਨਹੀਂ ਬਣਿਆ, ਮੈਨੂੰ ਕੱਢਣਾ ਤਾਂ ਕੱਢ ਦਿਓ ਰੱਖਣਾ ਤਾਂ ਰੱਖ ਲਓ ਪਰ ਮੈਂ ਅਤਸੀਫ਼ਾ ਨਹੀਂ ਦੇ ਰਿਹਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਇੱਥੋਂ ਤਕ ਕਿਹਾ ਸੀ ਕਿ ਮੈਨੂੰ ਕੱਢਣਾ ਹੈ ਤਾਂ ਕੱਢ ਦਿਓ ਪਰ ਇਸ ਤਰ੍ਹਾਂ ਦੇ ਘਟੀਆ ਇਲਜ਼ਾਮ ਨਾਲ ਲਗਾਓ। ਉਨ੍ਹਾਂ ਕਿਹਾ ਕਿ ਮੇਰਾ ਪਰਿਵਾਰ ਅਤੇ ਮੈਂ 15 ਦਿਨਾਂ ਤੋਂ ਬਹੁਤ ਪਰੇਸ਼ਾਨ ਹਾਂ।

### ਮੈਂ ਕੋਈ ਪਹਿਲਾ ਜਥੇਦਾਰ ਨਹੀਂ, ਜਿਸ ਨੂੰ ਜ਼ਲੀਲ ਕੀਤਾ ਗਿਆ- ਗਿਆਨੀ ਹਰਪ੍ਰੀਤ ਸਿੰਘ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮਰਾਲਾ ਦੇ ਕਟਾਣਾ ਸਾਹਿਬ ਵਿਖੇ ਹੋਈ ਮੀਟਿੰਗ ਵਿਚ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ 'ਤੇ ਦੋ ਹਫ਼ਤਿਆਂ ਲਈ ਪਾਬੰਦੀ ਲਾ ਦਿੱਤੀ ਗਈ ਹੈ। ਐਡਵੋਕੇਟ ਧਾਮੀ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਨ ਤੋਂ ਬਾਅਦ ਇਹ ਪਹਿਲੀ ਮੀਟਿੰਗ ਹੈ, ਜੋ ਅੰਮ੍ਰਿਤਸਰ ਤੋਂ ਬਾਹਰ ਰੱਖੀ ਗਈ ਹੈ।

ਬੈਠਕ ਤੋਂ ਬਾਅਦ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਅਜਿਹਾ ਹੋਵੇਗਾ। ਉਨ੍ਹਾਂ ਕਿਹਾ ਕਿ ਜਿਸ ਧੜੇ ਨੇ ਇਲਜ਼ਾਮ ਲਗਾਏ, ਉਹੀ ਪੜਤਾਲ ਕਰ ਰਹੇ ਹਨ। ਇਹ ਫੈਸਲਾ ਪਹਿਲਾਂ ਹੀ ਹੋ ਗਿਆ ਹੈ, ਸਿਰਫ਼ ਕਾਪੀ ਪੇਸਟ ਕਰਨਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਕੋਈ ਡਰ ਨਹੀਂ ਹੈ ਕਿ ਉਨ੍ਹਾਂ ਨਾਲ ਕੀ ਹੋ ਰਿਹਾ ਹੈ। ਉਨ੍ਹਾਂ ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੇ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਜਥੇਦਾਰ ਨਹੀਂ ਜਿਸ ਨੂੰ ਜ਼ਲੀਲ ਕਰਕੇ ਬਾਹਰ ਕੱਢਿਆ ਜਾ ਰਿਹਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਧਰਮ ਅਤੇ ਪੰਥ ਦੇ ਲਈ ਹਮੇਸ਼ਾ ਖੜੇ ਰਹਿਣਗੇ, ਪੰਥ ਦੇ ਲਈ ਲੜਨਗੇ ਅਤੇ ਜੇ ਲੋੜ ਪਈ ਤਾਂ ਇਸ ਰਾਹ 'ਤੇ ਸ਼ਹੀਦੀ ਵੀ ਦੇਣਗੇ। ਉਨ੍ਹਾਂ ਕਿਹਾ ਕਿ "ਮੈਂ ਕਿਸੇ ਤੋਂ ਕੁਝ ਨਹੀਂ ਲੈਣਾ, ਮੇਰੀ ਸੰਗਤ ਨਾਲ ਸਾਂਝ ਰਵੇ ਅਤੇ ਮੇਰੀ ਪੰਥ ਨਾਲ ਸਾਂਝ ਰਹੇ। ਮੈਂ ਇਸ ਪਦਵੀ 'ਤੇ ਰਹਾਂ ਜਾਂ ਨਾ ਰਹਾਂ, ਮੇਰੀ ਪੰਥ ਨਾਲ ਸਾਂਝ ਕਦੇ ਨਹੀਂ ਟੁੱਟਣੀ ਚਾਹੀਦੀ।

ਸ਼੍ਰੋਮਣੀ ਕਮੇਟੀ ਨੇ ਇਸ ਮੀਟਿੰਗ ਸਬੰਧੀ ਪਹਿਲਾਂ ਏਜੰਡਾ ਸਪੱਸ਼ਟ ਨਹੀਂ ਕੀਤਾ ਸੀ। ਮੀਟਿੰਗ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਦੋ ਹਫ਼ਤਿਆਂ ਲਈ ਮੁਅੱਤਲ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਦੌਰਾਨ ਕੇਵਲ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਹੀ ਜਥੇਦਾਰ ਦੀ ਸੇਵਾ ਨਿਭਾਉਣਗੇ।

# ਕੰਜ਼ਰਵੇਟਿਵ ਅਤੇ ਐਨ.ਡੀ.ਪੀ. ਵਲੋਂ ਜਸਟਿਨ ਟਰੂਡੋ ਤੋਂ ਅਸਤੀਫ਼ੇ ਦੀ ਮੰਗ

## ਲਿਬਰਲ ਪਾਰਟੀ ਅੰਦਰ ਚਲ ਰਹੀ ਖਿਚੋ-ਤਾਣ ਕਾਰਨ ਸੰਕਟ ਗਹਿਰਾਇਆ : ਜਗਮੀਤ ਸਿੰਘ

**ਸਰੀ, (ਸਿਮਰਨਜੀਤ ਸਿੰਘ):** ਐਨ.ਡੀ.ਪੀ. ਦੇ ਮੁੱਖ ਆਗੂ ਜਗਮੀਤ ਸਿੰਘ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਅਸਤੀਫਾ ਦੇਣ ਦੀ ਮੰਗ ਕੀਤੀ। ਜਦੋਂ ਉਹਨਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਅਸਤੀਫ਼ੇ ਲਈ ਲਿਆਂਦੇ ਜਾਣ ਵਾਲੇ ਮਤੇ ਦਾ ਸਮਰਥਣ ਕਰਨਗੇ ਤਾਂ ਜਗਮੀਤ ਸਿੰਘ ਨੇ ਕਿਹਾ ਕਿ "ਸਾਰੇ ਵਿਕਲਪ ਖੁਲੇ ਹਨ" ਔਟਵਾ ਵਿੱਚ ਗੱਲਬਾਤ ਕਰਦੇ ਹੋਏ, ਜਗਮੀਤ ਸਿੰਘ ਨੇ ਕਿਹਾ ਕਿ ਕੈਨੇਡੀਅਨ ਮਹਿੰਗਾਈ, ਉੱਚ ਘਰਾਂ ਦੀ ਕੀਮਤਾਂ ਅਤੇ ਅਗਲੇ ਸਾਲ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਲਗਾਈਆਂ ਜਾ ਸਕਦੀਆਂ ਟੈਕਸ ਦੇ ਖਤਰੇ ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਉਨ੍ਹਾਂ ਕਿਹਾ, "ਇਨ੍ਹਾਂ ਮੁੱਦਿਆਂ 'ਤੇ ਧਿਆਨ ਦੇਣ ਦੀ ਬਜਾਏ, ਜਸਟਿਨ ਟਰੂਡੋ ਅਤੇ ਲਿਬਰਲ ਆਪਣੇ ਆਪ ਨਾਲ ਲੜਾਈ ਲੜ ਰਹੇ ਹਨ। ਉਹ ਕੈਨੇਡੀਅਨਾਂ ਲਈ ਲੜਨ ਦੀ ਬਜਾਏ ਆਪਣੀ ਪਾਰਟੀ ਦੇ ਅੰਦਰ ਚਲ ਰਹੇ ਸੰਘਰਸ਼ਾਂ ਵਿੱਚ ਫਸੇ ਹੋਏ ਹਨ। ਇਸ ਕਾਰਨ, ਅੱਜ ਮੈਂ ਜਸਟਿਨ ਟਰੂਡੋ ਨੂੰ ਅਸਤੀਫ਼ਾ ਦੇਣ ਦੀ ਮੰਗ ਕਰ ਰਿਹਾ ਹਾਂ। ਉਨ੍ਹਾਂ ਨੂੰ ਜਾਣਾ ਹੀ ਹੋਵੇਗਾ।"

ਮੁਖੀ ਵਿਰੋਧੀ ਪਾਰਟੀ ਦੇ ਨੇਤਾ ਪੀਅਰ ਪੋਇਲੀਏਵਰ ਨੇ ਵੀ ਹਾਊਸ ਆਫ ਕਾਮਨਜ਼ ਵਿੱਚ ਪ੍ਰਸ਼ਨਕਾਲ ਤੋਂ ਪਹਿਲਾਂ ਕਿਹਾ, "ਜਸਟਿਨ ਟਰੂਡੋ ਨੇ ਆਪਣਾ ਨਿਯੰਤਰਣ ਖੋਹ ਦਿੱਤਾ ਹੈ ਅਤੇ ਫਿਰ ਵੀ ਉਹ ਅਹੁੱਦੇ 'ਤੇ ਕਾਇਮ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਇਸ ਤਰ੍ਹਾਂ ਦੇ ਰਾਜਨੀਤਿਕ ਗੁੰਝਲਦਾਰ ਹਾਲਾਤ ਨੂੰ ਸਵੀਕਾਰ ਨਹੀਂ ਕਰ ਸਕਦੇ।"



ਉਨ੍ਹਾਂ ਨੇ ਵੀ ਟਰੰਪ ਵਲੋਂ ਲਗਾਏ ਜਾਣ ਵਾਲੇ 25% ਟੈਕਸ ਦੀ ਸੰਭਾਵਨਾ 'ਤੇ ਵੀ ਚਿੰਤਾ ਜਤਾਈ। ਪੋਇਲੀਏਵਰ ਨੇ ਕਿਹਾ, "ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਮਜ਼ੋਰੀ ਨੂੰ ਦੂਰੋਂ ਭਾਂਪ ਸਕਦੇ ਹਨ। ਇਸ ਲਈ, ਕੈਨੇਡਾ ਇਸ ਕਮਜ਼ੋਰੀ ਦੇ ਨਾਲ ਅੱਗੇ ਨਹੀਂ ਵੱਧ ਸਕਦਾ।"

ਇੱਕ ਤਾਜ਼ਾ ਇਪਸੋਸ ਸਰਵੇਖਣ ਦੇ ਨਤੀਜੇ ਦਰਸਾਉਂਦੇ ਹਨ ਕਿ ਲਿਬਰਲਾਂ ਦਾ ਸਮਰਥਨ ਪੰਜ ਅੰਕਾਂ ਤੋਂ ਘਟਕੇ 21% 'ਤੇ ਆ ਗਿਆ ਹੈ, ਜਦਕਿ ਐਨ.ਡੀ.ਪੀ. ਦਾ ਸਮਰਥਨ ਪੰਜ ਅੰਕ ਵਧ ਕੇ ਇਕਸਾਰ ਹੋ ਗਿਆ ਹੈ। ਇਹ ਵੋਟਰਾਂ ਵਿੱਚ ਲਿਬਰਲ-ਐਨ.ਡੀ.ਪੀ. ਬਦਲਾਅ ਨੂੰ ਦਰਸਾਉਂਦੀ ਹੈ। ਇਸਤੋਂ ਪਹਿਲਾਂ, ਸਤੰਬਰ ਵਿੱਚ ਐਨ.ਡੀ.ਪੀ. ਨੇ ਲਿਬਰਲ ਸਰਕਾਰ ਨਾਲ ਸਪਲਾਈ ਅਤੇ ਕਾਨਫਿਡੈਂਸ ਸਮਝੌਤੇ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ ਸੀ। ਇਸ ਨਾਲ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਕਦੇ ਵੀ ਡਿੱਗਣ ਦਾ ਖ਼ਤਰਾ ਹੈ, ਕਿਉਂਕਿ ਕਿਸੇ ਵੀ ਵਿਸ਼ਵਾਸ ਮਤੇ ਵਿੱਚ ਹਾਰ ਮਿਲਣ'ਤੇ ਸਰਕਾਰ ਲਈ ਜਨਰਲ ਚੋਣਾਂ ਦੀ ਸਥਿਤੀ ਪੈਦਾ ਹੋ ਸਕਦੀ ਸਕਦੀ ਹੈ।

ਨਿਰਧਾਰਿਤ ਚੋਣ ਕਾਨੂੰਨਾਂ ਦੇ ਤਹਿਤ ਅਗਲੀਆਂ ਚੋਣਾਂ ਅਕਤੂਬਰ 2025 ਤੋਂ ਪਹਿਲਾਂ ਨਹੀਂ ਹੋ ਸਕਦੀ, ਪਰ ਮੌਜੂਦਾ ਰਾਜਨੀਤਿਕ ਸਥਿਤੀ ਚੋਣਾਂ ਨੂੰ ਕਾਫ਼ੀ ਨੇੜੇ ਲਿਆ ਸਕਦੀ ਹੈ।

ਜਗਮੀਤ ਸਿੰਘ ਦੇ ਬਿਆਨ ਤੋਂ ਪਹਿਲਾਂ, ਕ੍ਰਿਸਟੀਆ ਫ੍ਰੀਲੈਂਡ ਨੇ ਵਿੱਤ ਮੰਤਰੀ ਦੇ ਅਹੁੱਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਹ ਸਰਕਾਰ ਦੇ ਅੰਦਰ ਚੱਲ ਰਹੇ ਸੰਘਰਸ਼ਾਂ ਨੂੰ ਹੋਰ ਉਭਾਰਿਆ ਹੇ। This report was written by Simranjit Singh as part of the Local Journalism Initiative.

# ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਬਿਨੇਟ ਵਿੱਚ ਵੱਡੇ ਫੇਰਬਦਲ ਦੀ ਤਿਆਰੀ

ਸਰੀ, ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਅਹਿਮ ਲਿਬਰਲ ਆਗੂਆਂ ਦੇ ਅਸਤੀਫ਼ਿਆਂ ਅਤੇ ਕ੍ਰਿਸਟੀਆ ਫ੍ਰੀਲੈਂਡ ਦੇ ਵਿਸਫ਼ੋਟਕ ਅਸਤੀਫ਼ੇ ਨੇ ਕੈਨੇਡੀਅਨ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਕੈਬਿਨੇਟ ਵਿੱਚ ਵੱਡੇ ਫੇਰਬਦਲ ਦੀ ਯੋਜਨਾ ਬਣਾਈ ਹੈ।

ਫ੍ਰੀਲੈਂਡ ਦੇ ਅਸਤੀਫ਼ੇ ਤੋਂ ਬਾਅਦ, ਵਿੱਤ ਮੰਤਰੀ ਡੌਮਿਨਿਕ ਲੇਬਲਾਂ ਤਿੰਨ ਅਹਿਮ ਮੰਤਰਾਲੇ ਸੰਭਾਲ ਰਹੇ ਹਨ—ਵਿੱਤ, ਲੋਕ ਸੁਰੱਖਿਆ, ਅਤੇ ਅੰਤਰ-ਸੂਬਾਈ ਮਾਮਲੇ। ਇਹ ਕਾਰਜਭਾਰ ਕਿਸੇ ਇੱਕ ਮੰਤਰੀ ਲਈ ਬਹੁਤ ਵਧੇਰੇ ਹਨ।

ਇਸ ਤੋਂ ਇਲਾਵਾ, ਅਨੀਤਾ ਅਨੰਦ, ਜੋ ਖਜ਼ਾਨਾ ਬੋਰਡ ਦੀ ਪ੍ਰਧਾਨ ਵੀ ਹਨ, ਟ੍ਰਾਂਸਪੋਰਟ ਮੰਤਰੀ ਦੇ ਅਹੁਦੇ ਤੇ ਵੀ ਕੰਮ ਕਰ ਰਹੀਆਂ ਹਨ। ਜਿਨੈਟ ਪੈਟੀਪਾ ਟੇਲਰ ਤਿੰਨ ਵਿਭਾਗਾਂ ਦਾ ਸੰਚਾਲਨ ਕਰ ਰਹੀਆਂ ਹਨ, ਜਿਸ ਵਿਚ ਰੁਜ਼ਗਾਰ, ਅਧਿਕਾਰਤ ਭਾਸ਼ਾਵਾਂ, ਅਤੇ ਸਾਬਕਾ ਫੌਜੀ ਮਾਮਲੇ ਸ਼ਾਮਲ ਹਨ।

ਫ੍ਰੀਲੈਂਡ ਦੇ ਅਸਤੀਫ਼ੇ ਤੋਂ ਬਾਅਦ, ਟਰੂਡੋ ਨੇ ਕਿਹਾ ਸੀ ਕਿ ਉਹ ਆਪਣੇ ਭਵਿੱਖ ਬਾਰੇ ਸੋਚਣ ਲਈ ਸਮਾਂ ਲੈਣਗੇ। ਪਰ ਲਿਬਰਲ ਕੌਕਸ ਦੇ ਕਈ ਮੈਂਬਰਾਂ ਨੇ ਉਨ੍ਹਾਂ ਨੂੰ ਅਸਤੀਫ਼ਾ ਦੇਣ ਲਈ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਮੁਤਾਬਕ, ਕਰੀਬ 15 ਲਿਬਰਲ ਐਮਪੀ ਟਰੂਡੋ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ।

ਸਾਬਕਾ ਪ੍ਰਧਾਨ ਮੰਤਰੀ ਯੌਂ ਸ਼੍ਰੇਟੀਏਨ ਦੇ ਚੀਫ਼ ਆਫ਼ ਸਟਾਫ਼ ਐਡੀ ਗੋਲਡਨਬਰਗ ਨੇ ਵੀ ਟਰੂਡੋ ਨੂੰ ਜਲਦੀ ਅਸਤੀਫ਼ਾ ਦੇਣ ਦੀ ਸਲਾਹ ਦਿੱਤੀ ਹੈ। ਗੋਲਡਨਬਰਗ ਨੇ ਕਿਹਾ, "ਦਸ ਸਾਲ ਲੋਕਤੰਤਰ ਵਿੱਚ ਇੱਕ ਲੰਬਾ ਸਮਾਂ ਹੁੰਦਾ ਹੈ। ਕੈਨੇਡੀਅਨ ਲੋਕ ਇੱਕ ਨਵਾਂ ਪ੍ਰਧਾਨ ਮੰਤਰੀ ਚਾਹੁੰਦੇ ਹਨ। ਜ਼ਰੂਰੀ ਨਹੀਂ ਕਿ ਨਵੀਂ ਪਾਰਟੀ ਹੋਵੇ, ਪਰ ਇੱਕ ਨਵੀਂ ਲੀਡਰਸ਼ਿਪ ਚਾਹੀਦੀ ਹੈ।"

ਡੌਨਲਡ ਟਰੰਪ ਦੀਆਂ ਟੈਰਿਫ਼ ਧਮਕੀਆਂ ਨੇ ਕੈਨੇਡਾ ਦੀ ਆਰਥਿਕਤਾ ਲਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਇਹ ਸਥਿਤੀ ਟਰੂਡੋ ਸਰਕਾਰ ਲਈ ਇੱਕ ਹੋਰ ਮੁਸ਼ਕਲ ਹੈ। ਗੋਲਡਨਬਰਗ ਅਤੇ ਹੋਰ ਰਾਜਨੀਤਿਕ ਵਿਸਲੇਸ਼ਕਾਂ ਨੇ ਕਿਹਾ ਹੈ ਕਿ ਇਹ ਸੰਕਟ ਸਮਾਧਾਨ ਲਈ ਤੁਰੰਤ ਕਦਮ ਚੁੱਕਣ ਦੀ ਲੋੜ ਹੈ।

ਸੂਤਰਾਂ ਅਨੁਸਾਰ, ਟਰੂਡੋ ਨੇ ਸਾਬਕਾ ਕੈਬਿਨੇਟ ਮੰਤਰੀ ਨਵਦੀਪ ਬੈਂਸ ਨਾਲ ਸੰਪਰਕ ਕੀਤਾ ਹੈ, ਜੋ ਇਸ ਸਮੇਂ ਰੌਜਰਜ਼ ਵਿੱਚ ਸੀਨੀਅਰ ਅਹੁਦੇ ਤੇ ਹਨ। ਪ੍ਰਧਾਨ ਮੰਤਰੀ ਨੇ ਉਦਯੋਗ ਮੰਤਰੀ ਫਰੈਂਸੁਆ-ਫਿਲਿਪ ਸ਼ੈਂਪੇਨ ਨੂੰ ਵਿੱਤ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਨੇ ਇਸ ਨੂੰ ਠੁਕਰਾ ਦਿੱਤਾ।

ਟਰੂਡੋ ਦੀਆਂ ਆਗਾਮੀ ਚਾਲਾਂ ਕੈਨੇਡਾ ਦੀ ਰਾਜਨੀਤੀ ਲਈ ਨਿਰਧਾਰਕ ਹੋਣਗੀਆਂ। ਇਸ ਫੇਰਬਦਲ ਤੋਂ ਉਨ੍ਹਾਂ ਦੀ ਸਰਕਾਰ ਲਈ ਨਵੀਂ ਦਿਸ਼ਾ ਅਤੇ ਸਥਿਰਤਾ ਆਣਨ ਦੀ ਉਮੀਦ ਕੀਤੀ ਜਾ ਰਹੀ ਹੈ।

## ਸਫ਼ਾ 1 ਦਾ ਬਾਕੀ...

### ਬੀ.ਸੀ. ਸੂਬੇ ਦਾ ਕਰਜ਼ਾ ਵਿੱਤੀ ਸਾਲ ...

ਹੋ, ਪਰ ਉਹ ਪਿਆਲਾ ਭਰਨਾ ਜ਼ਰੂਰੀ ਹੈ ਤਾਂ ਜੋ ਅਸੀਂ ਆਰਥਿਕਤਾ ਨੂੰ ਵਧਾ ਸਕੀਏ," ਉਨ੍ਹਾਂ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਮੌਜੂਦ ਆਰਥਿਕ ਸੰਭਾਵਨਾਵਾਂ ਨੂੰ ਖੋਲ੍ਹਣ ਦਾ ਕੰਮ ਸਾਡੇ ਅੱਗੇ ਹੈ ਅਤੇ ਉਹ ਇਸ ਨੂੰ ਕਰਨ ਦੇ ਲਈ ਉਤਸ਼ਾਹਿਤ ਹਨ।

ਪਿਛਲੇ ਵਿੱਤੀ ਮੰਤਰੀ ਕੈਟਰੀਨ ਕਨਰੋਈ ਨੇ ਸਤੰਬਰ ਵਿੱਚ ਬੀ.ਸੀ. ਦੀ ਆਖਰੀ ਵਿੱਤੀ ਅਪਡੇਟ ਪੇਸ਼ ਕੀਤੀ ਸੀ ਜਿਸ ਵਿੱਚ ਉਸ ਵਕਤ ਦੇ ਰਿਕਾਰਡ 8.9 ਬਿਲੀਅਨ ਡਾਲਰ ਦੇ ਖ਼ਰਚਾ ਦਾਅਵੇ ਨੂੰ ਦਰਸਾਇਆ ਗਿਆ ਸੀ। ਉਸ ਵਕਤ ਕਨਰੋਈ ਨੇ ਕਿਹਾ ਸੀ ਕਿ ਖ਼ਰਚਾ ਵਧਣ ਦਾ ਕਾਰਨ ਮੁੱਖ ਤੌਰ 'ਤੇ ਘੱਟ ਕਾਰਪੋਰੇਟ ਆਮਦਨੀ ਟੈਕਸ ਅਤੇ ਕੁਦਰਤੀ ਸੰਸਾਧਨ ਆਮਦਨੀ ਵਿੱਚ ਗਿਰਾਵਟ ਸੀ, ਇਸਦੇ ਨਾਲ ਨਾਲ ਜੰਗਲਾਂ ਦੀਆਂ ਅੱਗਾਂ ਨਾਲ ਜੁੜੇ ਖ਼ਰਚੇ ਵੀ ਸੀ। ਬੇਲੀ ਨੇ ਕਿਹਾ ਕਿ ਉਹਨਾਂ ਸਥਿਤੀਆਂ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ ਹੈ।

ਬੀ.ਸੀ. ਦੇ ਕਨਜ਼ਰਵੇਟਿਵ ਵਿੱਤੀ ਆਲੋਚਕ ਪੀਟਰ ਮਿਲੋਬਾਰ ਨੇ ਇਸ ਵਿੱਤੀ ਅਪਡੇਟ 'ਤੇ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਕਿ ਇਹ ਰਿਪੋਰਟ ਦਰਸਾਉਂਦੀ ਹੈ ਕਿ ਸੂਬਾ ਕਰਜ਼ੇ ਵਿੱਚ ਡੁੱਬ ਰਿਹਾ ਹੈ ਅਤੇ ਮੁੱਖ ਪ੍ਰੋਜੈਕਟਾਂ ਵਿੱਚ ਖ਼ਰਚੇ ਪਿਛਲੇ ਅੰਦਾਜਿਆਂ ਤੋਂ ਵੱਧ ਰਹੇ ਹਨ। ਉਨ੍ਹਾਂ ਕਿਹਾ, "ਜੇ ਵੋਟਰਾਂ ਨੂੰ ਇਹ ਅਪਡੇਟ ਚੋਣਾਂ ਤੋਂ ਪਹਿਲਾਂ ਮਿਲਦੀ ਤਾਂ ਮੈਨੂੰ ਯਕੀਨ ਹੈ ਕਿ ਡੇਵਿਡ ਈਬੀ ਅੱਜ ਪ੍ਰੀਮੀਅਰ ਨਹੀਂ ਹੁੰਦੇ।"

ਵਿੱਤੀ ਅਪਡੇਟ ਵਿੱਚ ਕੁਝ ਇੰਫਰਾਸਟ੍ਰੱਕਚਰ ਪ੍ਰੋਜੈਕਟਾਂ ਦੀਆਂ ਵਧੀਆਂ ਲਾਗਤਾਂ ਦਾ ਵੀ ਵਰਣਨ ਕੀਤਾ ਗਿਆ ਹੈ, ਜਿਵੇਂ ਕਿ ਵੈਨਕੂਵਰ ਵਿੱਚ ਬ੍ਰਾਡਵੇ ਸਾਈਟ੍ਰੇਨ ਐਕਸਟੈਂਸ਼ਨ ਦੀ ਲਾਗਤ 2.83 ਬਿਲੀਅਨ ਡਾਲਰ ਤੋਂ ਵਧ ਕੇ 2.95 ਬਿਲੀਅਨ ਡਾਲਰ ਹੋ ਗਈ ਹੈ ਅਤੇ ਪੈਟੂਲੋ ਬ੍ਰਿਜ ਦੀ ਮੁਰੰਮਤ 1.38 ਬਿਲੀਅਨ ਡਾਲਰ ਤੋਂ ਵਧ ਕੇ 1.64 ਬਿਲੀਅਨ ਡਾਲਰ ਹੋ ਗਈ ਹੈ।

ਮਿਲੋਬਾਰ ਨੇ ਆਪਣੇ ਬਿਆਨ ਵਿੱਚ ਕਿਹਾ, "ਸਾਡੀ ਆਰਥਿਕਤਾ ਹੌਲੀ ਹੋ ਰਹੀ ਹੈ, ਸਾਡਾ ਬਜਟ ਖ਼ਰਚਾ ਵਧ ਰਿਹਾ ਹੈ ਅਤੇ ਸਾਧਨ ਅਤੇ ਵਪਾਰ ਟੈਕਸ ਆਮਦਨੀ ਘਟ ਰਹੀ ਹੈ।"

ਅਪਡੇਟ ਵਿੱਚ ਇਹ ਵੀ ਦਰਸਾਇਆ ਗਿਆ ਕਿ ਬੀ.ਸੀ. ਦਾ ਕਰਜ਼ਾ ਪੂਰੇ ਵਿੱਤੀ ਸਾਲ ਦੇ ਅੰਤ ਤੱਕ 130 ਬਿਲੀਅਨ ਡਾਲਰ ਤੱਕ ਪਹੁੰਚਣ ਦਾ ਅੰਦਾਜ਼ਾ ਹੈ, ਜੋ ਸਤੰਬਰ ਦੇ ਅੰਦਾਜ਼ੇ ਤੋਂ 1.4 ਬਿਲੀਅਨ ਡਾਲਰ ਜ਼ਿਆਦਾ ਹੈ।

ਬੇਲੀ ਨੇ ਕਿਹਾ ਕਿ ਸੂਬੇ ਦੇ ਆਰਥਿਕ ਮੂਲਧਨ ਮਜ਼ਬੂਤ ਹਨ ਅਤੇ ਇਸਦੇ ਕੋਲ "ਕੈਨੇਡਾ ਵਿੱਚੋਂ ਸਭ ਤੋਂ ਵਧੀਆ ਕਰਜ਼ਾ-ਜੀ.ਡੀ.ਪੀ. ਅਨੁਪਾਤ" 22.3 ਫੀਸਦੀ ਹੈ ਅਤੇ ਤਕਰੀਬਨ 4 ਬਿਲੀਅਨ ਡਾਲਰ ਦਾ ਸੰਕਟ ਫੰਡ ਵੀ ਮੌਜੂਦ ਹੈ।

ਬੇਲੀ ਨੇ ਚਿਤਾਵਨੀ ਦਿੱਤੀ ਕਿ ਭਵਿੱਖ ਵਿੱਚ ਚੁਣੌਤੀਆਂ ਸੂਬੇ ਦੀ ਹਾਲਤ ਨੂੰ ਹੋਰ ਵਿਗਾੜ ਸਕਦੀਆਂ ਕਿਉਂਕਿ ਅਮਰੀਕੀ ਪ੍ਰਧਾਨ ਮੰਤਰੀ ਡੋਨਾਲਡ ਟਰੰਪ ਨੇ ਕੈਨੇਡਾ 'ਤੇ 25 ਫੀਸਦੀ ਟੈਕਸ ਲਗਾਉਣ ਦੇ ਸੰਕੇਤ ਦਿੱਤੇ ਹਨ ਜੇਕਰ ਅਜਿਹਾ ਹੁੰਦਾ ਹੈ ਤਾਂ ਬੀ.ਸੀ. ਦੇ ਹਾਲਾਤ ਸੰਭਾਲਣੇ ਐਨ.ਡੀ.ਪੀ. ਲਈ ਬੇਹੱਦ ਮੁਸ਼ਕਲ ਹੋਣਗੇ। This report was written by Simranjit Singh as part of the Local Journalism Initiative.

### ਸਰੀ ਸਿਟੀ ਕੌਂਸਲ ਜਨਵਰੀ ਵਿੱਚ ...

ਵਤੀਰਾ ਰੱਖਣਾ ਚਾਹੀਦਾ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਪੈਸਾ ਕਮਿਊਨਟੀ ਦੇ ਕੰਮਾਂ ਲਈ ਵਾਪਸ ਜਾਵੇ। ਅਸੀਂ ਜਦੋਂ ਚੁਣੇ ਗਏ ਸਾਂ, ਤਾਂ ਸਾਨੂੰ ਪਹਿਲਾਂ ਹੀ ਪਤਾ ਸੀ ਕਿ ਮੇਅਰ ਜਾਂ ਕੌਂਸਲਰ ਦੇ ਤੌਰ 'ਤੇ ਸਾਨੂੰ ਕਿੰਨੀ ਤਨਖਾਹ ਮਿਲੇਗੀ। ਅਸੀਂ ਖੁੱਲ੍ਹੀ ਅੱਖਾਂ ਨਾਲ ਇਹ ਜ਼ਿੰਮੇਵਾਰੀ ਸੰਭਾਲੀ ਸੀ, ਅਤੇ ਸਾਨੂੰ ਉਸੇ ਤਨਖ਼ਾਹ ਨਾਲ ਟਿਕੇ ਰਹਿਣਾ ਚਾਹੀਦਾ ਹੈ।"

ਇਹ ਮਤਾ ਪਿਛਲੇ ਸੋਮਵਾਰ ਨੂੰ ਕੌਂਸਲ ਦੇ ਏਜੰਡੇ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਮੇਅਰ ਬ੍ਰੈਂਡਾ ਲੌਕ ਦੀ ਗੈਰਹਾਜ਼ਰੀ ਕਾਰਨ, ਇਸ 'ਤੇ ਵੋਟਿੰਗ ਨੂੰ 13 ਜਨਵਰੀ, 2025 ਤੱਕ ਮੁਲਤਵੀ ਕਰ ਦਿੱਤੀ ਗਈ।

ਜਿਨ੍ਹਾਂ ਨੇ ਤਨਖ਼ਾਹ ਵਾਧੇ ਨੂੰ ਸਮਰਥਨ ਦਿੱਤਾ ਹੈ, ਉਨ੍ਹਾਂ ਦੇ ਅਨੁਸਾਰ, ਇਹ ਵਾਧਾ ਸਰੀ ਦੇ ਕੌਂਸਲ ਦੇ ਮੈਂਬਰਾਂ ਨੂੰ ਹੋਰ ਸ਼ਹਿਰਾਂ ਦੇ ਕੌਂਸਲਰਾਂ ਦੇ ਸਮਾਨ ਸਾਲਾਨਾ ਭੁਗਤਾਨ ਦਾ ਮੌਕਾ ਦਿੰਦਾ ਹੈ। ਉਹ ਮੰਨਦੇ ਹਨ ਕਿ ਵਧੀ ਤਨਖਾਹ ਨਾਲ, ਮੇਅਰ ਅਤੇ ਕੌਂਸਲਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਹੋਰ ਸਮਰਪਿਤ ਤਰੀਕੇ ਨਾਲ ਨਿਭਾ ਸਕਣਗੇ। This report was written by Simranjit Singh as part of the Local Journalism Initiative.



Merry Christmas

# SABZI MANDI SUPERMARKET

Serving our Community since 2003

HOT PRICE
JUMBO EGGPLANT
ਵੱਡੇ ਵਤਾਊਂ
88¢ ea

HOT PRICE
FRESH CILANTRO
ਧਨੀਆਂ
Bunch
2 for 99¢

HOT PRICE
INDIAN KARELA
ਦੇਸੀ ਕਰੇਲੇ
1.99 /lb

HOT PRICE
FRESH FENUGREEK METHI
ਮੇਥੀ
Bunch
1.99 ea

AMBAY BESAN
ਅੰਬੇ ਬੇਸਣ
4lb
3.99 ea

## UNBEATABLE DEAL

AAP KI PASAND COOKIES
ਆਪ ਕੀ ਪਸੰਦ ਕੁਕੀਆਂ
2.2lb
4.99 ea

FRESH GINGER
ਅੰਦਰਕ
1.99 /lb

HEER MULTIGRAIN FLOUR
ਹੀਰ ਮੱਲਟੀਗਰੇਨ ਆਟਾ
10lb
9.99 ea

US #1 SPINACH
ਪਾਲਕ
Bunch
1.79 ea

ROASTY TOASTY SNACKS
ਰੋਸਟੀ ਟੋਸਟੀ ਨਮਕੀਨ
Asst., 150g
1.49 ea

ROYAL 6-COMPARTMENT PARTY TRAYS
ਰੋਯਲ ਪਾਰਟੀ ਪਲੇਟ
40 pack
6.99 ea

MERI CHAI TEA
ਮੇਰੀ ਚਾਹ
216's
5.99 ea

BROWN SUGAR
ਭੂਰੀ ਖੰਡ
8lb
6.99 ea

AMBROSIA APPLES
ਐਮਬਰੋਜ਼ਾ ਸੇਬ
99¢ /lb

BRAR'S PANEER
ਬਰਾੜਸ ਪਨੀਰ
375g
4.99 ea

ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea

PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
6.99 ea

VERKA DESI GHEE
ਵੇਰਕਾ ਦੇਸੀ ਘਿਉ
3kg
41.99 ea

PEELED GARLIC
ਲਸਣ
5lb Jar
13.99 ea

PUNJABI BY NATURE MILK RUSK
ਪੰਜਾਬੀ ਬਾਈ ਨੇਚਰ ਮਿਲਕ ਰੱਸਕ
600g
4.99 ea

FRESH ZUCCHINI
ਤੋਰੀ
79¢ /lb

US #1 POTATOES
ਆਲੂ
10lb
3.99 ea

BC GALA APPLES
ਬੀ.ਸੀ. ਗੈਲਾ ਸੇਬ
88¢ /lb

BC GREEN CABBAGE
ਪੱਤ ਗੋਭੀ
69¢ /lb

PROUDLY CANADIAN • PROUDLY PUNJABI!

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. December 20, 2024 - Wed. December 25, 2024

MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com

| | |
|---|---|
| NEWTON STORE: #106 - 12568 72nd Ave., Surrey | 604-590-2400 |
| NEWTON 80th AVENUE: 13208 80th Ave., Surrey | 778-565-7880 |
| NEWTON EXCHANGE: 101-13753 72 Ave., Surrey | 604-581-2400 |
| NEWTON EAST: 15299 68th Ave., Surrey | 604-598-8006 |
| ABBOTSFORD: 31831 S. Fraser Way, Abbotsford | 604-864-9193 |
| KELOWNA: 284 Hwy 33W, Kelowna | 778-753-2800 |
| BURNABY: 7565 6th Street, Burnaby | 604-553-6603 |
| RICHMOND: 9371 No 5 Rd, Richmond | 604-285-2400 |
| NEWTON 64 AVE: 140- 6350 120 st, Surrey | 778-565-1266 |
| LANGLEY: #50 – 20150 Langley Bypass, Langley | 604-427-3912 |
| ABBOTSFORD: 2777 Gladwin Road, Abbotsford | 604-744-2077 |